
# ਨਿਰੋਲ ਗਲਪ ਨੂੰ ਸਮਰਪਤ

# ਸੁਰ ਸਾਂਝ

*ਮਈ 2005, ਮੁੱਲ-15 ਰੁਪਏ*



**ਮਨੋਵਿਗਿਆਨ ਅਤੇ ਪੰਜਾਬੀ ਕਹਾਣੀ (ਆਲੋਚਨਾ)**
**ਡਾ. ਜਸਵਿੰਦਰ ਕੌਰ ਬਿੰਦਰਾ**

ਡਾ. ਜਸਵਿੰਦਰ ਕੌਰ ਬਿੰਦਰਾ ਨੇ ਪੰਜਾਬੀ ਦੇ ਉਘੇ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਨੂੰ ਅਧਿਐਨ ਦਾ ਵਿਸ਼ਾ ਬਣਾ ਕੇ ਇਸਤਰੀ ਮਨ ਦੀਆਂ ਗੁੰਝਲਾਂ ਨੂੰ, ਸਮਾਜਕ ਨੇਮਾਂ ਅਨੁਸਾਰ ਇਸਤਰੀ-ਮਰਦ ਦੇ ਵਰਜਿਤ ਰਿਸ਼ਤਿਆਂ ਦੀ ਸਾਰਥਕਤਾ ਅਤੇ ਇਹਨਾਂ ਤੋਂ ਪੈਦਾ ਹੋਣ ਵਾਲੇ ਤ੍ਰਾਸਦਿਕ ਨਤੀਜਿਆਂ ਨੂੰ ਜੇ ਉਜਾਗਰ ਕੀਤਾ ਹੈ ਤਾਂ ਨਾਲ ਹੀ ਦਲਿਤ ਵਰਗ ਦੀ ਮਾਨਸਿਕਤਾ ਵਿੱਚ ਹੋ ਰਹੀ ਉਥਲ ਪੁਥਲ ਅਤੇ ਇਸਦੇ ਪਿਛੇ ਕਾਰਜਸ਼ੀਲ ਨਵੀਂ ਸਿਧਾਂਤਕ ਚੇਤਨਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਪੁਸਤਕ ਦੇ ਛੇਵੇਂ ਤੇ ਆਖਰੀ ਅਧਿਆਇ ਵਿੱਚ ਅਜੋਕੀ ਪਦਾਰਥਕ-ਮੋਹ ਦੇ ਸ਼ਿਕੰਜੇ ਵਿੱਚ ਜਕੜੀ ਮਨੁੱਖਤਾ ਦੀਆਂ ਮਾਨਵੀ ਕਦਰਾਂ-ਕੀਮਤਾਂ ਉੱਤੇ ਢਿੱਲੀ ਪੈਂਦੀ ਜਾਂਦੀ ਪਕੜ ਮਾਨਵੀ ਰਿਸ਼ਤਿਆਂ ਵਿੱਚ ਆਈਆਂ ਤੇ ਆ ਰਹੀਆਂ ਤ੍ਰੇੜਾਂ ਦੀ ਝਲਕ ਦਿਖਾਈ ਗਈ ਹੈ।

**- ਡਾ. ਕਰਨਜੀਤ ਸਿੰਘ**

**ਮੁੱਲ 160 ਰੁਪਏ**
**ਲੋਕ ਗੀਤ ਪ੍ਰਕਾਸ਼ਨ**

**ਬਾਕੀ ਦਾ ਦਰਦ (ਕਹਾਣੀਆਂ)**
**ਦਵਿੰਦਰ ਮੰਡ**

ਦਵਿੰਦਰ ਮੰਡ ਨੇ ਪੰਜਾਬੀ ਸਾਹਿਤ ਵਿੱਚ ਬਹੁਤ ਛੇਤੀ ਆਪਣੀ ਪਛਾਣ ਬਣਾਈ ਹੈ, ਸਿਰਫ਼ ਆਪਣੀ ਲੇਖਣੀ ਦੇ ਸਿਰ 'ਤੇ ਮੰਡ ਕੋਲ ਬਾਰੀਕ ਬੁੱਧੀ ਅਤੇ ਢੇਰਾਂ ਦੇ ਢੇਰ ਵਿਸ਼ੇ ਹਨ। 'ਨਾਗਮਣੀ' 'ਚ ਨਿਰੰਤਰ ਛਪਣ ਵਾਲੇ ਇਸ ਲੇਖਕ ਕੋਲ ਸਹਿਜ ਅਤੇ ਬੇਲੋੜੇ ਵਿਸਥਾਰ ਤੋਂ ਬਚਣ ਦੀ ਕਲਾਤਮਿਕ ਜੁਗਤ ਵੀ ਹੈ। ਉਸ ਦੀ ਕਹਾਣੀ ਦੀ ਮੁੱਖ ਵਿਸ਼ੇਸ਼ਤਾ ਉਸਦਾ ਨਿੱਕੀ ਕਹਾਣੀ ਦੇ ਮਜਾਜ ਤੋਂ ਪਰਿਚਿਤ ਹੋਣਾ ਹੈ। ਰੂਪ ਰਚਨਾ ਪੱਖੋਂ ਉਸ ਦੀ ਕਹਾਣੀ ਬੜੀ ਨਾਟਕੀ, ਸੁਗਠਿਤ ਅਤੇ ਛੋਹਲੀ ਹੁੰਦੀ ਹੈ। ਉਸਦੀ ਕਹਾਣੀ ਕਲਾ ਦਾ ਇਕ ਚਮਤਕਾਰੀ, ਪ੍ਰਭਾਵਕਾਰੀ ਪੱਖ ਨੈਗੇਟਿਵ ਵਿਚੋਂ ਕੁਝ ਵੇਰਵਾ ਚੁੱਕ ਕੇ ਉਸ ਨੂੰ ਕੇਂਦਰੀ ਮੈਟਾਫ਼ਰ ਵਜੋਂ ਰੂਪਮਾਨ ਕਰ ਦੇਣਾ ਹੈ। ਉਸ ਨੇ ਬਿਨਾਂ ਕਿਸੇ ਰਸਮੀ ਸ਼ਿਸ਼ਟਾਚਾਰ ਦੇ ਭਾਵ-ਭੰਗਿਮ ਅਪਣਾਇਆਂ ਸੱਚੋ ਸੱਚ ਕਹਿਣ ਦੀ ਕੋਸ਼ਿਸ਼ ਕੀਤੀ ਹੈ।

**-ਪ੍ਰਕਾਸ਼ਕ**

**ਮੁੱਲ 85 ਰੁਪਏ**
**ਕੁਕਨੁਸ ਪ੍ਰਕਾਸ਼ਨ**

'ਮੈਂ ਸ਼ੈਤਾਨ 'ਤੇ ਇੰਦੂਮਣੀ'
ਤੋਂ ਬਾਅਦ
ਭਗਵੰਤ ਰਸੂਲਪੁਰੀ
ਦਾ ਛਪ ਰਿਹਾ ਨਵਾਂ
ਕਹਾਣੀ ਸੰਗ੍ਰਹਿ
ਤੀਜਾ ਨੇਤਰ

'ਕੱਥ ਕਾਲੀ'
ਤੋਂ ਬਾਅਦ
ਦੇਸ ਰਾਜ ਕਾਲੀ
ਦਾ ਛਪ ਰਿਹਾ ਨਵਾਂ
ਕਹਾਣੀ ਸੰਗ੍ਰਹਿ
ਫ਼ਕੀਰੀ

ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ

*ਨਿਰੋਲ ਗਲਪ ਨੂੰ ਸਮਰਪਤ*

# ਸੁਰ ਸਾਂਝ

ਸਾਲ-7 ਅੰਕ -5 ਮਈ, 2005

ਮੁੱਲ 15 ਰੁਪਏ, ਸਾਲਾਨਾ 180
ਡਾਲਰ-20, ਪੌਂਡ- 15

ਮੁੱਖ ਸੰਪਾਦਕ
ਭਗਵੰਤ ਰਸੂਲਪੁਰੀ

ਸਲਾਹਕਾਰ
ਸੁਰਜੀਤ ਸੁਮਨ (ਆਨ.)
98144-30874
ਕਾਨੂੰਨੀ ਸਲਾਹਕਾਰ (ਆਨ.)
ਕਰਮ ਸਿੰਘ ਵਕੀਲ
98143-44446
ਮੈਨੇਜਰ
ਸੁਖਵਿੰਦਰ ਕੁਮਾਰ ਆਹੀਰ

ਰਚਨਾਵਾ ਦੇ ਚੰਦੇ ਭੇਜਣ ਦਾ ਪਤਾ
**Editor**
**SUR SANJH**
**Vill.-Dharampur,**
**P.O.- Khamber**
**Distt. Jalandhar-144026**
**PUNJAB**
**Ph. 0181-2791238**
**Mob.-9417064350**

**Creative Multymedia,**
**Near Octory No.11,**
**T. V. Tower, Jalandhar**

ਤਰਤੀਬ

*ਕਹਾਣੀਆਂ*
1. ਝੁਮਕੇ (ਮਨਮੋਹਨ ਬਾਵਾ)..................3
2. ਨਾਚ ਦੇ ਬਾਹਰ (ਹਿੰਦੀ) ਗੌਰੀ ਨਾਥ.....13
*ਆਲੋਚਨਾ ਲੇਖ*
1. ਮਨੋਵਿਗਿਆਨ ਅਤੇ ਪੰਜਾਬੀ ਕਹਾਣੀ
ਚੇਤੰਨ ਹੁੰਦੇ ਦਲਿਤ
(ਡਾ. ਜਸਵਿੰਦਰ ਕੌਰ ਬਿੰਦਰਾ)..........28
*ਮੈਂ ਸ਼ੈਤਾਨ ਤੇ ਇੰਦੂਮਣੀ*
*ਕਿਤਾਬ ਤੇ ਵਿਚਾਰ ਚਰਚਾ*
ਪੇਪਰ
ਡਾ. ਸੁਖਵਿੰਦਰ ਸਿੰਘ ਰੰਧਾਵਾ.........44
ਡਾ. ਸੁਖਪਾਲ ਸਿੰਘ ਥਿੰਦ..............49
*ਚਰਚਾ ਵਿੱਚ ਭਾਗ ਲੈਣ ਵਾਲੇ...........44*
ਹਰਵਿੰਦਰ ਭੰਡਾਲ
ਪ੍ਰੇਮ ਪ੍ਰਕਾਸ਼
ਦੇਸ ਰਾਜ ਕਾਲੀ
ਤਸਕੀਨ
ਮੋਹਨ ਲਾਲ ਫਿਲੌਰੀਆ
ਗਿਆਨ ਸਿੰਘ ਬੱਲ
ਅਤਰਜੀਤ

*ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਭਗਵੰਤ ਰਸੂਲਪੁਰੀ ਨੇ ਰਚਨਾ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫ਼ਤਰ 'ਸੁਰ ਸਾਂਝ' ਪਿੰਡ ਧਰਮ ਪੁਰ, ਡਾਕ.-ਖਾਂਬਰਾ , ਜ਼ਿਲ੍ਹਾਂ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।*
*ਮੁੱਖ ਸੰਪਾਦਕ ਭਗਵੰਤ ਰਸੂਲਪੁਰੀ*



ਸੰਪਾਦਕੀ

## ਨਿਰੋਲ ਗਲਪ ਨੂੰ ਸਮਰਪਤ 'ਸੁਰ ਸਾਂਝ'

ਮਾਸਿਕ 'ਸੁਰ ਸਾਂਝ' ਭਾਵੇਂ ਕਿ ਪਿਛਲੇ 6 ਸਾਲਾਂ ਤੋਂ ਪ੍ਰਕਾਸ਼ਤ ਹੋ ਰਿਹਾ ਹੈ ਪਰ ਇਸ ਅੰਕ ਤੋਂ ਪਰਚੇ ਦੇ ਮੈਟਰ 'ਚ ਅਸੀਂ ਭਾਰੀ ਤਬਦੀਲੀ ਕਰਕੇ ਇਸ ਨੂੰ ਨਿਰੋਲ ਗਲਪ 'ਤੇ ਸਮਰਪਤ ਕਰ ਰਹੇ ਹਾਂ। ਇਹ ਨਿਰਣਾ ਅਸੀਂ ਕਾਫੀ ਸੋਚ ਸਮਝ ਕੇ ਲਿਆ ਹੈ। ਇਹ ਮੈਗਜ਼ੀਨ ਕਹਾਣੀ-ਨਾਵਲ ਤੇ ਹੀ ਕੇਂਦਰਤ ਹੋਵੇਗਾ। ਗਲਪ 'ਤੇ ਕੇਂਦਰਤ ਕਰਕੇ ਭਾਵੇਂ ਸਾਨੂੰ ਆਰਥਿਕ ਤੌਰ ਤੇ ਕਾਫੀ ਸੱਟ ਵੱਜੇਗੀ ਪ੍ਰੰਤੂ ਇਸ ਨਾਲ ਅਸੀਂ ਪਾਠਕਾਂ ਨੂੰ ਗਲਪ ਨਾਲ ਜੋੜਨ ਦਾ ਕਾਰਜ ਕਰ ਸਕਾਗੇ। ਇਸ ਨਾਲ ਆਮ ਆਮ ਪਾਠਕਾਂ ਨੂੰ ਸਾਹਿਤ ਨਾਲ ਜੋੜਨ ਵਾਲੀ ਪ੍ਰੰਪਰਾ ਨੂੰ ਮਜਬੂਤੀ ਮਿਲੇਗੀ।

ਅੱਜ ਦੇ ਸਮੇਂ ਵਿੱਚ ਕਹਾਣੀ ਤੇ ਨਾਵਲ ਦੇ ਸਭ ਤੋਂ ਵੱਧ ਪਾਠਕ ਹਨ। ਇਸ ਵਿਧਾ ਦੇ ਪਾਠਕਾਂ ਦਾ ਘੇਰਾ ਬਾਕੀ ਵਿਧਾਵਾਂ ਨਾਲੋਂ ਵੱਡਾ ਹੈ। ਕਿਉਂਕਿ ਨਾਵਲ ਕਹਾਣੀ ਵਿਚ ਮਨੁੱਖੀ ਸਮਾਜ ਦਾ ਬਹੁ-ਪੱਖੀ ਚਿੱਤਰ ਵੱਖਰੇ-ਵੱਖਰੇ ਕੋਣਾ ਤੋਂ ਕੀਤਾ ਮਿਲਦਾ ਹੈ। ਇਸੇ ਕਰਕੇ ਸੰਸਾਰ ਪੱਧਰ ਤੇ ਪ੍ਰਕਾਸ਼ਕ ਹੋ ਰਹੇ ਨਾਵਲਾ ਨੂੰ ਉਨ੍ਹਾਂ ਦੇ ਪ੍ਰਕਾਸ਼ਕ ਬੜੀ ਯੋਜਨਾ ਨਾਲ ਹਰ ਪਾਠਕ ਤੱਕ ਪਹੁੰਚਾਣ ਲਈ, ਉਨ੍ਹਾਂ ਨੂੰ ਪਰਮੋਟ ਕਰਨ ਲਈ ਕਈ ਕਿਸਮ ਦੀ ਪ੍ਰਮੋਸ਼ਨ ਕਰਦੇ ਹਨ।

ਪੰਜਾਬੀ ਕਹਾਣੀ ਨੇ ਪਿਛਲੇ ਦਹਾਕੇ ਵਿੱਚ ਬਹੁਤ ਵਿਕਾਸ ਕੀਤਾ ਹੈ। ਪੰਜਾਬ ਸੰਕਟ ਤੋਂ ਬਾਅਦ ਇਕ ਖਾਸ ਕਿਸਮ ਦੀ ਕਹਾਣੀ ਦੀ ਧਾਰਾ ਦਾ ਵਿਕਾਸ ਹੋਇਆ ਜਿਸ ਨੂੰ ਅਸੀਂ ਮਾਨਵੀ ਗੁੰਝਲਾ ਦੇ ਪ੍ਰਗਟਾ ਦੀ ਧਾਰਾ ਵੀ ਕਹਿ ਸਕਦੇ ਹਾਂ। ਪੰਜਾਬ ਸੰਕਟ ਸਮੇਂ ਇਕ ਵਕਤੀ ਦੌਰ ਦੀ ਕਹਾਣੀ 'ਚ ਉਭਰੀ ਧਾਰਾ ਦਾ ਭੋਗ ਪੈ ਗਿਆ, ਜੋ ਇਕ ਖਾਸ ਕਿਸਮ ਦੇ ਫਾਰਮੂਲੇ ਨਾਲ ਅਤੇ ਖਾਸ ਕਿਸਮ ਦੀ ਤਕਨੀਕ ਨਾਲ ਜਿਹਨੂੰ 'ਬਹੁਪਰਤੀ', 'ਗੁੰਦਵੀ' ,'ਇਕ ਵੀ ਸ਼ਬਦ ਫਾਲਤੂ ਨਹੀਂ ', 'ਮਾਅਰਕੇ ਵਾਲੀ' ਵਰਗੇ ਵਿਸ਼ੇਸ਼ਣਾ ਨਾਲ ਪ੍ਰਚਾਰਿਆ ਗਿਆ ਉਹ ਕਹਾਣੀ ਦਾ ਮਾਡਲ, ਹੁਣ ਕਿਓ ਹਾਸ਼ੀਏ ਤੇ ਚਲੇ ਗਿਆ ਹੈ ਤੇ 'ਮਾਨਵੀ ਗੰਢਾਂ' , 'ਮਨੁੱਖੀ ਸੰਬੰਧਾਂ' , 'ਵਰਜਿਤ ਰਿਸ਼ਤਿਆ ਦੀ ਟੁੱਟ ਭੱਜ' ਦੀ ਕਹਾਣੀ-ਧਾਰਾ ਕਿਉਂ ਮੁੱਖ ਧਾਰਾ ਵਿਚ ਆ ਗਈ ਹੈ। ਇਸ ਬਾਰੇ ਠੰਡੇ ਦਿਮਾਗ਼ ਨਾਲ ਪੜਚੋਲ ਕਰਨ ਦੀ ਲੋੜ ਹੈ, ਨਾ ਕਿ 'ਤੱਤ ਭੜੱਤ' 'ਜਟਕੇ ਫਾਰਮੂਲੇ' ਨਾਲ ਫਤਵੇ ਦੇਣ ਦੀ ਲੋੜ ਹੈ। ਪੰਜਾਬੀ ਗਲਪ ਵਿੱਚ ਖਾਸ ਕਰਕੇ ਕਹਾਣੀ ਵਿਚ ' ਪੂਛ ਮਾਰਕਾ ' ਆਲੋਚਨਾ ਨੂੰ ਵੀ ਅੱਜ ਦੇ ਸਮੇਂ ਵਿਚ ਸੰਵਾਦ ਦਾ ਮੁੱਦਾ ਬਣਾਉਣ ਦੀ ਲੋੜ ਹੈ।

ਖ਼ੈਰ ਅਸੀਂ ਜਲਦੀ ਹੀ ਸੁਰ ਸਾਂਝ ਦਾ ਸੰਪਾਦਕੀ ਬੋਰਡ ਬਣਾ ਰਹੇ ਹਾਂ ਇਸ 'ਚ ਵੱਖ ਵੱਖ ਕਾਰਜਾ ਦੀ ਵੰਡ ਕਰਕੇ ਪਰਚੇ ਨੂੰ ਯੋਜਨਾ ਬਧ ਤਰੀਕੇ ਨਾਲ ਪਾਠਕਾਂ ਲੇਖਕਾਂ ਦੇ ਰੂ ਬ ਰੂ ਕਰਿਆ ਕਰਾਗੇ।


ਪਰਚੇ ਦੀ ਪਿੱਠ ਤੇ ਕੇਵਲ ਪਾਠਕਾਂ ਦਾ ਹੱਥ ਹੈ।

- ਭਗਵੰਤ ਰਸੂਲਪੁਰੀ

*ਕਹਾਣੀ*

# *ਝੁਮਕੇ*

**ਮਨਮੋਹਨ ਬਾਵਾ**



ਜਗਤਾਰ ਨੇ ਅੱਖ ਖੋਲ੍ਹੀ ਤਾਂ ਵੇਖਿਆ ਰਾਤ ਕਾਫ਼ੀ ਪੈ ਚੁੱਕੀ ਸੀ। ਚਾਰੇ ਪਾਸੇ ਬਿਲਕੁਲ ਚੁਪ, ਕਦੇ ਕਦੇ ਕਿਸੇ ਜੰਗਲੀ ਜਾਨਵਰ ਦੀ ਤਿੱਖੀ ਅਵਾਜ਼ ਰਾਤ ਦੇ ਹਨੇਰੇ ਨੂੰ ਚੀਰਦੀ ਹੋਈ ਨਿਕਲ ਜਾਂਦੀ। ਬਾਂਸ ਨਾਲ ਟੰਗੀ ਲਾਲਟੈਨ ਦੀ ਮੱਧਮ-ਮੱਧਮ ਰੋਸ਼ਨੀ ਝੌਂਪੜੀ ਵਿਚ ਚਾਰੇ ਪਾਸੇ ਖਿਲਰੀ ਹੋਈ ਸੀ। ਜਗਤਾਰ ਨੇ ਖੇਸੀ ਥੱਲਿਓਂ ਆਪਣਾ ਹੱਥ ਕੱਢ ਕੇ ਆਪਣੀ ਬਾਂਹ ਅਤੇ ਆਪਣੇ ਮੱਥੇ ਨੂੰ ਛੋਹਿਆ ਤੇ ਫੇਰ ਸੁਖ ਦਾ ਸਾਹ ਲੈਂਦੇ ਹੋਏ ਮਨ ਹੀ ਮਨ ਵਿਚ ਆਖਿਆ, ''ਹੇ ਵਾਹੇ ਗੁਰੂ ! ਕਿੰਨਾ ਸਖ਼ਤ ਬੁਖ਼ਾਰ ਸੀ....।''

ਫੇਰ ਉਸ ਨੂੰ ਕੁਝ ਯਾਦ ਆਇਆ ਤੇ ਉਹ ਸਿਰ ਉੱਚਾ ਕਰ ਕੇ ਇਧਰ-ਉਧਰ ਵੇਖਣ ਲੱਗਾ। ਇਕ ਪਾਸੇ ਭੁੰਜੇ ਇਕ ਜੁੱਲੀ ਜਿਹੀ 'ਚ ਗੁੱਛਾ-ਮੁੱਛਾ ਹੋਈ ਇਕ ਤੀਵੀਂ ਨੂੰ ਵੇਖ ਕੇ ਉਸ ਦੇ ਘਬਰਾਏ ਚਿਹਰੇ ਤੇ ਸ਼ਾਂਤੀ ਪਸਰ ਗਈ।

ਉਸ ਨੂੰ ਯਾਦ ਆਇਆ ਕਿ ਕਈ ਦਿਨਾਂ ਤੋਂ ਉਸ ਨੇ ਕੁਝ ਨਹੀਂ ਖਾਧਾ। ਮੱਕੀ ਦੇ ਦਾਣੇ ਸਨ, ਉਹਨਾਂ ਨੂੰ ਮੁੱਕਿਆਂ ਦੋ ਤਿੰਨ ਦਿਨ ਹੋ ਗਏ ਸਨ। ਇਕ ਗਾਂ ਸੀ, ਉਸ ਨੂੰ ਚਿਤਰਾ ਚੁਕ ਕੇ ਲੈ ਗਿਆ। ਹੁਣ ਬਸ ਇਕ ਬੱਕਰੀ ਰਹਿ ਗਈ ਸੀ।



ਉਹ ਦੱਬੇ ਪੈਰੀਂ ਉੱਠਿਆ। ਬੰਦੂਕ ਵਿਚ ਕਾਰਤੂਸ ਭਰੇ ਤੇ ਦੂਜੇ ਹੱਥ ਵਿਚ ਟਾਰਚ ਚੁੱਕ ਕੇ ਬਾਹਰ ਨਿਕਲ ਗਿਆ। ਉਸ ਦੇ ਛੱਪਰ ਤੋਂ ਥੋੜ੍ਹੀ ਹੀ ਦੂਰ ਇਕ ਹਿਰਨਾਂ ਦੀ ਡਾਰ ਘਾਹ ਚਰ ਰਹੀ ਸੀ। ਜਗਤਾਰ ਹੌਲੀ ਹੌਲੀ ਪੈਰ ਚੁੱਕਦਾ ਅੱਗੇ ਵਧਿਆ। ਬੁਖ਼ਾਰ ਦੀ ਕਮਜ਼ੋਰੀ ਨਾਲ ਹਾਲੇ ਵੀ ਉਸ ਦੇ ਹੱਥ ਕੰਬ ਰਹੇ ਸਨ। ਉਸ ਨੇ ਇਕ ਦਰਖਤ ਦਾ ਸਹਾਰਾ ਲਿਆ, ਇਕ ਹੱਥ ਨਾਲ ਟਾਰਚ ਦੀ ਲਾਈਟ ਮਾਰੀ ਤੇ ਬੰਦੂਕ ਦਾ ਘੋੜਾ ਦਬਾ ਦਿੱਤਾ। ਗੋਲੀ ਦੀ ਅਵਾਜ਼ ਨਾਲ ਸਾਰਾ ਜੰਗਲ ਗੂੰਜ ਉਠਿਆ। ਹਿਰਨ ਛਾਲਾਂ ਮਾਰਦੇ ਦਰਖਤਾਂ ਦੇ ਝੁੰਡ ਵਿਚ ਅਲੋਪ ਹੋ ਗਏ। ਸਾਹਮਣੇ ਖਾਲੀ ਮੈਦਾਨ.....। ਜਗਤਾਰ ਮਾਯੂਸੀ ਤੇ ਕਮਜ਼ੋਰੀ ਕਾਰਨ ਉਥੇ ਹੀ ਗੋਡਿਆਂ ਭਰਨੇ ਬੈਠ ਗਿਆ।

ਪੱਤਿਆਂ ਤੇ ਪੈਰਾਂ ਦੀ ਅਵਾਜ਼ ਸੁਣ ਕੇ ਜਗਤਾਰ ਨੇ ਟਾਰਚ ਮਾਰੀ ਤੇ ਬੋਲਿਆ, ''ਕੌਣ?''

''ਮੈਂ, ਰਜ਼ੀਆ'' ਅਵਾਜ਼ ਆਈ।

ਰਜ਼ੀਆ ਨੇ ਕੋਲ ਆ ਕੇ ਉਸ ਨੂੰ ਬਾਂਹ ਦਾ ਸਹਾਰਾ ਦੇ ਕੇ ਖੜ੍ਹਾ ਕੀਤਾ ਤੇ ਪੁੱਛਿਆ, ''ਕੁੱਝ ਹੋਇਆ?''

''ਪਤਾ ਨਹੀਂ, ਸ਼ਾਇਦ ਫ਼ਾਇਰ ਖਾਲੀ ਗਿਆ।''

ਰਜ਼ੀਆ ਉਸ ਨੂੰ ਸਹਾਰਾ ਦੇਂਦੀ ਹੋਈ ਛਪਰੀ ਅੰਦਰ ਲੈ ਆਈ ਅਤੇ ਲੱਕੜਾਂ ਬਾਲ ਕੇ ਦੁੱਧ ਗਰਮ ਕਰਨ ਲੱਗੀ। ਰਜ਼ੀਆ ਦਾ ਰੰਗ ਜ਼ਰਾ ਕੁ ਪੱਕਾ ਤੇ ਚਿਹਰੇ ਤੇ ਇੱਕਾ ਦੁੱਕਾ ਮਾਤਾ ਦੇ ਦਾਗ਼ ਸਨ। ਅੱਖਾਂ ਮੋਟੀਆਂ, ਨੱਕ ਤਿੱਖਾ, ਬੁੱਲ੍ਹ ਪਤਲੇ ਤੇ ਸਰੀਰ ਲੰਮਾ ਅਤੇ ਇਕਹਿਰਾ ਸੀ। ਵੀਹਾਂ ਤੋਂ ਵੱਧ ਨਹੀਂ ਸੀ ਲਗਦੀ। ਵੇਖਣ ਵਾਲਾ ਉਸ ਨੂੰ ਹੁਸੀਨ ਤੇ ਬੇਸ਼ਕ ਨਹੀਂ ਸੀ ਕਹਿ ਸਕਦਾ, ਪਰ ਉਸਦੇ ਅੰਗਾਂ ਵਿਚ, ਚਾਲ ਵਿਚ ਤੇ ਅੱਖਾਂ ਵਿਚ ਜੰਗਲ 'ਚ ਰਹਿਣ ਵਾਲੇ ਲੋਕਾਂ ਵਾਲੀ ਖਾਸ ਤਰ੍ਹਾਂ ਦੀ ਖਿੱਚ ਸੀ, ਫ਼ੁਰਤੀਲਾਪਣ ਸੀ।

''ਤੇਰੀ ਸੇਵਾ ਨੇ ਮੈਨੂੰ ਬਚਾ ਲਿਆ'', ਜਗਤਾਰ ਉਸ ਵੱਲ ਵੇਖਦਾ ਹੋਇਆ ਬੋਲਿਆ, ''ਜੇ ਤੂੰ ਨਾ ਹੁੰਦੀ ਤਾਂ ਪਤਾ ਨਹੀਂ ਮੇਰਾ ਕੀ ਹੋਣਾ ਸੀ? ਪਰ-ਪਰ ਮੈਨੂੰ 'ਅਸ਼ਰਫ' ਦਾ ਬੜਾ ਅਫਸੋਸ ਏ....। ਉਹ ਤੇ ਮੇਰੀ ਸੱਜੀ ਬਾਂਹ ਸੀ....।'' ਫੇਰ ਕੁੱਝ ਦੇਰ ਚੁਪ ਰਹਿ ਕੇ ਬੋਲਿਆ, ''ਤਿੰਨ ਚਾਰ ਦਿਨਾਂ ਤਕ ਨਦੀਆਂ ਦਾ ਪਾਣੀ ਉੱਤਰ ਜਾਏਗਾ ਤਾਂ ਮੈਂ ਤੈਨੂੰ ਤੇਰੇ ਘਰ ਛੱਡ ਆਵਾਂਗਾ.....। ਅਸ਼ਰਫ ਦੇ ਪਿੰਡ ਜਾਏਂਗੀ ਕਿ ਆਪਣੇ ਮਾਪਿਆਂ ਦੇ?''

ਰਜ਼ੀਆ ਆਪਣੇ ਗੋਡਿਆਂ ਤੇ ਸਿਰ ਰੱਖੀ ਚੁੱਪ-ਚਾਪ ਬੈਠੀ ਰਹੀ। ਸ਼ਾਇਦ ਰੋ ਰਹੀ ਸੀ।

''ਤੂੰ ਬੋਲਦੀ ਨਹੀਂ?''

ਰਜ਼ੀਆ ਨੇ ਸਿਰ ਉੱਪਰ ਚੁੱਕ ਕੇ ਅੱਖਾਂ ਪੂੰਝੀਆਂ ਤੇ ਬੋਲੀ, ''ਉਸ ਦੇ ਪਿੰਡ ਜਾ ਕੇ ਹੁਣ ਕੀ ਕਰਨਾ?''

''ਤੇਰੇ ਮਾਪਿਆਂ ਦਾ ਪਿੰਡ ਕਿੱਥੇ ਆ?''

ਉਹ ਫੇਰ ਚੁੱਪ ਰਹੀ 'ਪਰ ਸੋਚ ਰਹੀ ਸੀ' ਉਥੇ ਵੀ ਮੇਰਾ ਕੌਣ ਏ? ਮਤਰਈ ਮਾਂ? ਕਿਸੇ ਬੁੱਢੇ ਕੋਲ ਵੇਚ ਕੇ ਪੈਸੇ ਖਰੇ ਕਰ ਲਵੇਗੀ....।'

''ਤੂੰ ਬੋਲਦੀ ਨਹੀਂ? ਏਨੇ ਦਿਨ ਤੋਂ ਕੁਝ ਵੀ ਤੇ ਨਹੀਂ ਬੋਲੀ?''

''ਕੀ ਬੋਲਾਂ?'' ਉਸ ਨੇ ਪ੍ਰਸ਼ਨ ਭਰੀਆਂ ਅੱਖਾਂ ਨਾਲ ਜਗਤਾਰ ਵੱਲ ਤੱਕਿਆ।

''ਇਹ ਵੀ ਕੀ ਇਤਫਾਕ ਏ,'' ਜਗਤਾਰ ਦੇ ਮਨ ਵਿਚ ਪ੍ਰਸ਼ਨ ਜਿਹਾ ਉੱਠਿਆ ''ਮਲੇਰੀਆ ਅਸਾਂ ਦੋਹਾਂ ਨੂੰ ਹੋਇਆ: ਪਰ ਓਹ ਮਰ ਗਿਆ, ਮੈਂ ਬਚ ਗਿਆ.....।'' ਤੇ ਉਸ ਨੂੰ ਸਮਝ ਨਾ ਆਇਆ ਕਿ ਅੱਗਿਓਂ ਰਜ਼ੀਆ ਨੂੰ ਕੀ ਆਖੇ।

''ਤੁਸੀਂ ਬਿਲਕੁਲ ਇਕੱਲੇ ਹੋ ਤੇ ਹਾਲੇ ਬੁਖਾਰ ਦਾ ਖਤਰਾ ਵੀ ਪੂਰੀ ਤਰ੍ਹਾਂ ਨਹੀਂ ਟਲਿਆ। ਤੁਹਾਡੀ ਘਰ ਵਾਲੀ ਆ ਜਾਏ ਤਾਂ ਮੈਂ ਆਪੇ ਚਲੀ ਜਾਵਾਂਗੀ।'' ਤੇ ਉਹ ਗਰਮ ਦੁੱਧ ਗਲਾਸ 'ਚ ਪਾ ਕੇ ਉਸ ਕੋਲ ਆ ਖੜ੍ਹੀ ਹੋਈ।

ਜਗਤਾਰ ਨੇ ਰਜ਼ੀਆ ਵਲ ਤੱਕਿਆ ਤੇ ਉਸ ਦੀਆਂ ਅੱਖਾਂ ਵਿਚ ਅੱਥਰੂ ਵੇਖ ਕੇ ਜਗਤਾਰ ਦਾ ਦਿਲ ਉਸ ਲਈ ਹਮਦਰਦੀ ਨਾਲ ਭਰ ਆਇਆ। ਉਸ ਦਾ ਜੀਅ ਕੀਤਾ ਕਿ ਉਹ ਉਸ ਨੂੰ ਆਪਣੇ ਮੰਜੇ 'ਤੇ ਬਠਾਏ, ਉਸ ਦੇ ਅੱਥਰੂ ਪੂੰਝੇ, ਉਸ ਨੂੰ ਹੌਸਲਾ ਦੇਵੇ। ਉਂਝ ਪਿਛਲੇ ਕਈ ਸਾਲਾਂ ਤੋਂ ਉਸ ਨੂੰ ਇਸ ਜੰਗਲ ਵਿਚ ਇਕੱਲੇ ਰਹਿਣ ਦੀ ਆਦਤ ਹੋ ਗਈ ਸੀ। ਪਰ ਅੱਜ ਉਹ ਆਪਣੇ ਆਪ ਨੂੰ ਬਹੁਤ ਇਕੱਲਾ ਤੇ ਬੇ-ਸਹਾਏ ਅਨੁਭਵ ਕਰ ਰਿਹਾ ਸੀ। ਉਹ ਆਪ ਵੀ ਇਹੀ ਚਾਹੁੰਦਾ ਸੀ ਕਿ ਰਜ਼ੀਆ ਇਥੇ ਹੀ ਰਹੇ, ਪਰ ਉਹ ਉਸ ਨੂੰ ਕਿਸੇ ਤਰ੍ਹਾਂ ਮਜਬੂਰ ਵੀ ਨਹੀਂ ਸੀ ਕਰਨਾ ਚਾਹੁੰਦਾ। ਰਜ਼ੀਆ ਦਾ ਉਸ ਉੱਤੇ ਬਹੁਤ ਵੱਡਾ ਅਹਿਸਾਨ ਸੀ।

''ਚੰਗਾ, ਹੁਣ ਸੌਂ ਜਾ। ਕਲ੍ਹ ਵੇਖਾਂਗੇ।'' ਜਗਤਾਰ ਨੇ ਆਖਿਆ। ਮਨ ਹੀ ਮਨ ਉਸ ਨੂੰ ਕੁੱਝ ਤਸੱਲੀ ਵੀ ਹੋਈ।

ਉਹ ਇਹ ਵੀ ਜਾਣਦਾ ਸੀ ਕਿ ਅਮਰੋ ਨੂੰ ਆਉਂਦਿਆਂ ਪਤਾ ਨਹੀਂ ਹੋਰ ਕਿੰਨੇ ਮਹੀਨੇ, ਸਾਲ ਲੱਗ ਜਾਣ। ਇਕ ਵਾਰੀ ਅਮਰੋ ਨੂੰ ਇਥੇ ਲੈ ਕੇ ਵੀ ਆਇਆ ਸੀ। ਏਨੀ ਸਾਰੀ ਜ਼ਮੀਨ ਵੇਖ ਕੇ ਉਹ ਖੁਸ਼ੀ ਨਾਲ ਨੱਚ ਉੱਠੀ ਸੀ। ਉਹ ਅਮਰੋ ਦੇ ਸਾਰੇ ਗਹਿਣੇ ਵੇਚ ਕੇ ਲਖੀਮਪੁਰ ਤੋਂ ਇਕ ਬੋਲਦਾਂ ਦੀ ਜੋੜੀ, ਇਕ ਗੱਡਾ, ਇਕ ਗਾਂ ਤੇ ਇਕ ਨਵੇਂ ਕਿਸਮ ਦਾ ਹੱਲ ਲੈ ਆਇਆ ਸੀ। ਗਾਂ ਵੇਖ ਕੇ ਅਮਰੋ ਬੋਲੀ, ''ਸੱਤ ਅੱਠ ਸਾਲਾਂ ਤਕ ਸਾਡੇ ਪਾਸ ਕਈ ਜੋੜੀਆਂ ਹੋ ਜਾਣਗੀਆਂ। ਸਾਰੀ ਜ਼ਮੀਨ ਵੀ ਅਬਾਦ ਹੋ ਜਾਊ। ਫੇਰ ਅਸੀਂ ਇਹ 'ਨਰਕਟ' ਦੀ ਛਪਰੀ ਦੀ ਥਾਂ ਪੱਕਾ ਮਕਾਨ ਬਣਵਾ ਲਵਾਂਗੇ। ਡੰਗਰਾਂ ਲਈ ਵੱਖਰਾ ਤੇ ਦਾਣਿਆਂ ਲਈ ਵੱਖਰਾ....।''

ਅਮਰੋ ਦੇ ਆਉਣ ਤੋਂ ਕੁਝ ਦਿਨਾਂ ਬਾਅਦ ਹੀ ਉਸ ਦਾ ਛੋਟਾ ਮੁੰਡਾ ਬਿਮਾਰ ਹੋ ਗਿਆ। ਜਗਤਾਰ ਗੱਡਾ ਬੰਨ੍ਹ ਕੇ ਤੁਰ ਪਿਆ। ਸੋਚਿਆ ਸ਼ਹਿਰੋਂ ਦਵਾਈ ਵੀ ਲੈ ਆਊਂ ਤੇ ਦਾਣਾ ਪਾਣੀ ਵੀ। ਅੱਧ ਵਾਟੇ ਜਦ ਇਕ ਪਾਣੀ ਦੇ ਨਾਲੇ ਨੂੰ ਪਾਰ ਕਰਨ ਲੱਗਾ ਤਾਂ ਪਹੀਆ ਵਿਚ ਫਸ ਗਿਆ। ਫੇਰ ਇਕ ਬੌਲਦ ਨਿਕਲ ਕੇ ਨੱਸ ਗਿਆ। ਜਗਤਾਰ ਨੇ ਮੋਢਾ ਦੇ ਕੇ ਗੱਡਾ ਪਾਰ ਕੀਤਾ। ਮੋਢਾ ਲਹੂ-ਲੁਹਾਣ ਹੋ ਗਿਆ। ਫੇਰ ਜੰਗਲ 'ਚੋਂ ਬੌਲਦ ਫੜ ਕੇ ਜੋੜਿਆ। ਪਰ ਜਦੋਂ ਤਕ ਉਹ ਸ਼ਹਿਰੋਂ ਦਵਾਈ ਲੈ ਕੇ ਘਰ ਵਾਪਸ ਪੁੱਜਾ ਤਾਂ ਮੁੰਡਾ ਆਖਰੀ ਸਾਹ ਲੈ ਰਿਹਾ ਸੀ। ਬਥੇਰੀਆਂ ਦਵਾਈਆਂ ਦਿੱਤੀਆਂ ਪਰ ਸਵੇਰ ਹੁੰਦੇ ਤਕ ਖ਼ਤਮ ਹੋ ਗਿਆ।

ਜਿਸ ਜ਼ਮੀਨ ਨੂੰ ਵੇਖ ਕੇ ਅਮਰੋ ਨੱਚ ਉੱਠੀ ਸੀ, ਉਸ ਤੋਂ ਹੁਣ ਉਸ ਨੂੰ ਡਰ ਆਉਣ ਲੱਗਾ ਤੇ ਉਹ ਰੋਂਦੀ ਹੋਈ ਬੋਲੀ,

''ਚਲੋ ਵਾਪਸ ਚੱਲੀਏ। ਇਹ ਜ਼ਮੀਨ ਸਾਨੂੰ ਸਾਰਿਆਂ ਨੂੰ ਖਾ ਜਾਏਗੀ....। ਇਸ ਤੋਂ ਤਾਂ ਪਿੰਡ ਦੀ ਰੁਖੀ-ਮਿੱਸੀ ਚੰਗੀ....।''

''ਤੂੰ ਠੀਕ ਆਹਨੀ ਏਂ ਅਮਰੋ। ਜਾਹ ਤੂੰ ਵੱਡੇ ਨੂੰ ਲੈ ਕੇ ਪਿੰਡ ਚਲੀ ਜਾ.....ਪਰ ਮੈਂ ਹੁਣ ਵਾਪਸ ਨਹੀਂ ਜਾ ਸਕਦਾ.....। ਮੈਂ ਬਹੁਤ ਦੂਰ ਨਿਕਲ ਆਇਆ ਹਾਂ। ਜਦੋਂ ਸਭ ਠੀਕ ਹੋ ਜਾਊ ਤਾਂ ਬੁਲਾ ਲਵਾਂਗਾ।''

-----

ਅੱਜ ਤੋਂ ਕੁਝ ਵਰ੍ਹੇ ਪਹਿਲਾਂ ਜਦ ਉਹ ਆਪਣੇ ਇਕ ਦੋਸਤ ਨਾਲ ਜੇਬ 'ਚ ਪੈਸੇ ਪਾ ਕੇ ਰਾਜਾ ਹਰੀਰਾਜ ਸਿੰਘ ਕੋਲ ਆਇਆ ਸੀ ਤਾਂ ਉਸ ਨੇ ਵੀ ਕਿਹਾ ਸੀ,

''ਸੋਚ ਵਿਚਾਰ ਲਓ। ਸਸਤੀ ਜ਼ਮੀਨ ਵੇਖ ਕੇ ਲਾਲਚ ਵਿਚ ਨਾ ਪਵੋ। ਅੱਵਲ ਤੇ ਕਿਸੇ ਜੰਗਲੀ ਜਾਨਵਰ ਨੇ ਪਾੜ ਖਾਣਾ ਏ। ਜੇ ਉਸ ਤੋਂ ਬਚ ਗਏ ਤਾਂ ਮਲੇਰੀਏ ਨੇ ਨਹੀਂ ਛੱਡਣਾ....ਤੇ ਉਪਰੋਂ ਚੋਰ-ਡਾਕੂ ਵੱਖਰੇ....।''

ਲੋਕਾਂ ਵੀ ਚਿਤਾਵਨੀ ਦਿੱਤੀ, ''ਏਥੇ ਲਸ਼ਕਰਾਂ ਦੇ ਲਸ਼ਕਰ, ਕਬੀਲਿਆਂ ਦੇ ਕਬੀਲੇ ਮਲੇਰੀਏ ਦੀ ਭੇਂਟ ਚੜ੍ਹ ਗਏ ਤੇ ਉਨ੍ਹਾਂ ਦੀਆਂ ਹੱਡੀਆਂ ਇਨ੍ਹਾਂ ਜੰਗਲਾਂ ਦੇ ਦਰਖਤਾਂ ਦੀ ਖਾਦ ਬਣ ਗਈਆਂ....।''

ਪਰ ਜਗਤਾਰ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਉਸ ਸੋਚਿਆ: ਪਿੱਛੇ ਵੀ ਕੀ ਏ? ਪੰਦਰਾਂ ਕਿਲੇ ਜ਼ਮੀਨ ਤੇ ਉਹ ਵੀ ਤਿੰਨ ਭਰਾਵਾਂ 'ਚ ਵੰਡੀ ਗਈ। ਵੱਡੇ ਭਰਾ ਨੇ ਆਖਿਆ ਸੀ, ''ਤੇਰਾ ਕਦ ਕਾਠ ਚੰਗਾ ਏ, ਫੌਜ ਵਿਚ ਭਰਤੀ ਹੋ ਜਾ, ਥੋੜ੍ਹੇ ਹੀ ਦਿਨਾਂ 'ਚ ਕਰਨਲ ਹੋ ਜਾਏਂਗਾ। ਪਰ ਉਹ ਫੌਜ ਵਿਚ ਭਰਤੀ ਨਹੀਂ ਸੀ ਹੋਣਾ ਚਾਹੁੰਦਾ। ਕਾਲਜ ਵਿਚ ਕਮਿਊਨਿਸਟਾਂ ਤੇ ਕਰਾਂਤੀਕਾਰੀਆਂ ਨਾਲ ਦੋਸਤੀ ਹੋ ਗਈ। ਜਲਸਿਆਂ, ਜਲੂਸਾਂ ਵਿਚ ਨਾਰੇ ਲਾਉਂਦਾ ਰਿਹਾ। ਸੈਰ-ਸ਼ਿਕਾਰ ਦਾ ਵੀ ਸ਼ੌਕ। ਫੇਰ ਪਾਸ ਕੀ ਹੋਣਾ ਸੀ। ਦੋ ਸਾਲ ਫੇਲ੍ਹ ਹੁੰਦਾ ਰਿਹਾ। ਤੀਜੇ ਸਾਲ ਘਰ ਵਾਲਿਆਂ ਪੜ੍ਹਾਈ ਛੁੜਾ ਕੇ ਵਿਆਹ ਕਰ ਦਿੱਤਾ।

ਏਥੇ, ਤਰਾਈ ਵਿਚ ਆ ਕੇ ਵੱਸਣ ਦੀ ਸਭ ਤੋਂ ਵੱਡੀ ਖਿਚ ਉਸ ਲਈ ਜੰਗਲ ਦਾ ਖੁੱਲ੍ਹਾਪਣ ਤੇ ਸ਼ਿਕਾਰ ਹੀ ਸੀ। ਓਥੇ ਸਤਲੁਜ ਦੀ ਬੇਟ ਤੇ ਸਾਰਾ ਦਿਨ ਬੰਦੂਕ ਲੈ ਕੇ ਫਿਰਦੇ ਰਹੋ ਤਾਂ ਇਕ ਸਿਹਾ ਵੀ ਮੁਸ਼ਕਲ ਨਾਲ ਮਿਲਦਾ। ਏਥੇ-ਬੂਹਿਓਂ ਬਾਹਰ ਨਿਕਲੋ ਤਾਂ ਹਿਰਨ ਮਾਰ ਲਓ। ਤੇ ਜੋ ਮਜ਼ਾ ਜੰਗਲੀ ਸੂਰ, ਚੀਤੇ ਜਾਂ ਸ਼ੇਰ ਦੇ ਸ਼ਿਕਾਰ ਵਿਚ ਸੀ, ਉਹ ਭਲਾ ਉਸ ਨੂੰ ਹੋਰ ਕਿਥੇ ਮਿਲਣਾ ਸੀ? ਪਰ ਸ਼ਾਇਦ ਇਸ ਤੋਂ ਵੀ ਵੱਡੀ ਖਿੱਚ ਸੀ-ਕਿਸੇ ਨਵੇਂ, ਕਿਸੇ ਵੱਖਰੇ ਰਾਹ ਤੇ ਚੱਲਣ ਦੀ, ਸਾਹਸ ਅਤੇ ਖਤਰਿਆਂ ਭਰਿਆ ਜੀਵਨ ਜਿਉਣ ਦੀ। ਮਨ ਵਿਚ ਕੁਝ ਨਵਾਂ ਕਰਨ ਦਾ ਉਤਸ਼ਾਹ ਸੀ, ਜੋਸ਼ ਸੀ.....।

ਏਥੋਂ ਦੇ ਬਾਰੇ ਲੋਕ ਠੀਕ ਹੀ ਕਹਿੰਦੇ ਸਨ। ਉਸ ਵਾਂਗ ਕਈ ਜੱਟ ਭਰਾ ਪੰਜਾਬ ਤੋਂ ਆਏ ਤੇ ਉਸ ਦੇ



ਵੇਖਦੇ ਹੀ ਵੇਖਦੇ ਕਈ ਪਰਵਾਰ ਮਲੇਰੀਏ ਅਤੇ ਜੰਗਲੀ ਜਾਨਵਰਾਂ ਦੀ ਭੇਂਟ ਚੜ੍ਹ ਗਏ। ਕਈ ਜ਼ਮੀਨ ਛੱਡ ਕੇ ਵਾਪਸ ਚਲੇ ਗਏ ਪਰ ਹੁਣ ਉਹ ਵਾਪਸ ਵੀ ਕਿਸ ਮੂੰਹ ਨਾਲ ਜਾਂਦਾ? ਪਿਛਲੀ ਜ਼ਮੀਨ ਅਤੇ ਵਹੁਟੀ ਦੇ ਗਹਿਣੇ ਵੇਚੇ; ਫੌਜ ਦੀ ਨੌਕਰੀ ਨੂੰ ਲੱਤ ਮਾਰੀ ਤੇ ਇਕ ਮੁੰਡੇ ਦੀ ਬਲੀ ਦਿੱਤੀ....। ਕੀ ਇਹ ਕਾਫੀ ਨਹੀਂ?

ਉਸ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਜੇ ਜੀਉਣਾ ਹੈ ਤਾਂ ਏਥੇ ਹੀ ਤੇ ਜੇ ਮਰਨਾ ਤਾਂ ਵੀ ਏਥੇ ਹੀ.....। ਵਾਪਸ ਨਹੀਂ ਜਾਣਾ.....। ਜਾਂ ਲੱਖ, ਜਾਂ ਕੱਖ !

-----

ਦੂਜੇ ਦਿਨ ਜਗਤਾਰ ਸਵੇਰ-ਸਾਰ ਬੰਦੂਕ ਚੁੱਕ ਕੇ ਜੰਗਲ ਵਲ ਤੁਰ ਪਿਆ। ਰਜ਼ੀਆ ਨੇ ਜਦ ਕੁਝ ਖਾਣ-ਪੀਣ ਲਈ ਕਿਹਾ ਤਾਂ ਬੋਲਿਆ, ''ਅੱਜ ਤੇ ਸ਼ਿਕਾਰ ਕਰ ਕੇ ਹੀ ਖਾਵਾਂਗਾ।'' ਉਂਝ ਵੀ ਉਹ ਜਾਣਦਾ ਸੀ ਕਿ ਘਰ ਵਿਚ ਖਾਣ ਨੂੰ ਕੁਝ ਵੀ ਨਹੀਂ।

''ਮੈਂ ਵੀ ਨਾਲ ਚਲਦੀ ਹਾਂ,'' ਰਜ਼ੀਆ ਬੋਲੀ, ''ਮੈਂ ਇਕੱਲੀ ਏਥੇ ਬੈਠੀ ਕੀ ਕਰਾਂਗੀ।'' ਤੇ ਉਹ ਵੀ ਕਾਰਤੂਸ ਵਾਲਾ ਥੈਲਾ ਚੁੱਕ ਕੇ ਨਾਲ ਤੁਰ ਪਈ।

ਰੁੱਖਾਂ ਦੇ ਪੱਤਿਆਂ ਨੂੰ ਛੋਹੰਦੀ ਰੁਮਕ ਰੁਮਕ ਹਵਾ ਚੱਲ ਰਹੀ ਸੀ। ਕਦੀ ਕੋਈ ਪੰਛੀ ਬੋਲਦਾ ਤਾਂ ਸਾਰਾ ਜੰਗਲ ਜਿਵੇਂ ਖਿੜ ਉੱਠਦਾ। ਜਗਤਾਰ ਨੇ ਇਕ ਲੰਮਾ ਸਾਹ ਭਰਿਆ ਤੇ ਰਜ਼ੀਆ ਵੱਲ ਵੇਖਦੇ ਹੋਏ ਬੋਲਿਆ, ''ਅੱਜ ਬੜਾ ਚੰਗਾ ਤੇ ਤਾਜ਼ਾ ਮਹਿਸੂਸ ਕਰ ਰਿਹਾ ਹਾਂ।''

''ਬੜੇ ਦਿਨਾਂ ਬਾਅਦ ਘਰੋਂ ਨਿਕਲੇ ਹੋ, ਇਸ ਕਰਕੇ।'' ਰਜ਼ੀਆ ਬੋਲੀ।

ਇਕ ਹਿਰਨਾਂ ਅਤੇ ਬਾਰਾਂ ਸਿੰਘਿਆਂ ਦਾ ਝੁੰਡ ਦਿਸ ਪਿਆ। ਇਕ ਵੱਡਾ ਸਾਰਾ ਬਾਰਾ-ਸਿੰਘਾ ਸਿਰ ਚੁੱਕ ਕੇ ਹਵਾ ਸੁੰਘਣ ਲੱਗਾ ਤੇ ਫੇਰ ਅਚਾਨਕ ਸਾਰੇ ਹਿਰਨ ਚੌਕੜੀਆਂ ਭਰਦੇ ਜੰਗਲ ਵੱਲ ਦੌੜ ਪਏ। ਜਗਤਾਰ ਨੇ ਨਿਸ਼ਾਨਾ ਬੰਨ੍ਹ ਕੇ ਘੋੜਾ ਦੱਬਿਆ ਤੇ 'ਠਾਹ' ਦੀ ਅਵਾਜ਼ ਨਾਲ ਇਕ ਹਿਰਨ ਉਥੇ ਹੀ ਢੇਰ ਹੋ ਗਿਆ।

ਜਗਤਾਰ ਨੇ ਸ਼ਿਕਾਰ ਮੋਢੇ ਉੱਤੇ ਚੁੱਕਿਆ। ਬੰਦੂਕ ਰਜ਼ੀਆ ਨੂੰ ਫੜਾਈ ਤੇ ਉਹ ਦੋਵੇਂ ਘਰ ਵੱਲ ਤੁਰ ਪਏ।

ਇਸ ਤੋਂ ਬਾਅਦ ਨਾਂ ਤੇ ਕਦੀ ਰਜ਼ੀਆ ਨੇ ਜਾਣ ਦਾ ਨਾਓਂ ਲਿਆ ਤੇ ਨਾ ਹੀ ਕਦੀ ਜਗਤਾਰ ਨੇ ਜ਼ਿਕਰ ਕੀਤਾ।

-----

ਤਿੰਨ ਚਾਰ ਵਰ੍ਹੇ ਹੋਰ ਬੀਤ ਗਏ। ਜਗਤਾਰ ਨੇ ਅੱਧੀ ਤੋਂ ਵੱਧ ਜ਼ਮੀਨ ਸਾਫ਼ ਕਰ ਕੇ ਅਬਾਦ ਕਰ ਲਈ। ਤੋਰੀਏ ਤੇ ਕਮਾਦ ਲਈ ਇਹ ਧਰਤੀ ਬਹੁਤ ਮਾਫਕ ਸਾਬਤ ਹੋਈ। ਅਸ਼ਰਫ ਦੇ ਮਰਨ ਤੋਂ ਬਾਅਦ ਰਜ਼ੀਆ ਦੇ ਇਕ ਬੱਚਾ ਵੀ ਹੋ ਗਿਆ ਸੀ। ਜਗਤਾਰ ਤੇ ਰਜ਼ੀਆ ਨੂੰ ਲੈ ਕੇ ਲੋਕਾਂ ਵਿਚ ਬੜੇ ਚਰਚੇ ਹੁੰਦੇ ਰਹੇ। ਪਰ ਉਸ ਦੇ ਸਾਹਮਣੇ ਕੋਈ ਕੁਝ ਨਾ ਬੋਲਦਾ। ਇਕ ਤੇ ਜਗਤਾਰ ਦਾ ਦਬਦਬਾ ਬਹੁਤ ਸੀ ਤੇ ਦੂਜਾ ਲੋਕ ਉਸ ਨਾਲ ਆਪਣੇ ਸਬੰਧ ਵਿਗਾੜਨਾ ਨਹੀਂ ਸੀ ਚਾਹੁੰਦੇ। ਕਦੀ ਵੀ ਇਕ ਦੂਜੇ ਦੀ ਲੋੜ ਪੈ ਜਾਂਦੀ। ਸਮਾਂ ਹੀ ਐਸਾ ਸੀ। ਕਦੀ ਹਾਥੀਆਂ ਦੇ ਸਮੂਹ ਨੂੰ ਭਜਾਉਣ ਦੀ ਸਮੱਸਿਆ, ਕਦੀ ਏਥੋਂ ਦੇ ਪੁਰਾਣੇ ਵਸਨੀਕਾਂ ਨਾਲ ਝਗੜੇ। ਤੇ ਹੁਣ ਤਾਂ ਕਈ ਡਾਕੂਆਂ ਦੇ ਜੱਥਿਆਂ ਨੇ ਵੀ ਆਲੇ-ਦੁਆਲੇ ਦੇ ਜੰਗਲਾਂ ਵਿਚ ਆਪਣੇ ਅੱਡੇ ਬਣਾ ਲਏ ਸਨ।

ਉਨ੍ਹੀਂ ਦਿਨੀਂ ਬਸ਼ੀਰੇ ਡਾਕੂ ਦਾ ਬੜਾ ਚਰਚਾ ਸੀ। ਕਦੀ ਉਹ ਸ਼ਹਿਰਾਂ 'ਚ ਡਾਕੇ ਮਾਰ ਕੇ ਇਧਰ ਆ ਲੁਕਦਾ, ਕਦੀ ਪਿੰਡ ਦੇ ਲੋਕਾਂ ਕੋਲੋਂ ਮਾਲ ਵਸੂਲ ਕਰਦਾ। ਪਿੰਡਾਂ ਦੇ ਪੁਰਾਣੇ ਵਸਨੀਕ ਇਸ ਦੇ ਨਾਓਂ ਤੋਂ ਥਰ ਥਰ ਕੰਬਦੇ ਸਨ। ਕਿਸੇ ਪਿੰਡ ਵਿਚ ਵੀ ਜਾ ਕੇ ਮੰਜੇ 'ਤੇ ਬੈਠ ਜਾਂਦਾ ਤੇ ਸਰਪੰਚ ਨੂੰ ਬੁਲਾ ਕੇ ਕਹਿੰਦਾ, ''ਜਾਓ, ਸਾਰਿਆਂ ਤੋਂ 'ਦੋ ਦੋ' ਰੁਪੈ ਵਸੂਲ ਕਰਕੇ ਲਿਆਓ, ਨਹੀਂ ਤੇ ਪਿੰਡ ਨੂੰ ਅੱਗ ਲਾ ਦਿਆਂਗਾ....।'' ਤੇ ਖਾ-ਪੀ ਕੇ ਅਤੇ ਰੁਪਈਆਂ ਦੀ ਪੋਟਲੀ ਸੰਭਾਲਦਾ ਹੋਇਆ ਚਲਾ ਜਾਂਦਾ।

ਬਸ਼ੀਰੇ ਦੀ ਅੱਖ ਕਈ ਦਿਨਾਂ ਤੋਂ ਰਜ਼ੀਆ ਤੇ ਸੀ। ਉਹ ਹੁਣ ਚੰਗਾ ਖਾਂਦੀ-ਪੀਂਦੀ ਤੇ ਹੰਡਾਉਂਦੀ ਸੀ। ਰੰਗ ਰੂਪ ਵੀ ਖੂਬ ਨਿੱਖਰ ਆਇਆ। ਬਸ਼ੀਰਾ, ਜਗਤਾਰ ਸਿੰਘ ਦੇ ਫਾਰਮ ਦੁਆਲੇ ਕਈ ਚੱਕਰ ਲਾ ਚੁੱਕਾ ਸੀ। ਇਕ ਦੋ ਵਾਰ ਖੇਤਾਂ ਵਿਚ ਬਸ਼ੀਰੇ ਤੇ ਰਜ਼ੀਆ ਦਾ ਟਾਕਰਾ ਵੀ ਹੋ ਗਿਆ। ਬਸ਼ੀਰੇ ਨੇ ਕਿਹਾ, ''ਵੇਖ, ਤੂੰ ਮੁਸਲਮਾਨ ਏਂ ਤੇ ਮੈਂ ਵੀ ਮੁਸਲਮਾਨ। ਇਸ 'ਕਾਫ਼ਰ' ਕੋਲ ਕਿਉਂ ਰਹਿਨੀ ਏਂ....। ਤੇ ਜਦ ਇਸ ਦੀ ਆਪਣੀ ਘਰ ਵਾਲੀ ਆ ਗਈ ਤਾਂ ਤੇਰਾ ਕੀ ਹੋਵੇਗਾ.....?'' ਤੇ ਰਜ਼ੀਆ ਬਿਨਾ ਕੋਈ ਜਵਾਬ ਦਿੱਤੇ ਪਰਤ ਆਈ ਸੀ। ਪਰ ਉਸ ਨੇ ਇਸ ਬਾਰੇ ਜਗਤਾਰ ਨੂੰ ਦਸਣਾ ਮੁਨਾਸਬ ਨਹੀਂ ਸਮਝਿਆ।

-----

ਜਗਤਾਰ ਦੇ ਫਾਰਮ ਨਾਲ ਇਕ ਵੱਡਾ ਸਾਰਾ ਤਲਾਅ ਸੀ ਜਿਸ ਦੇ ਅੱਧੇ ਹਿੱਸੇ ਦਾ ਪਟਾ ਇਸ ਨੇ ਆਪਣੇ ਨਾਂ ਕਰਵਾਇਆ ਹੋਇਆ ਸੀ। ਤਲਾਅ ਵਿਚੋਂ ਚਾਹੇ ਕੋਈ ਕਿਸੇ ਪਾਸਿਓਂ ਮੱਛੀਆਂ ਫੜਦਾ, ਦੋ ਚਾਰ ਉਸ ਨੂੰ ਦਿੱਤੇ ਬਿਨਾਂ ਨਹੀਂ ਸੀ ਜਾ ਸਕਦਾ। ਇਹ ਉਸ ਦਾ ਹੱਕ ਸੀ ਤੇ ਕੁਝ ਪਰੰਪਰਾ ਵੀ ਬਣ ਗਈ ਸੀ। ਇਕ ਦਿਨ ਜਗਤਾਰ ਨੂੰ ਪਤਾ ਲੱਗਾ ਕਿ ਬਸ਼ੀਰਾ ਆਪਣੇ ਸਾਥੀਆਂ ਨਾਲ ਤਲਾਅ ਦੇ ਕੰਢੇ ਬੈਠਾ ਏ। ਜਗਤਾਰ ਨੇ ਆਪਣਾ ਇਕ ਨੌਕਰ ਭੇਜਿਆ ਕਿ ਜਾ ਕੇ ਕਹਿ : ਸਰਦਾਰ ਜਗਤਾਰ ਸਿੰਘ ਨੇ ਅੱਠ ਦਸ ਮੱਛੀਆਂ ਮੰਗਵਾਈਆਂ ਨੇ।

ਨੌਕਰ ਖਾਲੀ ਹੱਥ ਮੁੜ ਆਇਆ। ਬਸ਼ੀਰੇ ਨੇ ਆਖਿਆ ਸੀ : ਜਾ, ਸਰਦਾਰ ਨੂੰ ਕਹਿ ਦੇ ਮੱਛੀਆਂ ਤਲਾਅ 'ਚ ਮਿਲਦੀਆਂ ਨੇ, ਬਸ਼ੀਰੇ ਕੋਲ ਨਹੀਂ....।' ਇਸ ਤੋਂ ਇਲਾਵਾ ਬਸ਼ੀਰੇ ਦੇ ਮਨ ਵਿਚ ਇਕ ਹੋਰ ਵੀ ਚਾਹ ਸੀ : ਜੇ ਅੱਜ ਮੱਛੀਆਂ ਫੜ ਕੇ ਲੈ ਗਿਆ ਤਾਂ ਕੱਲ੍ਹ ਰਜ਼ੀਆ ਨੂੰ ਵੀ.....।

ਜਗਤਾਰ ਨੇ ਨਾਲ ਦੇ ਫਾਰਮਾਂ ਤੋਂ ਪਰਤਾਪ ਤੇ ਕਰਨੈਲ ਸਿੰਘ ਨੂੰ ਬੁਲਾ ਲਿਆ। ਨੌਕਰ ਤੋਂ ਪੁਛ-ਪਰਤੀਤ ਕਰਨ ਤੋਂ ਪਤਾ ਲੱਗਾ ਕਿ ਬਸ਼ੀਰੇ ਕੋਲ ਬੰਦੂਕਾਂ ਨਹੀਂ। ਸ਼ਾਇਦ ਖਾਲੀ ਹੱਥ ਹੀ ਸਨ। ਉਨ੍ਹਾਂ ਨੇ ਵੀ ਬੰਦੂਕਾਂ ਚੁਕਣੀਆਂ ਮੁਨਾਸਬ ਨਹੀਂ ਸਮਝੀਆਂ।

ਜਾਣ ਲੱਗਿਆਂ ਰਜ਼ੀਆ ਨੇ ਅੰਦਰ ਬੁਲਾ ਕੇ ਕਿਹਾ, ''ਐਵੇਂ ਡਾਕੂਆਂ ਨਾਲ ਕਾਹਨੂੰ ਮੱਥਾ ਲਾਉਂਦੇ ਹੋ? ਆਖਰ ਮੱਛੀਆਂ ਹੀ ਤੇ ਨੇ।'' ਅੱਗਿਓਂ ਜਗਤਾਰ ਬੋਲਿਆ,

''ਵੇਖ ਰਜ਼ੀਆ ਬੇਗਮ, ਏਥੇ ਜੰਗਲ ਦਾ ਰਾਜ ਏ। ਅੱਜ ਜੇ ਇਹ ਅਰਾਮ ਨਾਲ ਮੱਛੀਆਂ ਲੈ ਗਿਆ ਤਾਂ ਕੱਲ੍ਹ ਕੁਝ ਹੋਰ....। ਤੇ ਫੇਰ ਪਿਛਲੇ ਹਫ਼ਤੇ ਹੀ ਉਸ ਦੇ ਬੰਦਿਆਂ ਨੇ ਕਰਨੈਲ ਸਿੰਘ ਦੇ ਮੁੰਡੇ ਤੇ ਨੂੰਹ ਨੂੰ ਘੇਰ ਲਿਆ ਸੀ। ਜੇ ਉਸ ਕੋਲ ਉਸ ਵੇਲੇ ਬੰਦੂਕ ਨਾ ਹੁੰਦੀ ਤਾਂ ਮਾਰਿਆ ਗਿਆ ਸੀ ਨਾ ! ਹੁਣ ਅਸੀਂ ਹਰ ਵਕਤ ਬੰਦੂਕਾਂ ਥੋੜ੍ਹਾ ਹੀ ਚੁੱਕੀ ਫਿਰਨਾ ਏ....।''

ਉਹ ਡਾਂਗਾਂ ਲਈ ਤਲਾਅ 'ਤੇ ਪਹੁੰਚ ਗਏ। ਬਸ਼ੀਰਾ ਆਪਣੇ ਚਾਰ ਪੰਜ ਬੰਦਿਆਂ ਨਾਲ ਇਕ ਪਾਸੇ ਜਾਲ ਪਾਈ ਬੈਠਾ ਸੀ। ਉਨ੍ਹਾਂ ਤੋਂ ਕੁਝ ਦੂਰ ਦੋ-ਤਿੰਨ ਥੈਲੇ ਮੱਛੀਆਂ ਨਾਲ ਭਰੇ ਪਏ ਸਨ। ਜਗਤਾਰ ਨੇ ਇਸ਼ਾਰਾ ਕੀਤਾ ਤੇ ਕਰਨੈਲ ਸਿੰਘ ਨੇ ਇਕ ਮੱਛੀਆਂ ਦਾ ਭਰਿਆ ਝੋਲਾ ਚੁੱਕ ਲਿਆ।

''ਇਹ ਕੀ?'' ਬਸ਼ੀਰੇ ਨੇ ਰੋਹਬ ਨਾਲ ਪੁੱਛਿਆ।

''ਮੈਂ ਆਦਮੀ ਭੇਜਿਆ ਸੀ, ਤੂੰ ਖਾਲੀ ਮੋੜ 'ਤਾ। ਆਖਰ ਮੈਨੂੰ ਆਪ ਆਉਣਾ ਪਿਆ।'' ਜਗਤਾਰ ਵੀ ਕੜਕ ਕੇ ਬੋਲਿਆ।

''ਸਰਦਾਰ ਜੀ, ਤੁਹਾਨੂੰ ਪਤਾ ਨਹੀਂ, ਮੈਂ ਕੌਣ ਹਾਂ? ਕਦੀ ਬਸ਼ੀਰ ਖਾਂ ਦਾ ਨਾਂ ਨਹੀਂ ਸੁਣਿਆ? ਅਸੀਂ ਰੋਹੇਲੇ ਪਠਾਣ ਹਾਂ।'' ਉਸ ਨੇ ਛਾਤੀ ਫੁਲਾਉਂਦੇ ਹੋਏ ਆਖਿਆ।

''ਤੂੰ ਕਦੀ ਜਗਤਾਰ ਸਿੰਘ ਦਾ ਨਾਂ ਨਹੀਂ ਸੁਣਿਆ?'' ਜਗਤਾਰ ਨੇ ਬਰਾਬਰ ਦਾ ਜਵਾਬ ਦੇਂਦੇ ਹੋਏ ਆਖਿਆ, ''ਅਸੀਂ ਪੰਜਾਬ ਦੇ ਜੱਟ ਹਾਂ, ਕੋਈ ਪੂਰਬੀਏ, ਕਲਾਲ ਨਹੀਂ !''

''ਪਛਤਾਏਂਗਾ ਸਰਦਾਰਾ। ਆਪਣੇ ਆਪ ਝੋਲਾ ਇਧਰ ਰੱਖ ਦੇ ਤੇ ਵਾਪਸ ਮੁੜ ਜਾ....।''

''ਜੇ ਹੌਸਲਾ ਹੈ ਤਾਂ ਖੋਹ ਲੈ !'' ਜਗਤਾਰ ਨੇ ਵੰਗਾਰਿਆ।

ਬਸ਼ੀਰਾ ਆਪਣੇ ਆਦਮੀਆਂ ਨੂੰ ਨਾਲ ਲੈ ਕੇ ਤੇ ਬਾਹਵਾਂ ਟੰਗਦਾ ਹੋਇਆ ਅੱਗੇ ਵਧਿਆ। ਬਸ਼ੀਰੇ ਦੇ ਇਕ ਆਦਮੀ ਨੇ ਝਾੜੀਆਂ ਪਿਛੇ ਲੁਕਾਈ ਹੋਈ ਬੰਦੂਕ ਚੁੱਕ ਲਈ। ਜਗਤਾਰ ਬੰਦੂਕ ਵੇਖ ਕੇ ਕੁਝ ਘਬਰਾ ਗਿਆ। ਪਰ ਆਪਣਾ ਡਰ ਲੁਕਾਉਂਦੇ ਹੋਏ ਕੜਕਵੀਂ ਅਵਾਜ਼ ਵਿਚ ਬੋਲਿਆ,

''ਰੱਖ ਦੇ ਓਏ ਬੰਦੂਕ। ਤੇਰਾ ਖਿਆਲ ਏ ਸਾਡੇ ਪਾਸ ਹਥਿਆਰ ਨਹੀਂ?''

ਪਰ ਉਸ ਨੇ ਬੰਦੂਕ ਦੀ ਨਾਲੀ ਜਗਤਾਰ ਵੱਲ ਘੁੰਮਾ ਦਿੱਤੀ। ਜਗਤਾਰ ਹਾਲੇ ਸੋਚ ਹੀ ਰਿਹਾ ਸੀ ਕਿ ਕੀ ਕਰੇ ਕਿ ਇੰਨੇ ਨੂੰ ਦਰਖਤਾਂ ਵੱਲੋਂ 'ਠਾਹ' ਦੀ ਅਵਾਜ਼ ਆਈ ਤੇ ਸਾਰਾ ਵਾਤਾਵਰਣ ਗੋਲੀ ਦੀ ਆਵਾਜ਼ ਨਾਲ ਗੂੰਜ ਉੱਠਿਆ। ਬੰਦੂਕੀਏ ਦੇ ਪੈਰਾਂ ਕੋਲੋਂ ਦੀ ਮਿੱਟੀ ਉੱਛਲ ਪਈ ਤੇ ਉਹ ਘਬਰਾ ਕੇ ਚਾਰ ਕਦਮ ਪਿੱਛੇ ਹਟ ਗਿਆ। ਜਗਤਾਰ ਨੇ ਸਮਝ ਲਿਆ ਕਿ ਇਹ ਉਸ ਦੀ ਟੂ-ਟੂ ਦੀ ਰਫਲ ਦੀ ਅਵਾਜ਼ ਹੈ। ਉਸ ਨੂੰ ਪਿਛੋਂ ਪਤਾ ਲੱਗਾ ਕਿ ਗੋਲੀ ਰਜ਼ੀਆ ਨੇ ਚਲਾਈ ਸੀ।

ਕਿਸੇ ਨੇ ਬਸ਼ੀਰੇ ਦੇ ਕੰਨ ਵਿਚ ਕਿਹਾ, ''ਰਹਿਨੇ ਦੋ ਉਸਤਾਦ, ਮਾਰ ਖਾ ਜਾਓਗੇ।'' ਬਸ਼ੀਰੇ ਨੂੰ ਵੀ ਗੱਲ



ਛੇਤੀ ਹੀ ਸਮਝ ਵਿਚ ਆ ਗਈ ਤੇ ਉਸ ਨੇ ਬੰਦੂਕੀਏ ਨੂੰ ਗੰਦੀ ਜਹੀ ਗਾਲ੍ਹ ਕੱਢਦੇ ਹੋਏ ਆਖਿਆ,

''ਓਏ ਥੱਲੇ ਰੱਖ ਬੰਦੂਕ। ਇਹ ਤੇ ਸਾਡੀ ਆਪਸੀ ਦਿਲਲਗੀ ਏ। ਮਰੀਆਂ ਮੱਛੀਆਂ ਪਿੱਛੇ ਲੜਨਾ ਕੋਈ ਚੰਗਾ ਲੱਗਦਾ ਹੈ। ਓਏ ਰਹਿਮਤ ਖਾਂ, ਦੇ ਦੇ ਸਰਦਾਰ ਜੀ ਨੂੰ ਵਧੀਆ ਰਾਹੂ ਵਾਲਾ ਇਕ ਥੈਲਾ....।''

-----

ਜਗਤਾਰ ਲਖੀਮਪੁਰ ਦੇ ਮੇਲੇ 'ਤੇ ਜਾਣ ਲਈ ਤਿਆਰ ਹੋ ਰਿਹਾ ਸੀ। ਰਜ਼ੀਆ ਨੂੰ ਸੋਹਣੇ ਸੋਹਣੇ ਕੱਪੜੇ ਪਾਈ ਤਿਆਰ ਖੜ੍ਹੀ ਵੇਖ ਕੇ ਬੋਲਿਆ, ''ਚੱਲਣਾ ਏਂ?''

''ਤੁਸੀਂ ਜਾਣਦੇ ਹੋ !'' ਉਹ ਹਉਕਾ ਜਿਹਾ ਲੈਂਦੇ ਹੋਏ ਬੋਲੀ, ''ਨਾਂ ਤੁਸੀਂ ਮੈਨੂੰ ਲੈ ਕੇ ਜਾਓਗੇ ਤੇ ਨਾਂ ਹੀ ਮੈਂ ਜਾ ਸਕਦੀ ਹਾਂ। ਮੇਰੀ ਇਹ ਕਿਸਮਤ ਕਿੱਥੇ?''

ਜਗਤਾਰ ਨੇ ਨਜ਼ਰ ਭਰ ਕੇ ਉਸ ਵੱਲ ਤੱਕਿਆ ਤੇ ਮਨ ਹੀ ਮਨ ਕਹਿ ਉੱਠਿਆ,

''ਰੂਪ ਕਿਵੇਂ ਨਿੱਖਰ ਆਇਆ ਏ; ਤੇ ਕਿਵੇਂ ਸ਼ਾਂਤੀ ਅਤੇ ਸਬਰ ਦੀ ਮੂਰਤ ਬਣੀ ਖੜ੍ਹੀ ਏ।'' ਅਚਾਨਕ ਉਸ ਨੂੰ ਉਸ ਦੇ ਰਾਤ ਵੇਲੇ ਮਘਦੇ ਸਰੀਰ ਤੇ ਬੇਤਾਬ ਬਾਹਾਂ ਦੀ ਕੱਸ ਯਾਦ ਆ ਗਈ। ਉਸ ਦਾ ਮਨ ਬੇਈਮਾਨ ਹੋ ਉੱਠਿਆ ਤੇ ਉਹ ਸ਼ਰਾਰਤ ਭਰੇ ਲਹਿਜ਼ੇ 'ਚ ਬੋਲਿਆ, ''ਤਾਂ ਫੇਰ ਇੰਝ ਸਜ-ਧਜ ਕੇ ਕਿਓਂ ਖੜ੍ਹੀ ਏਂ? ਮੈਨੂੰ ਜਾਣ ਤੋਂ ਰੋਕਣ ਦਾ ਇਰਾਦਾ ਤੇ ਨਹੀਂ?''

''ਮੈਂ ਭਲਾ ਕਿਸ ਕਾਬਲ ਹਾਂ ਅਤੇ ਨਾ ਹੀ ਕੋਈ ਐਸਾ ਇਰਾਦਾ ਹੀ ਏ....ਪਰ ਪਤਾ ਨਹੀਂ ਕਿਉਂ, ਮੈਨੂੰ ਇੰਝ ਲੱਗ ਰਿਹਾ ਏ ਕਿ ਕੁੱਝ ਵਾਪਰਨ ਵਾਲਾ ਏ....। ਜਿਵੇਂ ਮੈਨੂੰ ਕੋਈ ਕਹਿ ਰਿਹਾ ਹੋਵੇ। ਇਹ ਚਾਰ-ਪੰਜ ਸਾਲ ਸਿਰ਼ਫ ਸੁਫਨਾ ਹੀ ਸਨ। ਇਹ ਜੋ ਵੇਖ ਰਹੀ ਹਾਂ, ਸੁਫਨਾ ਹੀ ਹੈ....।''

''ਕਦੀ ਕਦੀ ਤੈਨੂੰ ਕੀ ਹੋ ਜਾਂਦਾ ਏ?'' ਉਸ ਵੱਲ ਤੱਕਦਿਆਂ ਉਸ ਬੇਪਰਵਾਹੀ ਨਾਲ ਆਖਿਆ, ''ਅੱਛਾ ਦੱਸ ਤੇਰੇ ਲਈ ਲਖੀਮਪੁਰ ਤੋਂ ਕੀ ਲੈ ਕੇ ਆਵਾਂ?'' ਉਹ ਰਜ਼ੀਆ ਦੇ ਕੰਨਾਂ ਵਿਚ ਲਟਕਦੇ ਚਾਂਦੀ ਦੇ ਝੁਮਕਿਆਂ ਵੱਲ ਵੇਖਦੇ ਹੋਏ ਬੋਲਿਆ ਜੋ ਉਸ ਨੇ ਉਸ ਲਈ ਪਿਛਲੀ ਵਾਰੀ ਮੇਲੇ ਤੋਂ ਲਿਆ ਕੇ ਦਿੱਤੇ ਸਨ।

''ਇਹ, ਇਹ ਇਕ ਖ਼ਤ ਆਇਆ ਹੋਇਆ ਏ।'' ਉਸ ਨੇ ਬਹੁਤ ਗੰਭੀਰ ਲਹਿਜੇ ਵਿਚ ਕਿਹਾ ਤੇ ਇਕ ਖ਼ਤ ਉਸ ਵੱਲ ਵਧਾ ਦਿੱਤਾ, ''ਸ਼ਾਇਦ ਤੁਸੀਂ ਵੇਖਿਆ ਨਹੀਂ।''

''ਕਦੋਂ ਆਇਆ ਇਹ ਖ਼ਤ?''

''ਕੱਲ੍ਹ ਡਾਕੀਆ ਦੇ ਗਿਆ ਸੀ, ਮੈਂ ਤੁਹਾਡੇ ਮੇਜ 'ਤੇ ਰੱਖ ਦਿੱਤਾ ਸੀ। ਸੋਚਿਆ ਤੁਸੀਂ ਆਪੇ ਵੇਖ ਲਵੋਗੇ।''

ਜਗਤਾਰ ਖ਼ਤ ਖੋਲ੍ਹ ਕੇ ਪੜ੍ਹਨ ਲੱਗਾ। ਅਮਰੋ ਦਾ ਸੀ। ਲਿਖਿਆ ਸੀ ''ਤੁਸੀਂ ਤਾਂ ਨਹੀਂ ਆਏ; ਮੈਂ ਆਪੇ ਆ ਰਹੀ ਹਾਂ। ਲਖੀਮਪੁਰ ਦੇ ਸਟੇਸ਼ਨ 'ਤੇ ਪੰਦਰਾਂ ਤਰੀਕ ਨੂੰ ਆ ਕੇ ਲੈ ਜਾਣਾ। ਜੇ ਸਟੇਸ਼ਨ 'ਤੇ ਨਹੀਂ ਪਹੁੰਚੇ ਤਾਂ ਮੈਂ ਸਮਝ ਲਵਾਂਗੀ ਕਿ ਤੁਹਾਨੂੰ ਮੇਰੀ ਲੋੜ ਨਹੀਂ.....। ਮੈਂ ਵਾਪਸ ਮੁੜ ਜਾਵਾਂਗੀ। ਜੀਤੂ ਤੇ ਕਰਮੀ ਵੀ ਮੇਰੇ ਨਾਲ ਆ ਰਹੇ ਨੇ.....।''

''ਘਰੋਂ ਆਇਆ ਏ? ਕੀ ਲਿਖਿਆ ਏ?'' ਰਜ਼ੀਆ ਉਸ ਦੇ ਪੀਲੇ ਪੈ ਗਏ ਚਿਹਰੇ ਵੱਲ ਵੇਖਦੀ ਹੋਈ ਬੋਲੀ।

''ਓਹ ! ਪੰਦਰਾਂ ਤਰੀਕ ਤੇ ਅੱਜ ਏ !'' ਉਹ ਹੜ੍ਹਬੜਾਉਂਦੇ ਹੋਏ ਬੋਲਿਆ, ''ਓਹ ਆ ਰਹੀ ਏ ਅੱਜ।''

''ਤਾਂ ਫੇਰ ਲੈ ਆਓ ਜਾ ਕੇ !'' ਰਜ਼ੀਆ ਮੁਸਕਰਾਉਣ ਦੀ ਕੋਸ਼ਿਸ਼ ਕਰਦੇ ਹੋਏ ਬੋਲੀ ਤੇ ਫੇਰ ਬਾਹਰ ਚਲੀ ਗਈ।

ਜਗਤਾਰ ਕੁਝ ਦੇਰ ਖੜ੍ਹਾ ਸੋਚਦਾ ਰਿਹਾ ਤੇ ਫੇਰ ਬਾਹਰ ਜਾ ਕੇ ਰਜ਼ੀਆ ਕੋਲ ਖੜ੍ਹਾ ਹੋ ਗਿਆ।

''ਤੂੰ ਫਿਕਰ ਨਾ ਕਰ.....ਮੈਂ ਤੇਰੇ ਲਈ ਉਸ ਤਲਾਅ ਦੇ ਕੋਲ ਪੱਕਾ ਮਕਾਨ ਬਣਵਾ ਦਿਆਂਗਾ। ਉਸ ਦੇ ਨਾਲ ਲਗਦੀ ਤੀਹ ਕਿੱਲੇ ਜ਼ਮੀਨ ਵੀ ਤੇਰੇ ਮੁੰਡੇ ਦੇ ਨਾਂ ਲਖਾ ਦਿਆਂਗਾ....।''

ਰਜ਼ੀਆ ਚੁੱਪ-ਚਾਪ ਸੁਣਦੀ ਤੇ ਅੱਥਰੂ ਕੇਰਦੀ ਰਹੀ।

ਉਹ ਕਰਨੈਲ ਸਿੰਘ ਦਾ ਟਰੈਕਟਰ ਲੈ ਕੇ ਲਖੀਮਪੁਰ ਪਹੁੰਚ ਗਿਆ। ਉਸ ਦਾ ਜੀਤੂ ਅੱਠ ਸਾਲ ਦਾ ਤੇ ਕਰਮੀ ਪੰਜ ਸਾਲ ਦੀ ਹੋ ਗਈ ਸੀ। ਉਸ ਨੇ ਦੋਹਾਂ ਨੂੰ ਚੁੱਕ ਕੇ ਟਰੈਕਟਰ 'ਤੇ ਬਿਠਾਇਆ ਤੇ ਟਰੈਕਟਰ ਸਟਾਰਟ ਕਰ ਦਿੱਤਾ। ਰਸਤੇ ਵਿਚ ਅਮਰੋ ਬੋਲੀ,

"ਮੈਂ ਜਾਣਦੀ ਹਾਂ ਕਿ ਤੁਸੀਂ ਐਨੇ ਵਰ੍ਹੇ ਮੈਨੂੰ ਕਿਉਂ ਲੈਣ ਨਹੀਂ ਆਏ। ਉਹ ਮੇਰੀ ਸੌਂਕਣ ਹਾਲੇ ਏਥੇ ਹੀ ਹੈ ਨਾ....। ਸੁਣਿਆ ਬਹੁਤ ਸੋਹਣੀ ਏ.....ਬੰਦੂਕ ਚਲਾਉਂਦੀ ਤੇ ਸ਼ਿਕਾਰ ਖੇਡਣ ਜਾਂਦੀ ਏ ਤੁਹਾਡੇ ਨਾਲ....। ਪਰ .... ਪਰ ਜਾਂ ਹੁਣ ਉਹ ਰਹੇਗੀ ਜਾਂ ਮੈਂ ਰਹਾਂਗੀ....।"

ਜਗਤਾਰ ਨੇ ਸਮਝਾਉਣ ਦਾ ਬੜਾ ਯਤਨ ਕੀਤਾ ਕਿ ਉਸ ਨੇ ਕਈ ਵਾਰੀ ਮੇਰੀ ਜਾਨ ਬਚਾਈ ਏ.....ਜੇ ਉਹ ਨਾ ਹੁੰਦੀ ਤਾਂ ਅੱਜ ਜਗਤਾਰ ਸਿੰਘ ਤੇਰੇ ਸਾਹਮਣੇ ਬੈਠਾ ਗੱਲਾਂ ਨਾ ਕਰ ਰਿਹਾ ਹੁੰਦਾ.....। ਉਹ ਵਿਚਾਰੀ ਬਿਲਕੁਲ ਇਕੱਲੀ ਏ, ਕਿੱਥੇ ਜਾਏਗੀ....?

ਪਰ ਅਮਰੋ ਬਿਲਕੁਲ ਨਾ ਮੰਨੀ। ਫਾਰਮ ਤੇ ਜਾ ਕੇ ਕੀ ਹੋਵੇਗਾ? ਸਾਰੇ ਰਸਤੇ ਜਗਤਾਰ ਇਹੀ ਸੋਚਦਾ ਰਿਹਾ। ਰਜ਼ੀਆ ਨੇ ਸਾਰਿਆਂ ਲਈ ਰੋਟੀ ਬਣਾ ਕੇ ਰੱਖੀ ਹੋਵੇਗੀ। ਸ਼ਾਇਦ ਸਾਡਾ ਸੁਆਗਤ ਕਰਨ ਲਈ ਬੂਹੇ 'ਚ ਖੜ੍ਹੀ ਹੋਵੇ.....। ਇਹ ਦੋਵੇਂ ਤੀਵੀਆਂ ਕਿਵੇਂ ਇਕ ਦੂਜੇ ਦਾ ਸਾਹਮਣਾ ਕਰਨ ਗੀਆਂ.....?

ਫਾਰਮ 'ਤੇ ਪਹੁੰਚੇ ਤਾਂ ਸਭ ਤੋਂ ਪਹਿਲਾਂ ਉਸ ਦੇ ਕੁੱਤੇ 'ਸ਼ੇਰੂ' ਨੇ ਉਸ ਦਾ ਸੁਆਗਤ ਕੀਤਾ। ਉਹ ਬੁਰੀ ਤਰ੍ਹਾਂ ਭੌਂਕ ਰਿਹਾ ਸੀ ਤੇ ਉਸ ਦਾ ਕੁੜਤਾ ਮੂੰਹ ਵਿਚ ਫੜ ਕੇ ਖਿੱਚ ਰਿਹਾ ਸੀ। ਜਗਤਾਰ ਦਾ ਦਿਲ ਅੰਦਰੋਂ ਹੀ ਅੰਦਰ ਘਬਰਾ ਉੱਠਿਆ। ਬੂਹੇ 'ਤੇ ਕੋਈ ਨਹੀਂ ਸੀ। ਅੰਦਰ ਬਿਸਤਰੇ ਲੱਗੇ ਹੋਏ ਅਤੇ ਰਸੋਈ ਵਿਚ ਸਬਜ਼ੀ, ਖੀਰ ਤੇ ਰੋਟੀਆਂ ਪੱਕੀਆਂ ਪਈਆਂ ਸਨ। ਸਭ ਕੁਝ ਸੀ ਪਰ ਰਜ਼ੀਆ ਨਹੀਂ ਸੀ।

"ਤੁਹਾਡੀ 'ਰਜ਼ੀਆ ਬੇਗਮ' ਕਿਤੇ ਨਜ਼ਰ ਨਹੀਂ ਆਉਂਦੀ। ਕਿੱਥੇ ਲੁਕਾ ਦਿੱਤਾ ਏ ਉਸ ਨੂੰ?" ਅਮਰੋ ਨੇ ਇਧਰ-ਉਧਰ ਵੇਖਦੇ ਹੋਏ ਵਿਅੰਗ ਨਾਲ ਪੁੱਛਿਆ।

"ਪਤਾ ਨਹੀਂ ਕਿਤੇ ਏਥੇ ਹੀ ਹੋਵੇਗੀ।"

ਪਰ ਅੰਦਰੋਂ ਅੰਦਰ ਉਹ ਸਮਝ ਗਿਆ ਸੀ ਕਿ ਰਜ਼ੀਆ ਚਲੀ ਗਈ ਏ। ਅਚਾਨਕ ਉਸ ਨੂੰ ਸਭ ਕੁਝ ਸੌਖਾ ਸੌਖਾ ਜਿਹਾ ਲੱਗਣ ਲੱਗਾ ਜਿਵੇਂ ਕੋਈ ਭਾਰੀ ਮੁਸੀਬਤ ਟਲ ਗਈ ਹੋਵੇ। ਪਰ ਨਾਲ ਹੀ ਨਾਲ ਮਨ ਵਿਚ ਇਕ ਖੋਹ ਜਿਹੀ ਵੀ ਉੱਠਣ ਲੱਗੀ ਜਿਵੇਂ ਅੰਦਰ ਸਭ ਕੁਝ ਖਾਲੀ ਹੋ ਗਿਆ ਹੋਵੇ। ਜਿਵੇਂ ਇਹ ਟੂ-ਟੂ ਦੀ ਰਫਲ, ਇਹ ਜ਼ਮੀਨ, ਇਹ ਛਪਰੀ ਉਸ ਦੇ ਜੀਵਨ ਦਾ ਹਿੱਸਾ ਸੀ, ਰਜ਼ੀਆ ਵੀ ਉਸ ਦੀ ਜ਼ਿੰਦਗੀ ਦਾ ਇਕ ਅੰਗ ਬਣ ਗਈ ਸੀ। ਪਿਛਲੇ ਪੰਜ ਸਾਲਾਂ ਵਿਚ ਵਾਪਰੀਆਂ ਘਟਨਾਵਾਂ, ਯਾਦਾਂ ਉਸ ਦੇ ਦਿਮਾਗ਼ ਵਿਚ ਘੇਰਾ ਪਾ ਕੇ ਨੱਚਣ ਲੱਗੀਆਂ..... : ਕਦੀ ਕੋਈ ਸ਼ਿਕਵਾ ਨਹੀਂ, ਕੋਈ ਮੰਗ ਨਹੀਂ; ਜਿਵੇਂ ਜੋ ਕੁਝ 'ਸੀ', ਉਹ ਵੀ ਜੀਵਨ 'ਚੋਂ 'ਉਧਾਰ' ਲੈ ਰਹੀ ਹੋਵੇ....। ਅੰਤਰ ਮਨ ਵਿਚ ਜਗਤਾਰ ਨੂੰ ਇਸ ਦਾ ਵੀ ਅਹਿਸਾਸ ਸੀ ਕਿ ਰਜ਼ੀਆ ਦਿਨ-ਰਾਤ ਉਸ ਦੇ ਨਾਲ ਰਹਿੰਦਿਆਂ ਵੀ ਉਸ ਦੀ ਨਹੀਂ ਸੀ। ਸ਼ਾਇਦ ਏਹੀ ਉਸ ਦਾ, ਉਨ੍ਹਾਂ ਦੇ ਆਪਸੀ ਸੰਬੰਧਾਂ ਦਾ ਸਭ ਤੋਂ ਵੱਡਾ ਆਕਰਸ਼ਨ ਸੀ।

ਅਮਰੋ ਦੇ ਮਨ ਨੂੰ ਸ਼ਾਂਤੀ ਤੇ ਮਿਲੀ ਪਰ ਇਕ ਮਲਾਲ ਵੀ ਰਹਿ ਗਿਆ ਸੀ ਕਿ ਉਹ ਰਜ਼ੀਆ ਨੂੰ ਵੇਖ ਨਹੀਂ ਸੀ ਸਕੀ। ਜੋ ਕੁਝ ਉਹ ਉਸ ਨੂੰ ਕਹਿਣਾ ਚਾਹੁੰਦੀ ਸੀ, ਕਹਿ ਨਹੀਂ ਸੀ ਸਕੀ, ਤੇ ਜਾਂਦਿਆਂ ਜਾਂਦਿਆਂ ਇਕ ਲੰਮਾ ਕਿੱਲ ਉਸ ਦੇ ਕਲੇਜੇ ਵਿਚ ਖੋਭ ਗਈ ਸੀ.....ਕਿ ਰਜ਼ੀਆ ਇਸ ਤਰ੍ਹਾਂ ਸਭ ਕੁਝ ਛੱਡ ਕੇ ਚਲੇ ਜਾਣ ਨਾਲ ਉਸ ਤੋਂ ਬਹੁਤ ਉੱਚੀ ਹੋ ਗਈ ਸੀ; ਉੱਚੀ ਤੇ ਮਹੱਤਵਪੂਰਣ। ਇਹ ਵੀ ਕਿ ਉਹ ਜਗਤਾਰ ਦੇ ਮਨ ਵਿਚੋਂ ਉਸ ਦੀ ਯਾਦ ਨੂੰ ਮਿਟਾਉਣ ਵਿਚ ਕਦੀ ਵੀ ਕਾਮਯਾਬ ਨਹੀਂ ਹੋ ਸਕੇਗੀ। ਖੇਤਾਂ ਵਿਚ ਫਿਰਦਿਆਂ ਤੇ ਰਾਤੀਂ ਬਿਸਤਰੇ 'ਤੇ ਲੰਮੇ ਪਿਆਂ ਸ਼ਾਇਦ ਜਗਤਾਰ ਹਮੇਸ਼ਾਂ ਰਜ਼ੀਆ ਬਾਰੇ ਹੀ ਸੋਚਦਾ ਰਹੇਗਾ.....।

-----

ਸਭ ਕੁਝ ਆਮ ਦਿਨਾਂ ਵਾਂਗ ਚਲਦਾ ਰਿਹਾ ਜਿਵੇਂ ਰਜ਼ੀਆ ਨਾਂ ਦਾ 'ਜੀਵ' ਇਥੇ ਕਦੇ ਰਹਿੰਦਾ ਹੀ ਨਾ ਹੋਵੇ। ਬਸ ਇਕ ਕਬਰ ਦੀ ਢੇਰੀ ਸੀ ਅਸ਼ਰਫ ਦੀ ਜਿਸ ਤੇ ਜਗਤਾਰ ਉਸ ਦੀ ਬਰਸੀ ਵਾਲੇ ਦਿਨ ਦੀਵਾ ਜਗਾ ਦੇਂਦਾ। ਉਹ ਕਦੇ ਕਦੇ ਸ਼ਿਕਾਰ ਦੇ ਬਹਾਨੇ ਇਕੱਲਾ ਜੰਗਲਾਂ ਵਿਚ ਘੁੰਮਦਾ ਰਹਿੰਦਾ। ਕਿਸੇ ਨੇ ਦੱਸਿਆ ਉਹ ਬਸ਼ੀਰੇ ਡਾਕੂ ਨਾਲ ਰਹਿਣ ਲੱਗ ਪਈ ਏ। ਕੋਈ ਕਹਿੰਦਾ 'ਪਲੀਏ' ਦੇ ਮੇਲੇ ਵਿਚ ਵੇਖੀ ਸੀ....। ਤੇ ਫੇਰ ਪਤਾ ਲੱਗਾ ਕਿ ਉਹ ਕਿਸੇ ਟਪਰੀ-ਵਾਸ ਟੋਲੇ ਨਾਲ ਰਲ ਕੇ ਨਿਪਾਲ ਵੱਲ ਚਲੀ ਗਈ ਏ। ਨਿਪਾਲ ਦੀ ਹੱਦ ਉਸ ਦੇ ਫਾਰਮ ਤੋਂ ਕੋਈ ਬਹੁਤੀ ਦੂਰ ਨਹੀਂ ਸੀ।

ਇਕ ਦੋ ਵਾਰੀ ਉਹ ਚੋਰੀ-ਛਿਪੇ ਨਿਪਾਲ ਦੀ ਹੱਦ ਪਾਰ ਕਰਕੇ ਓਧਰ ਗਿਆ ਵੀ; ਪਰ ਕੋਈ ਖਾਸ ਥਹੁ-ਪਤਾ ਨਾ ਲੱਗਾ।

ਹੌਲੀ-ਹੌਲੀ ਸਾਰੀ ਜ਼ਮੀਨ ਆਬਾਦ ਹੋ ਗਈ। ਇਕ ਵਾਰ ਅਚਾਨਕ ਕਮਾਦ ਦਾ ਭਾਅ ਦੂਣਾ ਹੋ



ਗਿਆ। ਰੋਜ਼ ਟਰਾਲੀਆਂ ਭਰ ਕੇ ਪਲੀਏ ਦੀ ਸ਼ੂਗਰ ਮਿੱਲ ਵਿਚ ਜਾਂਦੀਆਂ। ਨੋਟਾਂ ਨਾਲ ਪੀਪੇ ਭਰ ਗਏ। ਲਖੀਮਪੁਰ ਤੋਂ ਜਾ ਕੇ ਇਕ ਟਰੈਕਟਰ ਵੀ ਲੈ ਆਇਆ। ਪੱਕਾ ਮਕਾਨ ਵੀ ਬਣਵਾ ਲਿਆ। ਫੇਰ ਉਸ ਦੇ ਮਨ ਵਿਚ ਆਇਆ। ਜ਼ਿੰਦਗੀ ਵਿਚ ਬੜੀ ਮਿਹਨਤ ਕੀਤੀ, ਹੁਣ ਕੁਝ ਅਰਾਮ ਕਰਨਾ ਚਾਹੀਦਾ ਏ। ਤਿੰਨ ਚਾਰ ਨੌਕਰ ਤਾਂ ਹਮੇਸ਼ਾ ਹੀ ਰਹਿੰਦੇ ਸਨ, ਇਕ ਕਾਰ ਵੀ ਲੈ ਲਈ। ਪਲੀਏ ਤੋਂ ਉਸ ਦੇ ਪਿੰਡ ਤੱਕ ਪੱਕੀ ਸੜਕ ਪਹਿਲਾਂ ਹੀ ਬਣ ਗਈ ਸੀ।

-----

ਪਿਛਲੇ ਸਾਲ ਤੇਲ ਦਾ ਭਾਅ ਵਧਿਆ ਤਾਂ ਇਸ ਸਾਲ ਇਨ੍ਹਾਂ ਪੰਜਾਹ ਖੇਤਾਂ ਵਿਚ ਤੋਰੀਆ ਲਾ ਲਿਆ। ਜਦ ਪੱਕ ਗਿਆ ਤਾਂ ਕਟਵਾ ਕੇ ਖੇਤਾਂ ਵਿਚ ਸੁੱਕਣ ਲਈ ਵਛਾ ਦਿੱਤਾ। ਸੁੱਕ ਕੇ ਚੁੱਕਣ ਲਈ ਤਿਆਰ ਹੋਇਆ ਤਾਂ ਲੇਬਰ ਭੱਜ ਗਈ। ਸ਼ਾਮ ਪਿਆਂ ਹਜ਼ਾਰਾਂ ਦੀ ਸੰਖਿਆ ਵਿਚ ਤੋਤੇ ਆਉਂਦੇ ਤੇ ਤੋਰੀਆ ਚੁਗਣ ਲਗਦੇ। ਜਗਤਾਰ ਨੂੰ ਚਿੰਤਾ ਹੋਈ। ਇਸ ਤਰ੍ਹਾਂ ਪਿਆ ਰਿਹਾ ਤਾਂ ਇਕ ਲੱਖ ਦਾ ਤੋਰੀਆ ਕੁਝ ਹੀ ਦਿਨਾਂ 'ਚ ਤੋਤਿਆਂ ਦੇ ਢਿੱਡ ਵਿਚ ਚਲਾ ਜਾਏਗਾ। ਪਤਾ ਲੱਗਾ ਕਿ ਨਿਪਾਲ ਦੀ ਸੀਮਾ ਲਾਗੇ ਕੁਝ ਟਪਰੀ-ਵਾਸ ਮਜ਼ਦੂਰ ਟਪਰੀਆਂ ਪਾਈ ਬੈਠੇ ਨੇ। ਜਗਤਾਰ ਨੇ ਆਪਣੇ ਵੱਡੇ ਮੁੰਡੇ ਹਰਮੀਤ ਨੂੰ ਬੁਲਾ ਕੇ ਆਖਿਆ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨਾਲ ਦਿਹਾੜੀ ਦਾ ਪੱਕਾ ਕਰ ਕੇ ਲੈ ਆਵੇ।

ਹਰਮੀਤ ਜਾ ਕੇ ਉਨ੍ਹਾਂ ਨੂੰ ਲੈ ਤੇ ਆਇਆ ਪਰ ਬਾਰਾਂ ਰੁਪੈ ਦਿਹਾੜੀ ਦੇ ਹਿਸਾਬ ਨਾਲ। ਪਹਿਲਾਂ ਤੋਂ ਦੋ ਰੁਪਏ ਵੱਧ। ਉੱਪਰੋਂ ਕਈ ਤਰ੍ਹਾਂ ਦੀਆਂ ਸ਼ਰਤਾਂ 'ਕਿ ਐਨੇ ਤੋਂ ਐਨੇ ਵਜੇ ਤੱਕ ਕੰਮ ਕਰਾਂਗੇ....., ਕਿਸੇ ਨੂੰ ਗਾਲ੍ਹ ਨਹੀਂ ਕੱਢਣੀ ਹੋਵੇਗੀ......, ਤੀਵੀਆਂ ਨਾਲ ਕੋਈ ਛੇੜ-ਛਾੜ ਜਾਂ ਮਜ਼ਾਕ ਨਹੀਂ ਕਰੇਗਾ...।'

"ਵੇਖੋ ਕਿਹਾ ਜ਼ਮਾਨਾ ਆ ਗਿਆ ਏ", ਜਗਤਾਰ ਸਿੰਘ ਬੁੜਬੁੜਾਇਆ, "ਕੋਈ ਵਕਤ ਸੀ ਕਿ ਅਠਿਆਨੀ ਲੈ ਕੇ ਸਵੇਰ ਤੋਂ ਰਾਤ ਤੱਕ ਗੁਲਾਮਾਂ ਵਾਂਗ ਕੰਮ ਕਰਦੇ ਸਨ; ਮਜ਼ਾਲ ਏ ਕੁਸਕ ਵੀ ਜਾਣ...।"

ਇਸ ਤਰ੍ਹਾਂ ਜਦ ਹਰ ਸਾਲ ਮਜ਼ਦੂਰ ਆਉਂਦੇ ਤਾਂ ਹਰਮੀਤ ਲਈ ਵੀ ਨਵੀਆਂ ਨਵੀਆਂ ਕੁੜੀਆਂ ਨਾਲ ਸੌਣ ਦਾ ਵਧੀਆ ਮੌਕਾ ਹੁੰਦਾ। ਉਹ ਆਪਣੇ ਗੁਮਾਸ਼ਤੇ 'ਰਮਕੂ' ਨੂੰ ਬੁਲਾ ਕੇ 'ਹਦਾਇਤ' ਦੇਂਦਾ ਤੇ ਉਹ ਰਾਤ ਹੁੰਦਿਆਂ ਹੀ ਕਿਸੇ ਨਾ ਕਿਸੇ ਨੂੰ ਲੈ ਆਉਂਦਾ।

ਹਰਮੀਤ ਉਨ੍ਹਾਂ ਦੀਆਂ ਸ਼ਰਤਾਂ ਸੁਣ ਕੇ ਸ਼ਾਇਦ ਵਾਪਸ ਪਰਤ ਆਉਂਦਾ; ਪਰ ਜਦ ਉਸ ਨੇ ਦੋ ਤਿੰਨ ਸੋਹਣੀਆਂ ਕੁੜੀਆਂ ਵੇਖੀਆਂ ਤਾਂ ਉਸਦਾ ਮਨ ਲਲਚਾ ਗਿਆ ਤੇ ਉਸ ਨੇ ਰਮਕੂ ਨੂੰ ਆਖਿਆ ਸੀ, "ਇਨ੍ਹਾਂ ਕੋਲ ਮਾਲ ਤੇ ਬੜਾ ਵਧੀਆ ਏ !"

"ਪਰ ਇਹਨਾਂ ਦੇ ਮੁੰਡੇ ਬੜੇ ਅੱਖੜ ਨੇ।" ਰਮਕੂ ਨੇ ਕਿਹਾ।

ਜਗਤਾਰ ਸਿੰਘ ਬੋਹੜ ਥੱਲੇ ਮੰਜੀ ਡਾਹ ਕੇ ਬੈਠ ਗਿਆ। ਕੁਝ ਸਾਲ ਪਹਿਲਾਂ ਇਥੇ ਉਸ ਦਾ ਛੱਪਰ ਹੁੰਦਾ ਸੀ ਤੇ ਕੋਲ ਹੀ ਅਸ਼ਰਫ ਦੀ ਕਬਰ। ਹੁਣ ਤਾਂ ਪੱਕਾ ਮਕਾਨ ਏਥੋਂ ਅੱਧਾ ਕਿਲੋਮਟਰ ਦੂਰ, ਸੜਕ ਦੇ ਲਾਗੇ ਬਣਾ ਲਿਆ ਸੀ। ਜਦ ਦੇ ਘਰ ਵਿਚ ਚੰਗੇ ਪੈਸੇ ਆਉਣੇ ਸ਼ੁਰੂ ਹੋਏ, ਸ਼ਰਾਬ ਖੂਬ ਪੀਣ ਲੱਗ ਪਿਆ ਸੀ। ਖੇਤਾਂ ਦਾ ਸਾਰਾ ਕੰਮ ਕਾਮੇ-ਮਜ਼ਦੂਰ ਕਰਦੇ ਤੇ ਜਗਤਾਰ ਹੁਣ ਖਾ-ਖਾ ਕੇ ਖੂਬ ਮੋਟਾ ਹੋ ਗਿਆ ਸੀ। ਅੱਜ ਤੋਂ ਦਸ-ਬਾਰਾਂ ਸਾਲ ਪਹਿਲਾਂ ਦੇ ਜਗਤਾਰ ਅਤੇ ਅੱਜ ਦੇ ਜਗਤਾਰ ਵਿਚ ਏਨਾ ਫਰਕ ਸੀ ਜਿੰਨਾ ਬਾਰਾਂ ਸਿੰਗੇ ਅਤੇ ਝੋਟੇ ਵਿਚ। ਮੰਜੇ 'ਤੇ ਬੈਠਾ ਬੈਠਾ ਹੀ ਲੇਬਰ ਦੁਆਰਾ ਤੋਰੀਆ ਚੁੱਕ ਕੇ ਟਰਾਲੀ ਵਿਚ ਲੱਦਦੇ ਵੇਖਣ ਲੱਗਾ ਤੇ ਥੋੜ੍ਹੀ ਥੋੜ੍ਹੀ ਦੇਰ ਬਾਅਦ ਬੋਲ ਉੱਠਦਾ, "ਓਏ ਤੇਜ਼ ਤੇਜ਼ ਪੈਰ ਚੁੱਕੋ, ਲੱਤਾਂ ਟੁੱਟੀਆਂ ਹੋਈਆਂ....?" ਹਰਮੀਤ ਵੀ ਰਮਕੂ ਨੂੰ ਨਾਲ ਲਈ ਉਨ੍ਹਾਂ ਦੇ ਲਾਗੇ ਖੜ੍ਹਾ ਹੁਕਮ ਚਲਾ ਰਿਹਾ ਸੀ। ਕਦੀ ਕਦੀ ਤੀਵੀਆਂ ਕੋਲ ਜਾ ਕੇ ਖੜ੍ਹਾ ਹੋ ਜਾਂਦਾ ਜੋ ਤੋਰੀਆ ਚੁੱਕ ਕੇ ਇਕ ਥਾਂ ਢੇਰ ਲਾ ਰਹੀਆਂ ਸਨ। ਕਦੀ ਕਿਸੇ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਤੇ ਮਸ਼ਕਰੀਆਂ ਕਰਦਾ। ਇਕ ਕੁੜੀ ਨੇ ਜ਼ਰਾ ਗੁੱਸਾ ਵਿਖਾਉਂਦੇ ਹੋਏ ਕਿਹਾ, "ਸਰਦਾਰ ਜੀ, ਇਕ ਪਾਸੇ ਖੜ੍ਹੇ ਹੋ ਜਾਓ ਤੇ ਸਾਨੂੰ ਕੰਮ ਕਰਨ ਦਿਓ।"

ਹਰਮੀਤ ਕੁਝ ਦੇਰ ਉਸ ਕੁੜੀ ਵੱਲ ਤਕਦਾ ਰਿਹਾ ਤੇ ਫੇਰ ਇਕ ਪਾਸੇ ਜਾ ਕੇ ਰਮਕੂ ਨੂੰ ਬੋਲਿਆ,"ਬੜੀ ਜ਼ਬਰਦਸਤ ਚੀਜ਼ ਏ; ਕੀ ਚਾਲ ਏ ਤੇ ਕੀ ਰੰਗ ਰੂਪ !"

"ਕਿਹੜੀ?" ਰਮਕੂ ਨੇ ਪੁੱਛਿਆ।

"ਉਹੀ, ਔਹ ਲਾਲ ਕੱਪੜਿਆਂ ਵਾਲੀ ਜਿਸ ਨੇ ਪੈਰਾਂ 'ਚ ਪੰਜੇਬ ਤੇ ਕੰਨਾਂ ਵਿਚ ਚਾਂਦੀ ਦੇ ਝੁਮਕੇ ਪਾਏ ਹੋਏ ਨੇ.....। ਅੱਜ ਰਾਤ ਇਸ ਜੰਗਲੀ ਹਿਰਨੀ ਦਾ ਸ਼ਿਕਾਰ ਹੋਣਾ ਚਾਹੀਦਾ ਏ....।"

''ਤੁਸੀਂ ਚਿੰਤਾ ਨਾ ਕਰੋ, ਇਨ੍ਹਾਂ ਦੀ ਮਜ਼ਦੂਰੀ ਦੇ ਪੈਸੇ ਜ਼ਰਾ ਥੱਲੇ ਦੱਬ ਜਾਣ ਦਿਓ, ਫੇਰ ਵੇਖਾਂਗੇ....।''

ਅਗਲੇ ਦਿਨ ਮਜ਼ਦੂਰਾਂ ਨੇ ਜਾਲ ਪਾ ਕੇ ਇਕ ਬਾਰਾਂ ਸਿੰਘਾ ਫੜ ਲਿਆ ਤੇ ਰਾਤ ਪਿਆਂ ਖਾ-ਪੀ ਕੇ ਨੱਚਣ ਲੱਗੇ। ਆਮ ਤੌਰ 'ਤੇ ਇਹੋ ਜਿਹੇ ਮੌਕੇ 'ਤੇ ਮਾਲਕਾਂ ਨੂੰ ਵੀ ਸੱਦਾ ਦਿੱਤਾ ਜਾਂਦਾ ਸੀ। ਪਰ ਜਗਤਾਰ ਸਿੰਘ ਕੋਲ ਕੋਈ ਸੱਦਾ ਨਹੀਂ ਆਇਆ। ਉਨ੍ਹਾਂ ਦੇ ਢੋਲ ਅਤੇ ਨੱਚਣ ਗਾਉਣ ਦੀ ਆਵਾਜ਼ ਜਗਤਾਰ ਦੇ ਘਰ ਤੱਕ ਆ ਰਹੀ ਸੀ। ''ਹਰਾਮਜ਼ਾਦੇ ਕਿੰਨੇ ਬਦ-ਤਮੀਜ਼ ਹੋ ਗਏ ਨੇ।'' ਜਗਤਾਰ ਬੁੜਬੁੜਾਇਆ ਤੇ ਬੋਤਲ ਲੈ ਕੇ ਬੈਠ ਗਿਆ।

ਪਰ ਹਰਮੀਤ ਤੋਂ ਨਹੀਂ ਰਿਹਾ ਗਿਆ। ਉਸ ਨੇ ਅੱਧੀ ਬੋਤਲ ਚੜ੍ਹਾਈ ਤੇ ਰਮਕੂ ਨੂੰ ਨਾਲ ਲੈ ਕੇ ਉਥੇ ਪਹੁੰਚ ਗਿਆ। ਮਜ਼ਦੂਰ ਟੋਲੀ ਦੇ ਸਰਪੰਚ ਨੇ ਉਨ੍ਹਾਂ ਵੱਲ ਕੌੜੀ ਨਜ਼ਰ ਨਾਲ ਵੇਖਿਆ ਤੇ ਫੇਰ ਮੌਕੇ ਅਤੇ ਪਰੰਪਰਾ ਦਾ ਲਿਹਾਜ਼ ਕਰਦਿਆਂ ਹੋਇਆਂ ਇਕ ਮੁੰਡੇ ਨੂੰ ਇਸ਼ਾਰਾ ਕੀਤਾ। ਮੁੰਡਾ ਮਿੱਟੀ ਦੇ ਦੋ ਕਟੋਰੇ ਭਰ ਕੇ ਉਨ੍ਹਾਂ ਦੇ ਹੱਥ ਫੜਾ ਆਇਆ।

ਨੌਜਵਾਨ ਮੁੰਡਿਆਂ-ਕੁੜੀਆਂ ਦੀਆਂ ਦੋ ਡਾਰਾਂ ਹੌਲੀ ਹੌਲੀ ਨੱਚ ਗਾ ਰਹੀਆਂ ਸਨ। ਕਦੀ ਕਦੀ ਦੋਵੇਂ ਡਾਰਾਂ ਇਕ ਦੂਜੇ ਵਿਚ ਮਿਲ ਜਾਂਦੀਆਂ ਤੇ ਉਹ ਗਾਉਂਦੇ ਹੋਏ ਇਕ ਦੂਜੇ ਦੇ ਲੱਕ ਵਿਚ ਹੱਥ ਪਾਈ ਝੂਮਣ ਲੱਗਦੇ। 'ਉਹ' ਚਾਂਦੀ ਦੇ ਝੁਮਕਿਆਂ ਵਾਲੀ ਕੁੜੀ ਵੀ ਉਨ੍ਹਾਂ ਵਿਚ ਸੀ। ਹਰਮੀਤ ਨੂੰ ਜ਼ਰਾ ਕੁ 'ਲੋਰ' ਆਇਆ ਤੇ ਉਹ ਵੀ ਨੱਚਣ ਦੇ ਖਿਆਲ ਨਾਲ ਉਨ੍ਹਾਂ ਵਿਚਕਾਰ ਜਾ ਖੜ੍ਹਾ ਹੋਇਆ ਤੇ ਨਸ਼ੇ ਵਿਚ ਉਟ-ਪਟਾਂਗ ਹੱਥ ਪੈਰ ਹਲਾਉਣ ਲੱਗਾ। ਇਕ ਉੱਚਾ ਲੰਮਾ ਤੇ ਤਕੜੇ ਸਰੀਰ ਵਾਲਾ ਮੁੰਡਾ ਆਪਣੀ ਕਤਾਰ 'ਚੋਂ ਨਿਕਲਿਆ ਤੇ ਹਰਮੀਤ ਦੇ ਸਾਹਮਣੇ ਜਾ ਖੜ੍ਹਾ ਹੋਇਆ। ਦੋਵੇਂ ਇਕ ਦੂਜੇ ਵੱਲ ਕਰੋਧ ਭਰੀਆਂ ਅੱਖਾਂ ਨਾਲ ਵੇਖਣ ਲੱਗੇ।

ਰਮਕੂ ਨੇ ਮੌਕੇ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਹਰਮੀਤ ਦਾ ਹੱਥ ਫੜ ਕੇ ਖਿਚ ਲਿਆ। ਸਰਪੰਚ ਨੇ ਵੀ ਮੁੰਡੇ ਨੂੰ ਆਖਿਆ, ''ਮੇਹਰੂ, ਬਹਿ ਜਾ।''

ਮੇਹਰੂ ਨੇ ਆਪਣੀ ਬੋਲੀ ਵਿਚ ਕੁੜੀਆਂ ਮੁੰਡਿਆਂ ਨੂੰ ਕੁਝ ਕਿਹਾ ਤੇ ਉਹ ਸਾਰੇ ਨੱਚਣਾ ਗਾਉਣਾ ਬੰਦ ਕਰਕੇ ਉਥੋਂ ਖਿਸਕ ਗਏ।

ਹਰਮੀਤ ਨੇ ਆ ਕੇ ਜਗਤਾਰ ਸਿੰਘ ਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਵਗਾਰੀਆਂ ਨੇ ਉਸ ਦੀ ਬੇਇੱਜ਼ਤੀ ਕੀਤੀ ਹੈ 'ਇਹਨਾਂ ਨੂੰ ਸਬਕ ਸਿਖਾਉਣਾ ਚਾਹੀਦਾ ਏ....।' ਜਗਤਾਰ ਦਾ ਮੂੰਹ ਗੁੱਸੇ ਵਿਚ ਲਾਲ ਹੋ ਉੱਠਿਆ। ਇੰਝ ਪਹਿਲਾਂ ਕਦੀ ਨਹੀਂ ਸੀ ਹੋਇਆ। ਇਹ ਤਾਂ ਇਕ ਤਰ੍ਹਾਂ ਦਾ ਵਿਦਰੋਹ ਸੀ, ਚੁਣੌਤੀ ਸੀ, ਉਨ੍ਹਾਂ ਭੁੱਖਿਆਂ ਜੰਗਲੀ ਲੋਕਾਂ ਦੀ....।

''ਮੈਂ ਵੇਖ ਲਾਂ ਗਾ ਇਨ੍ਹਾਂ ਕੁੱਤਿਆਂ ਨੂੰ। ਸਾਲੇ, ਹੁਣ ਰੋਟੀ ਖਾਣ ਨੂੰ ਮਿਲਣ ਲੱਗੀ ਤਾਂ ਹਰਾਮ ਖੋਰੀ ਤੇ ਉੱਤਰ ਆਏ ਨੇ....।''

ਪਰ ਨਾਲ ਹੀ ਇਕ ਲੱਖ ਦੇ ਤੋਰੀਏ ਦਾ ਖਿਆਲ ਆ ਗਿਆ ਜੋ ਖੇਤਾਂ ਵਿਚ ਵਿਛਿਆ ਪਿਆ ਸੀ ਤੇ ਹਵਾ 'ਚ ਉਡਦੇ ਹਜ਼ਾਰਾਂ ਦੀ ਗਿਣਤੀ ਵਿਚ ਹਰੇ ਹਰੇ ਤੋਤੇ.....?'' ਜ਼ਰਾ ਤੋਰੀਆ ਚੁੱਕਿਆ ਜਾਵੇ, ਫੇਰ ਵੇਖਾਂਗਾ ਇਨ੍ਹਾਂ ਨੂੰ। ਸਾਲਿਆਂ ਦੀਆਂ ਟੰਗਾਂ ਨਾ ਭੰਨ ਦਿੱਤੀਆਂ.....। ਉਹ ਅੰਦਰੋਂ ਅੰਦਰ ਕਚੀਚੀਆਂ ਵੱਟ ਰਿਹਾ ਸੀ।

-----

ਹਾਲੇ ਸੂਰਜ ਨਹੀਂ ਸੀ ਨਿਕਲਿਆ ਤੇ ਜਗਤਾਰ ਇਕ ਪਾਣੀ ਦੇ ਨਾਲੇ ਕੰਢੇ ਖੜ੍ਹਾ ਦਾਤਣ ਕਰ ਰਿਹਾ ਸੀ ਕੇ ਪਿਛੋਂ ਇਕ ਬਾਰਾਂ ਸਿੰਗਾ ਨੱਸਦਾ ਹੋਇਆ ਆਇਆ ਅਤੇ ਨਾਲੇ ਨੂੰ ਛਾਲ ਮਾਰ ਕੇ ਪਾਰ ਕਰ ਗਿਆ। ਉਸ ਦੇ ਪਿਛੇ ਇਕ ਆਦਮੀ ਦੌੜਦਾ ਹੋਇਆ ਆਇਆ ਤੇ ਉਹ ਵੀ ਇਕ ਛਾਲ ਨਾਲ ਨਾਲਾ ਪਾਰ ਕਰਕੇ ਉਸ ਪਿੱਛੇ ਦੌੜਦਾ ਗਿਆ। ਪਿੱਛਾ ਕਰਨ ਵਾਲੇ ਨੇ ਸੱਜੇ ਹੱਥ ਵਿਚ ਇਕ ਬਰਛਾ ਚੁੱਕਿਆ ਹੋਇਆ ਸੀ। ਜਗਤਾਰ ਨੇ ਅੱਖਾਂ ਨਾਲ ਨਾਲੇ ਦੀ ਚੁੜਾਈ ਨੂੰ ਮਿਣਿਆ। ਬਾਰਾਂ ਚੌਦਾਂ ਫੁੱਟ ਤੋਂ ਘੱਟ ਨਹੀਂ ਸੀ।

ਉਸ ਨੂੰ ਯਾਦ ਆਇਆ ਕਿ ਬਹੁਤ ਸਾਲ ਪਹਿਲਾਂ ਉਸ ਨੇ ਵੀ ਇੰਝ ਹੀ ਕਿਸੇ ਜਾਨਵਰ ਦਾ ਪਿੱਛਾ ਕਰਦਿਆਂ ਇਸੇ ਨਾਲੇ ਨੂੰ ਛਾਲ ਮਾਰ ਕੇ ਪਾਰ ਕੀਤਾ ਸੀ ਤੇ ਰਜ਼ੀਆ ਉਸ ਵੱਲ ਵਿਸਮਤ ਨਜ਼ਰਾਂ ਨਾਲ ਵੇਖਦੀ ਰਹਿ ਗਈ ਸੀ, 'ਉਦੋਂ ਮੈਂ ਵੀ ਇਸੇ ਤਰ੍ਹਾਂ ਜਵਾਨ ਤੇ ਫੁਰਤੀਲਾ ਸਾਂ,' ਉਹ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ, 'ਹਿਰਨਾਂ ਨਾਲ ਦੌੜਾ ਲਾਉਂਦਾ, ਬੰਦੂਕ ਲੈ ਕੇ ਸਾਰਾ ਸਾਰਾ ਦਿਨ ਜੰਗਲਾਂ 'ਚ ਘੁੰਮਦਾ ਤੇ ਸ਼ਾਮ ਪਏ ਤਕ ਤੀਹ ਕੋਹ ਪੈਂਡਾ ਕਰਕੇ ਘਰ ਵਾਪਸ ਆ ਜਾਂਦਾ ਸਾਂ। ਸ਼ਿਕਾਰ ਲਈ



ਨਿਕਲਿਆਂ ਮੁਦਤਾਂ ਹੋ ਗਈਆਂ। ਜਦੋਂ ਦੀ ਰਜ਼ੀਆ ਗਈ ਏ....। ' ਜਦ ਉਹ ਦਿਨ ਸਨ ਤਾਂ ਇਹ ਕੁਝ ਨਹੀਂ ਸੀ; ਜਦ ਇਹ ਸਭ ਕੁਝ ਹੈ ਤਾਂ ਉਹ ਦਿਨ ਨਹੀਂ ਰਹੇ....।' ਤੇ ਇਕ ਲੰਮਾ ਸਾਰਾ ਹੌਕਾ ਲੈ ਕੇ ਉਹ ਉਥੇ ਹੀ ਬੈਠਾ ਸੋਚਦਾ ਰਿਹਾ।

-----

ਕੁਝ ਦੇਰ ਬਾਅਦ ਜਗਤਾਰ ਨੇ ਵੇਖਿਆ ਕਿ ਉਹ ਬਾਰਾਂ ਸਿੰਘੇ ਦਾ ਪਿੱਛਾ ਕਰਨ ਵਾਲਾ ਮੁੰਡਾ ਵਾਪਸ ਆ ਰਿਹਾ ਹੈ। ਇਹ ਇਕ ਬਾਈ-ਤੇਈ ਵਰ੍ਹਿਆਂ ਦਾ, ਉਸ ਦੇ ਆਪਣੇ ਕਦ ਜਿੱਡਾ ਇਕ ਟੱਪਰੀ-ਵਾਸ ਨੌਜਵਾਨ ਸੀ। 'ਸ਼ਾਇਦ ਇਹ ਉਹੀ ਹੋਵੇਗਾ ਜਿਸ ਬਾਰੇ ਹਰਮੀਤ ਜ਼ਿਕਰ ਕਰ ਰਿਹਾ ਸੀ।' ਉਹ ਨਾਲੇ ਦੇ ਉਸ ਪਾਰ ਜਗਤਾਰ ਦੇ ਐਨ ਸਾਹਮਣੇ ਆ ਕੇ ਖੜ੍ਹਾ ਹੋ ਗਿਆ ਤੇ ਜਗਤਾਰ ਨੂੰ ਅਣਵੇਖਿਆਂ ਕਰਕੇ ਨਾਲੇ ਦੇ ਪਾਣੀ ਨਾਲ ਮੂੰਹ ਧੋਣ ਲੱਗਾ। ਜਗਤਾਰ ਨੂੰ ਲੱਗਾ ਜਿਵੇਂ ਪਹਿਲਾਂ ਕਦੀ ਉਸ ਨੇ ਇਸ ਨੂੰ ਕਿਤੇ ਵੇਖਿਆ ਹੋਵੇ।

''ਕੀ ਨਾਂ ਏ ਬਈ ਤੇਰਾ?'' ਜਗਤਾਰ ਨੇ ਪੁੱਛਿਆ।

ਮੁੰਡੇ ਨੇ ਇਕ ਵਾਰੀ ਉੱਪਰ ਤੱਕਿਆ ਤੇ ਬੇ-ਪਰਵਾਹੀ ਨਾਲ ਆਪਣਾ ਮੂੰਹ ਪੂੰਝਣ ਲੱਗਾ।

''ਮੈਂ ਤੇਰਾ ਨਾਂ ਪੁੱਛ ਰਿਹਾ ਹਾਂ?'' ਜਗਤਾਰ ਹਲੀਮੀ ਨਾਲ ਬੋਲਿਆ।

''ਮਹਿਰੂ।''

ਜਗਤਾਰ ਨੂੰ ਕੁਝ ਯਾਦ ਆਉਣ ਲੱਗਾ। ਉਸ ਨੇ ਇਕ ਵਾਰੀ ਰਜ਼ੀਆ ਨੂੰ ਕਿਹਾ ਸੀ, ''ਅਸੀਂ ਇਸ ਦਾ ਨਾਂ ਮਹਿਰੂ ਰੱਖਦੇ ਹਾਂ। ਤੂੰ 'ਮਹਿਰਦੀਨ' ਕਹਿ ਕੇ ਬੁਲਾ ਲਿਆ ਕਰੀਂ, ਮੈਂ 'ਮਹਿਰ ਸਿੰਘ' ਕਹਿ ਲਿਆ ਕਰਾਂਗਾ....।''

''ਤੂੰ ਇਹਨਾਂ ਨਾਲ ਹੀ ਰਹਿਨਾ ਏਂ?''

''ਹਾਂ।''

''ਤੇ ਤੇਰੇ ਮਾਂ ਪਿਓ?''

''ਨਹੀਂ।''

''ਤੂੰ ਇਹਨਾਂ ਦੀ 'ਜਾਤ' ਦਾ ਨਹੀਂ ਲਗਦਾ।'' ਜਗਤਾਰ ਬੋਲਿਆ ਤੇ ਵੇਖਿਆ ਇਕ ਕੁੜੀ ਉਸ ਦੇ ਕੋਲ ਆ ਖੜ੍ਹੀ ਹੋਈ ਹੈ। ਉਸ ਦੀ ਨਜ਼ਰ ਅਚਾਨਕ ਕੁੜੀ ਦੇ ਕੰਨਾਂ 'ਚ ਲਮਕਦੇ ਚਾਂਦੀ ਦੇ ਝੁਮਕਿਆਂ 'ਤੇ ਆ ਕੇ ਰੁਕ ਗਈ। ਉਹ ਉਹੀ ਝੁਮਕੇ ਸਨ ਜੋ ਉਸ ਨੇ ਰਜ਼ੀਆ ਨੂੰ ਲਖੀਮਪੁਰ ਦੇ ਮੇਲੇ ਤੋਂ ਲਿਆ ਕੇ ਦਿੱਤੇ ਸਨ। ਉਸ ਦਾ ਜੀਅ ਕੀਤਾ ਕਿ ਉਹ ਉਨ੍ਹਾਂ ਨੂੰ ਇਸ ਪਾਰ ਬੁਲਾ ਕੇ ਉਨ੍ਹਾਂ ਨਾਲ ਗੱਲਾਂ ਕਰੇ। ਪੁੱਛੇ, 'ਰਜ਼ੀਆ ਕਿੱਥੇ ਹੈ? ਕਿਵੇਂ ਹੈ? ਕਦੀ ਇਸ ਜਗ੍ਹਾ ਬਾਰੇ, ਮੇਰੇ ਬਾਰੇ ਕੋਈ ਜ਼ਿਕਰ, ਕੋਈ ਗੱਲ ਨਹੀਂ ਕੀਤੀ?.....ਨਹੀਂ ਕੀਤੀ ਹੋਣੀ....। ਵੇਖ ! ਜਿਸ ਥਾਂ 'ਤੇ ਤੂੰ ਖੜ੍ਹਾ ਏਂ ਇਹ ਜ਼ਮੀਨ ਤੇਰੀ ਏ.....। ਤੇਰੀ ਮਾਂ ਨਾਲ ਮੈਂ ਵਾਅਦਾ ਕੀਤਾ ਸੀ.....। ਤੂੰ ਇਹਨਾਂ ਟਪਰੀ ਵਾਸ ਲੋਕਾਂ ਦਾ ਸਾਥ ਛੱਡ ਦੇ....। ਮੈਂ ਤੈਨੂੰ ਏਥੇ ਪੱਕਾ ਮਕਾਨ ਬਣਵਾ ਦਿਆਂਗਾ....।'

''ਕੀ ਵੇਖ ਰਹੇ ਹੋ ਮੇਰੇ ਵੱਲ ਇੰਝ ਘੂਰ ਘੂਰ ਕੇ?'' ਕੁੜੀ ਜ਼ਰਾ ਤਿੱਖੀ ਹੋ ਕੇ ਬੋਲੀ।

''ਚੱਲ ਚੱਲੀਏ,'' ਮੁੰਡੇ ਨੇ ਉਸ ਦਾ ਹੱਥ ਫੜਦੇ ਹੋਏ ਕਿਹਾ ਤੇ ਉਹ ਦੋਵੇਂ ਆਪਣੀਆਂ ਝੌਂਪੜੀਆਂ ਵੱਲ ਪਰਤ ਪਏ।


''ਇਹ ਝੁਮਕੇ .....?'' ਉਸ ਨੇ ਕਹਿਣਾ ਚਾਹਿਆ ਪਰ ਅਵਾਜ਼ ਉਸ ਦੇ ਗਲੇ ਵਿਚ ਹੀ ਰੁਕ ਗਈ।

**Y- 30 Hauz Khaas,**
**New Delhi-110016.**

*ਹਿੰਦੀ ਕਹਾਣੀ*

# *ਨਾਚ ਦੇ ਬਾਹਰ*

**ਗੌਰੀ ਨਾਥ**



ਖ਼ੰਜਨ ਮੁਸਾਫਰ ਖਾਨੇ ਤੋਂ ਥੋੜੀ ਦੂਰ ਹੀ ਸਰੀਂਹ ਥੱਲੇ ਖੜੀ ਹੋ ਜਾਂਦੀ ਹੈ। ਜੇਠ ਮਹੀਨੇ ਦੀ ਤਿੱਖੀ ਧੁੱਪ 'ਚ ਸੜਕ ਉੱਤੇ ਪਾਈ ਹੋਈ ਲੁੱਕ ਪਿਘਲ ਗਈ ਹੈ। ਉਸ ਉਪਰ ਠਕ ਠਕ ਕਰਕੇ ਚਲਦੇ ਪੈਰ ਲੁੱਕ ਨਾਲ ਚੁੰਬੜ ਰਹੇ ਸਨ। ਬਲਾਕ ਦੇ ਨਜ਼ਦੀਕ 'ਚ ਹੀ ਉਸਨੇ ਪੱਕੀ ਸੜਕ ਛੱਡ ਕੇ ਪਗਡੰਡੀ ਫੜ ਲਈ ਸੀ। ਸ਼ਰੀਹ ਥੱਲੇ ਪਹੁੰਚ ਕੇ ਉਸ ਨੇ ਕਾਫੀ ਅਰਾਮ ਮਹਿਸੂਸ ਕੀਤਾ। ਪੈਰਾ ਥੱਲੇ ਨਰਮ ਨਰਮ ਘਾਹ ਅਤੇ ਸ਼ਰੀਂਹ ਦੀ ਗੂੜੀ ਛਾਂ, ਜੀਕਣ ਜਲ਼ੇ ਉਤੇ ਲਾਈ ਠੰਢੀ ਮਲਹਮ ਹੋਵੇ! ਉਹ ਉਥੇ ਹੀ ਖੜੀ ਸਟੇਸਨ ਤੇ ਚਹਿਲ ਪਹਿਲ ਦੇਖ ਰਹੀ ਹੈ।

ਫਾਰਬਿਸਗੰਜ ਵੱਲੋਂ ਆਈ ਹੋਈ ਗੱਡੀ ਰੁਕਦੀ ਹੈ। ਕੁਝ ਲੋਕ ਉਤਲਦੇ ਹਨ, ਕੁਝ ਲੋਕ ਚੜਦੇ ਹਨ ਅਤੇ ਗੱਡੀ 'ਸਹਰਸਾ' ਵੱਲ ਚੱਲ ਪੈਂਦੀ ਹੈ। ਉਤਰੇ ਹੋਏ ਮੁਸਾ.ਫ਼ਰ ਬਸ, ਟੈਕਸੀ ਅਤੇ ਰਿਕਸੇ ਵੱਲ ਦੌੜ੍ਹਦੇ ਹਨ। ਭੀਮਨਗਰ-ਬੀਰਪੁਰ ਨੂੰ ਜਾਣ ਲਈ ਬੱਸਾਂ ਲੱਗੀਆਂ ਹੋਈਆਂ ਹਨ, ਸਿਹੇਛਵਰ-ਮਾਧੇਪੁਰ ਦੀਆਂ ਵੀ। ਜੀਪ-ਟੈਕਸੀ ਵੀ. ਬਸਾਂ ਦੀਆਂ ਘਰਰ-ਘਰਰ ਦੀਆਂ ਆਵਾਜ਼ਾਂ ਵਿੱਚ ਸਵਾਰੀਆਂ ਦੀਆਂ ਤੇਜ਼ ਆਵਾਜ਼ਾਂ ਆ ਰਹੀਆਂ ਹਨ। ਰਿਕਸ਼ੇ ਵਾਲੇ ਸ਼ੋਰ ਮਚਾ ਰਹੇ ਹਨ-ਸਿਮਰਾਹੀ, ਗਨਪਤਗੰਜ, ਧਰਹਾਰਾ,...।

ਪਰ, ਕੁਝ ਦੀ ਦੇਰ ਬਾਅਦ ਸਾਰਾ ਸ਼ੋਰ ਖਤਮ ਹੋ ਜਾਂਦਾ ਹੈ। ਰਾਧੋਪੁਰ ਸਟੇਸ਼ਨ ਦਾ ਭੀੜ ਭਰਿਆ ਪਲੇਟਫਾਰਮ ਵੀਰਾਨ ਹੋ ਜਾਂਦਾ ਹੈ। ਰਹਿ ਜਾਂਦੇ ਹਨ ਫਾਰਬਿਸਗੰਜ ਵੱਲ ਜਾਣ ਵਾਲੇ ਕੁਝ ਮੁਸਾਫਰ। ਕਾਲਾ ਮੰਜਨ ਵੇਚਣ ਵਾਲਾ ਮਦਾਰੀ। ਜਮੂਰਾ। ਉਸਦਾ ਬੰਦਰ। ਦੁਪਹਿਰ ਬਾਅਦ ਦੀ ਉਦਾਸੀ।...

ਖ਼ੰਜਨ ਹੌਲੀ-ਹੌਲੀ ਚਲ ਕੇ ਮੁਸਾਫਰ ਖਾਨੇ ਦੇ ਵਿਚ ਆਉਂਦੀ ਹੈ। ਡਰ ਤੇ ਹੈਰਾਨੀ ਨਾਲ ਕੁਝ ਚਿਰ ਖੜੀ ਰਹਿੰਦੀ ਹੈ। ਸਿਮਰਾਹੀ ਬਾਜਾਰ ਤੋਂ ਨੀਬੂ, ਅਦਰਕ ਵੇਚ ਕੇ ਪਰਤੀ ਹੈ। ਸਿਰ ਉਪਰ ਟੋਕਰੀ ਹੈ। ਟੋਕਰੀ ਵਿਚ ਛੋਟੀਆਂ ਵੱਡਅੀਆਂ ਪੋਟਲੀਆਂ ਹਨ-ਆਟਾ, ਚਾਵਲ ਅਤੇ ਦਾਲ ਦੀਆਂ। ਅੱਧਾ ਪਾਈਆ ਦੀ ਕੌੜੇ ਤੇਲ ਦੀ ਸ਼ੀਸ਼ੀ, ਮਾਚਿਸ ਅਤੇ ਬੀੜੀ ਦਾ ਡੱਬਾ। ਤੇ ਮਨ ਵਿਚ ਸਾਮਾਨ ਦਾ ਹਿਸਾਬ-ਕਿਤਾਬ... ਕੁਝ ਦੇਰ ਤੱਕ ਖੜੀ ਕੁਝ ਸੋਚਦੀ ਰਹੀ ਅਤੇ ਫਿਰ ਲਾਇਨ ਪਾਰ ਕਰਕੇ ਮੁਸ਼ਤਾਕ ਦੀ ਦੁਕਾਨ 'ਤੇ ਚਾਹ



ਪੀਣ ਚੱਲੇ ਜਾਂਦੀ ਹੈ।

ਮੁਸਤਾਕ ਦੀ ਦੁਕਾਨ 'ਚ ਧੀਮੀ ਸੁਰ ਵਿਚ ਰੇਡੀਓ ਵਜ ਰਿਹਾ ਹੈ। ਦਰਭੰਗਾ ਤੋਂ ਕੋਈ ਮੈਥਲੀ ਲੋਕਗੀਤ ਆ ਰਿਹਾ ਹੈ।

ਖ਼ੰਜਨ ਰੇਡੀਓ ਉਪਰ ਆ ਰਹੇ ਲੋਕਗੀਤ ਸੁਨਣਾ ਚਾਹੁੰਦੀ ਹੈ, ਪਰ ਦੂਜੇ ਪਾਸੇ ਤੋਂ ਦੁਕਾਨ 'ਚ ਵੱਜ ਰਹੇ ਟੇਪਰਿਕਾਰਡਰ ਦੇ ਸ਼ੋਰ ਨਾਲ ਕੁਝ ਵੀ ਨਹੀਂ ਸੁਣ ਰਿਹਾ। ਮੁਸ਼ਤਾਕ ਨੂੰ ਸੱਠ ਪੈਸੇ ਦੇ ਕੇ ਬੀੜੀ ਲਗਾ ਲੈਂਦੀ ਹੈ ਅਤੇ ਸਿਰ ਉੱਤੇ ਟੋਕਰੀ ਚੁੱਕ ਕੇ ਪਲੇਟਫਾਰਮ ਵੱਲ ਚੱਲ ਪੈਂਦੀ ਹੈ। ਸ਼ੈਡ ਨੂੰ ਪਾਰ ਕਰਕੇ ਥੋੜਾ ਪੂਰਬ ਵੱਲ ਅਮਲਤਾਸ ਦੀ ਛਾਂ 'ਚ ਟੋਕਰੀ ਰੱਖ ਕੇ ਘਾਹ ਉੱਪਰ ਬੈਠ ਜਾਂਦੀ ਹੈ। ਸਾੜੀ ਦੇ ਲੜ ਨਾਲ ਚਿਹਰੇ ਦਾ ਪਸੀਨਾ ਪੂੰਝ ਕੇ , ਉਸ ਨਾਲ ਹਵਾ ਮਾਰਦੀ ਹੈ।

ਸ਼ੈੱਡ 'ਚ ਪਏ ਬੈਂਚ ਉਪਰ ਵਧੇਰੇ ਕਰਕੇ ਸਭਿਆ ਪਰਿਵਾਰਾ ਦੇ ਪੜ੍ਹੇ-ਲਿਖੇ ਲੋਕ ਹੀ ਬੈਠੇ ਹਨ। ਸਾਧਾਰਨ ਬੁੱਢੇ ਅਤੇ ਨਿਮਨਵਰਗ ਦੇ ਲੋਕ ਥੱਲੇ। ਖ਼ੰਜਨ ਦੀ ਨਜ਼ਰ ਸੱਜੇ ਪਾਸੇ ਦੇ ਬੈਂਚ ਉਪਰ ਟਿਕ ਜਾਂਦੀ ਹੈ। ... ਇਕ ਖਾਂਦੀ-ਪੀਂਦੀ ਲੱਗ ਰਹੀ ਘਰ ਦੀ ਔਰਤ ਹੱਥ ਵਿਚ ਕੋਈ ਪ੍ਰਤਿਕਾ ਲਈ ਬੈਠੀ ਹੈ। ਇਕਹਿਰਾ-ਗੱਠਵਾ, ਕੇਲੇ ਵਰਗਾ ਪਤਲਾ ਸ਼ਰੀਰ। ਅੱਗੋਂ ਤੋਂ ਮੱਥੋਂ ਮੋਹਰਿਓ ਕੱਟੇ ਮਾਡਰਨ ਵਾਲ਼।... ਉਸ ਦੇ ਨਾਲ ਆਪਣੇ ਵੱਲ ਧਿਆਨ ਕੇਂਦਰਤ ਕਰਦਾ ਇੱਕ ਬੱਚਾ ਖੇਡ ਰਿਹਾ ਹੈ। ਬੱਚਾ ਟਿਕ ਕੇ ਨਹੀਂ ਬੈਠਦਾ। ਕਦੇ ਅੱਗੇ ਰੱਖੇ ਬ੍ਰੀਫਕੇਸ਼ 'ਤੇ ਬੈਠਦਾ ਹੈ। ਕਦੀ ਮਾਂ ਦੀ ਗੋਦ ਵਿਚ। ਕਦੀ ਮਾਂ ਦੇ ਹੱਥ ਵਿੱਚੋਂ ਪੱਤ੍ਰਿਕਾ ਖੋਹਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਵਿਚ ਹੀ ਪੱਤ੍ਰਿਕਾ ਦੇ ਪੰਨੇ ਉਪਰ ਇਕ ਤਸਵੀਰ ਖ਼ੰਜਨ ਦੀ ਨਜ਼ਰ ਨਾਲ ਟਕਰਾਦੀ ਹੈ- ਅਰਧ-ਨਗਨ ਜਿਹੀ ਇਕ ਮੁਟਿਆਰ ਇਕ ਗੱਭਰੂ ਦੀਆਂ ਬਾਂਹਾ ਵਿਚ ਮੁਸਕਰਾ ਰਹੀ ਹੈ। ਰੰਗੀਨ ਮੁਸਕ੍ਰਾਹਟ!... ਮਨ ਹੀ ਮਨ ਖ਼ੰਜਨ ਕਹਿੰਦੀ ਹੈ- 'ਬੇਸ਼ਰਮ ਔਰਤ! ਇਹੀ ਕੁਝ ਪੜ੍ਹਦੀ ਦੇਖਦੀ ਹੈ?... ' ਉਦੋ ਹੀ ਉਸ ਦੀ ਨਜ਼ਰ ਔਰਤ ਦੇ ਨਾਲ ਬੈਠੇ ਆਦਮੀ ਵੱਲ ਜਾਂਦੀ ਹੈ। ਜਿਹੜਾ ਸ਼ੈਡ ਦੇ ਪਿਲਰ ਦੇ ਉਹਲੇ ਹੋਣ ਕਰਕੇ ਨਹੀਂ ਦਿਸ ਰਿਹਾ ਸੀ ਜੋ ਕੋਈ ਮੋਟੀ ਜਿਹੀ ਕਿਤਾਬ ਪੜ੍ਹ ਰਿਹਾ ਹੈ। ਜਿਸ ਦੇ ਕਵਰ ਉਤੇ ਰਿਵਾਲਵਰ ਤਾਣੀ ਹੋਈ ਇਕ ਨੰਗੀ ਮੁਟਿਆਰ ਦਾ ਚਿੱਤਰ ਹੈ। ਉਹ ਅੰਦਾਜਾ ਲਾਉਂਦੀ ਹੈ ਜਰੂਰ ਇਸ ਔਰਤ ਦਾ ਪਤੀ ਹੋਵੇਗਾ। ਕਿ ਉਦੋਂ ਹੀ ਉਹ ਚੌਂਕਦੀ ਹੈ। ਉਸ ਦੇ ਅੰਦਰੋਂ ਇਕ ਹੂਕ ਜਿਹੀ ਉਠਦੀ ਹੈ। ਕੁਝ ਪਲਾ ਦੇ ਲਈ ਉਸ ਨੂੰ ਜਿਵੇਂ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਹੀਂ ਹੁੰਦਾ 'ਬਾਬੂ ਸਾਹਿਬ' ਸ਼ਬਦ ਬੁੱਲ੍ਹਾ ਤੇ ਆਉਂਦੇ ਆਉਂਦੇ ਹੀ ਰੁਕ ਜਾਂਦੇ ਹਨ। ਇਕਵਾਰ ਤਾਂ ਸਾਰਾ ਸ਼ਰੀਰ ਕੰਬ ਕੇ ਰਹਿ ਜਾਂਦਾ ਹੈ। ਜਿਵੇਂ ਭੁਚਾਲ ਨਾਲ ਕੰਬਦੀ ਹੋਵੇ ਕੋਈ ਮਿੱਟੀ ਦੀ ਮੂਰਤ!

ਸਹਿਜ ਨਾਲ ਥੱਲੇ ਝੁਕ ਕੇ ਟੋਕਰੀ ਉਠਾਉਂਦੀ ਹੈ ਖ਼ੰਜਨ ਅਤੇ ਪੂਰਬ ਵੱਲ ਪਲੇਟਫਾਰਮ ਦੇ ਆਖਰੀ ਸਿਰੇ ਵੱਲ ਚਲੀ ਜਾਂਦੀ ਹੈ। ਝਾੜੀਆਂ ਦੇ ਆਸਰੇ ਨਾਲ ਕਚਨਾਰ ਦੇ ਥੱਲੇ ਟੋਕਰੀ ਰੱਖ ਲੱਤਾ ਕੱਠੀਆਂ ਕਰਕੇ ਬੈਠਦੀ ਹੈ। ਇਕ ਵਾਰ ਫਿਰ ਸ਼ੈਡ ਵੱਲ ਝਾਕ ਕੇ ਦੇਖਦੀ ਹੈ। ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗਦੇ ਹਨ।

ਗੁਲਮੋਹਰ ਦੇ ਥੱਲੇ ਮੱਖੀਆਂ ਦੀ ਅਜੀਬ ਗੂੰਜ ਆ ਰਹੀ ਹੈ। ਮੋਹਰਿਓ ਲਾਇਨ ਠੀਕ ਕਰਨ ਵਾਲਾ ਮਿਸਤਰੀ ਇਕ ਹੱਥ 'ਚ ਝੋਲਾ ਲਟਕਾਈ, ਦੂਸਰੇ ਹੱਥ ਨਾਲ ਮੋਢੇ 'ਤੇ ਲੰਮਾ ਡੰਡੇ ਵਾਲਾ ਹਥੋੜਾ ਫੜ੍ਹੀ ਘੁੰਮਦਾ ਹੋਇਆ ਪਰਤ ਜਾਂਦਾ ਹੈ। ਪਿੱਛੇ ਦੀ ਕਲੋਨੀ 'ਚ ਐਫ. ਥਰੀ ਦਾ ਬੁੱਢਾ ਤਿਵਾੜੀ ਗਾ ਰਿਹਾ ਹੈ-

ਤੋਕੇ ਪੀਵ ਮਿਲੇਂਗਾ
ਘੁੰਗਟ ਕੇ ਪਟ ਖੋਲ ਰੇ।
ਘਟ ਘਟ ਮੇਂ ਵਹ ਸਾਈਂ ਰਹਿਤਾ
ਕਟੁਕ ਬਚਨ ਮਤ ਬੋਲ ਰੇ।
ਧਨ ਜੋਬਨ ਕੋ ਗਰਬ ਨਾ ਕੀਜੈ
ਝੂਠਾ ਪੰਚਰੰਗ ਚੋਲ ਰੇ।
ਸੁਨ ਮਹਲ ਮੇਂ ਦਿਅਨਾ ਬਾਰਿ ਲੇ
ਆਸਨ ਸੋ ਮਤ ਡੋਰ ਰੇ।...

ਲਾਇਨ ਤੋਂ ਪਾਰ ਇਕ ਸੁੱਕੇ ਦਰਖਤ ਚੋਂ , ਜਿਸ ਦੀ ਛਿਲਕ ਵੀ ਲੱਥੀ ਹੋਈ ਹੈ ਇਕ

ਚੱਕੀਰਾਹਾ ਆਪਣੀ ਸਖਤ ਚੁੰਝ ਨਾਲ ਖੁੱਡ ਕੱਢ ਰਹੀ ਹੈ। ਖੰਜਨ ਅਤੀਤ ਦੀ ਪਹਾੜੀ ਤੋਂ ਉਤਰਦੀ ਚੱਲੀ ਜਾ ਰਹੀ ਹੈ-

ਚਾਰਾ ਦਿਸ਼ਾਵਾਂ ਦੇ ਦੇਵੀ-ਦੇਵਤਿਆਂ ਦੀ ਪੂਜਾ ਤੋਂ ਬਾਅਦ ਕੁਝ ਪਲਾ ਲਈ ਮੰਚ ਖਾਲੀ ਹੋ ਜਾਂਦਾ ਹੈ। ਵਾਜੇ ਗਾਜੇ ਬੰਦ।

ਟੋਲੇ ਦੇ ਨਾਲ ਹੀ, ਕਲਮਬਾੜੀ ਦੇ ਬਗਲ 'ਚ ਪਿੰਡ ਦਾ ਮੰਦਰ। ਕਾਲੀ ਮਾਤਾ ਦਾ ਮੰਦਰ! ਮੰਦਰ ਦਾ ਲੰਬਾ ਚੌੜਾ ਹਾਤਾ। ਉਸ ਹਾਤੇ 'ਚ ਬੈਚ ਜੋੜ ਕੇ ਬਣਿਆ ਹੈ ਮੰਚ। ਉਪਰ ਕਨਾਤ। ਪਿਛਵਾੜੇ ਲਾਲ ਕੱਪੜੇ ਦਾ ਇਕ ਮਾਤਰ ਪਰਦਾ। ਦੋਹਾਂ ਪਾਸਿਆਂ ਤੇ ਦੋ ਪੇਟ੍ਰੋਮੈਕਸ। ਪੇਟ੍ਰੋਮੈਕਸ ਦੇ ਪ੍ਰਕਾਸ਼ 'ਚ ਦਰਖਤਾਂ ਦੇ ਪੱਤੇ ਦਿਖ ਰਹੇ ਹਨ। ਚਿੜੀਆਂ ਹੋਲੀ ਹੌਲੀ ਖੰਬ ਫੜ-ਫੜਾ ਰਹੀਆਂ ਹਨ। ਉਸ ਦੀਆਂ ਅੱਖਾਂ ਚੁੰਧਿਆ ਰਹੀ ਹੈ ਸਾਇਦ। ਖੁੱਲੇ ਆਕਾਸ਼ ਦੇ ਥੱਲੇ ਬੈਠੇ ਔਰਤ ਮਰਦ, ਬੁੱਢੇ-ਬੱਚਿਆ ਦੀ ਭੀੜ ਵਿਚ ਹਾਸਾ ਖਿਲਰ ਜਾਂਦਾ ਹੈ।

ਹਾਰਮੋਨੀਅਮ ਮਾਸਟਰ ਦੀਆਂ ਉਂਗਲੀਆਂ ਥਿਰਕਨ ਲੱਗਦੀਆਂ ਹਨ। ਢੋਲਕ ਉੱਪਰ ਜੋਰ ਨਾਲ ਥਾਪ ਪੈਂਦਾ ਹੈ। ਨਗਚੂੜੀ ਅਤੇ ਕਲਾਰਨੇਟ ਵਾਲੇ ਵੀ ਸ਼ੁਰੂ ਹੋ ਜਾਂਦੇ ਹਨ।...

ਤੇਜ ਅਤੇ ਸਾਫ ਗਲੇ ਨਾਲ ਗਾਉਂਦੀ ਡੋਮਿਨੀ ਲੜਕੀਆਂ ਪਾਣੀ ਭਰਨ ਨੂੰ ਚੱਲੀਆ ਹਨ, ਏਧਰ।

ਸਭ ਦੇ ਹੱਥ ਵਿਚਲਾ ਘੜਾ ਕਮਰ ਉੱਪਰ ਆ ਗਿਆ ਹੈ। ਕਦੀ ਇਕ ਲੈਅ ਨਾਲ ਚੱਕਰ ਕੱਟਦੀਆਂ ਹਨ ਤੇ ਕਦੀ ਕਦੀ ਇਕ ਲੈਅ ਨਾਲ ਰੁਕ ਜਾਂਦੀਆਂ ਹਨ।

ਦਰਸ਼ਕ-ਲੋਕਾਂ ਦੀਆਂ ਅੱਖਾਂ ਨਾਚ ਦੇ ਮਨਮੋਹਣੇ ਦ੍ਰਿਸ਼ਾਂ ਨਾਲ ਬੰਨ ਹੋ ਜਾਂਦੀਆਂ ਹਨ। ਉਨ੍ਹਾਂ ਦੇ ਅੰਦਰ ਸਮਾ ਜਾਂਦਾ ਹੈ ਸੁਰਾਂ ਦਾ ਤੇ ਸੁਰੀਲੀ ਆਵਾਜ਼ ਦਾ ਜਾਦੂ। ਨਾਚ ਦਾ ਦ੍ਰਿਸ਼ ਅੱਗੇ ਵੱਧਦਾ ਹੈ।

... ਪੱਕੀ ਸੜ੍ਹਕ ਉੱਤੇ ਘੋੜਾ ਰੋਕ ਕੇ ਖੜ੍ਹੇ ਜ਼ਾਲਿਮ ਸਿੰਘ ਦੀ ਨਜ਼ਰਾਂ ਮੁੰਗਾ ਉੱਪਰ ਜਾਂਦੀ ਹੈ ਤੇ ਉਥੇ ਹੀ ਟਿਕ ਜਾਂਦੀ ਹੈ।

ਵਾਰੀ ਵਾਰੀ ਸਾਰੀਆਂ ਲੜ੍ਹਕੀਆਂ ਪਾਣੀ ਭਰਨ ਚਲੇ ਗਈਆਂ ਪਰ ਮੁੰਗਾ ਅਜੇ ਤੱਕ ਖੜ੍ਹੀ ਹੈ। ਮੁੰਗਾ ਤੋਂ ਰੱਸੀ ਖਿੱਚੀ ਨਹੀਂ ਜਾਂਦੀ। ਜ਼ਾਲਿਮ ਸਿੰਘ ਦੀਆਂ ਨਜ਼ਰਾ ਉਸ ਨੂੰ ਇਕ ਟੱਕ ਦੇਖ ਰਹੀਆਂ ਹਨ। ਉਹ ਨਜਦੀਕ ਆਉਂਦਾ ਜਾਂਦਾ ਹੈ। ਨਾਲ ਖੜੀ ਮੁੰਗਾ ਦੀ ਭਾਬੀ ਜਾਲਿਮ ਸਿੰਘ ਨੂੰ ਝਿੜਕਦੀ ਹੈ ਕਿ ਉਸਦੀ ਨਨਦ ਉੱਪਰ ਇਸ ਤਰ੍ਹਾਂ ਦੀਆਂ ਨਜ਼ਰਾ ਨਾ ਰੱਖੇ! ਜੇ ਗੱਲ ਕਰਨੀ ਹੈ ਤਾਂ ਥੋੜ ਦੂਰ ਹੋ ਕਰੇ!...

ਪਰ ਜ਼ਾਲਿਮ ਸਿੰਘ ਕੁਝ ਨਹੀਂ ਸੁਣਦੇ। ਮੁੰਗਾ ਦੀ ਬਾਂਹ ਫੜ ਕੇ ਘੋੜੇ 'ਤੇ ਚੜ੍ਹਾ ਲੈਂਦੇ ਹਨ।

ਅੱਗੇ ਕੋਈ ਵਿਰੋਧ ਨਹੀਂ! ਇਨਕਾਰ ਨਹੀ!...

ਵਾਜੇ 'ਤੇ ਵਿਦਾਈ ਦਾ ਰਾਗ ਵੱਜਦਾ ਹੈ।...

ਪਿੰਡ ਦੇ ਵਿਚਕਾਰ ਦੀ ਲੰਘਦੀ ਹੋਈ ਮੱਟਮੈਲੀ ਨਦੀ। ਪਿੰਡ ਦਾ ਇਕ ਮਾਤਰ ਛੋਟੀ ਜਾਤੀਆਂ ਦਾ ਟੋਲਾ! ਪਿੰਡ ਦੇ ਪੱਛਮ ਵੱਲ ਨਜਾਇਜ ਤੌਰ ਤੇ ਏਧਰ ਉਧਰ ਵਸਿਆ ਹੋਇਆ ਹੈ। ਛੋਟੇ ਛੋਟੇ ਝੋਪੜੀ-ਨੁਮਾ ਘਰ। ਟੁੱਟੇ ਹੋਏ ਤੇ ਛਣੇ ਹੋਏ ਟਾਟਾ ਨਾਲ ਘਿਰੇ ਹੋਏ ਆਇਤਾਕਾਰ ਵਿਹੜੇ। ਬਗਲ ਵਿਚ ਸੁਆਹ ਤੇ ਕਚਰੇ ਦੇ ਢੇਰ। ਪਿੱਛੇ ਕੂੜੇ ਦੀ ਰਲੀ ਮਿਲੀ ਬਦਬੂ। 'ਕੁਕੜੂ-ਘੜੂ ਕਰਦੇ ਕੁੱਕੜ, ਅਤੇ ਘਾਹ ਖਾਂਦੀਆਂ ਬਕਰੀਆਂ। ... ਜ਼ਖਮਾਂ ਵਿੱਚੋ ਰਿਸ ਰਹੀ ਪੀਕ ਦੁਆਲੇ ਮੰਡਰਾਉਂਦੀਆਂ ਮੱਖੀਆਂ ਦਾ ਵਾਤਾਵਰਨ ਵਾਲਾ ਇਹ ਟੋਲਾ ਆਪਣੇ ਆਰਥਿਕ ਸਮਾਜਿਕ ਵਿਕਾਸ ਦਾ ਗਰਾਫ਼ ਬੁੱਕਲ 'ਚ ਲਈ ਸੁੱਤਾ ਹੀ ਪਿਆ ਹੈ। ਅਤੇ ਨਦੀ ਦੇ ਉਸ ਪਾਰ, ਕੇਵਲ ਫਰਲਾਂਗ ਦੀ ਦੂਰੀ ਤੇ ਉਗਰਨਾਥ ਬਾਬੂ ਦੀ ਕਾਮਤ! ਸਾਮੰਤੀ ਸਤੂਪ ਵਾਂਗ ਦੂਰ ਤੋਂ ਹੀ ਦਿਖਾਈ ਦੇਣ ਲੱਗ ਪੈਂਦੀ ਹੈ। ਇਸ ਟੋਲੇ ਦਾ ਸਾਲ ਭਰ ਗੁਜਾਰਾ ਕਰਨ ਜੋਗਾ ਅਨਾਜ ਸਭ ਸਾਰਾ ਸਾਲ ਟਰੱਕਾਂ ਉੱਪਰ ਲੱਦ ਕੇ ਕਾਮਤ ਦੇ ਸ਼ਾਹਿਰ ਜਾਂਦਾ ਹੈ। ਔਰ ਕਾਮਤ ਦੀ ਦੀ ਜ਼ਮੀਨ 'ਚ ਰਹਿ ਰਹੇ ਇਸ ਟੋਲੇ ਦੇ ਲੋਕ ਜੋ ਉਸ ਦੇ ਖਰੀਦੇ ਮਜ਼ਦੂਰ ਹਨ, ਬੋਰੀਆਂ ਵਿਚ ਅਨਾਜ਼ ਭਰ ਕੇ ਭੇਜਦੇ ਰਹਿੰਦੇ ਹਨ। ਅਤੇ ਕਾਲਾ ਧੂੰਆਂ ਛੱਡਦੇ ਟਰੱਕਾਂ ਦੀ ਘਰਰ-ਘਰਰ ਕਰਦੇ ਧੂੜ ਉਡਾਉਂਦੇ ਜਾਂਦੇ ਦੇਖਦੇ ਰਹਿੰਦੇ ਹਨ।

ਨਦੀ ਦੇ ਪੱਛਮ ਕੇ ਕਿਨਾਰੇ ਕਿਤੇ ਕਿਤੇ ਬਾਂਸ ਅਤੇ ਫਲਦਾਰ ਦਰਖਤ ਹਨ। ਪੂਰਬ ਵੱਲ ਦੂਰ



ਤੱਕ ਫੈਲਿਆ ਖੇਰੋਂ ਦਾ ਜੰਗਲ। ਕੇਵਲ ਕਾਮਤ ਦੇ ਨਜ਼ਦੀਕ ਵਿਸ਼ਾਲ ਕਲਮਬਾੜੀ। ਕਈ ਏਕੜ ਵਿੱਚ ਛੀਛਮ ਅਤੇ ਬਾਂਸ। ਸੈਕੜੇ ਏਕੜ ਵਾਹੀ ਯੋਗ ਜ਼ਮੀਨ, ਜਿਸ ਵਿਚ ਝੋਨਾ, ਕਣਕ, ਮੱਕੀ, ਮਟਰ, ਆਦਿ ਦੀਆਂ ਫਸਲਾਂ ਹੁੰਦੀਆਂ ਹਨ। ...

ਉਸ ਦਿਨ ਘਾਹ ਕੱਟਣ ਲਈ ਘਰ ਤੋਂ ਇੱਕਲੀ ਨਿਕਲੀ ਸੀ ਖੰਜਨ। ਘਾਟ ਉੱਤੇ ਆ ਕੇ ਕੁਝ ਪਲ ਰੁਕੀ ਸੀ ਕਿ ਕੋਈ ਨਾਲ ਆ ਰਲ਼ਿਆ।... ਹਾੜ ਬੀਤ ਰਿਹਾ ਸੀ। ਆਲੇ ਦੁਆਲੇ ਉੱਗੇ ਘਾਹ, ਅਤੇ ਹੋਰ ਜੜ੍ਹੀ ਬੂਟੀਆਂ, ਬੂਟੀ ਹੋਰ ਵੱਡੇ ਹੋ ਰਹੇ ਸਨ। ਖ਼ੰਜਨ ਗੁੰਮਸੁੰਮ ਨਦੀ ਦੇ ਕਿਨਾਰੇ ਬੈਠੀ ਉਸ ਵੱਲ ਟਿਕਟਿਕੀ ਲਗਾ ਕੇ ਦੇਖ ਰਹੀ ਸੀ। ਉਦੋਂ ਹੀ ਸਾਹਮਣੇ ਵਾਲੀ ਭੈਣਜੀ ਕਾਲੀ ਕਾਲਖ ਲੱਗੀ ਦੇਗਚੀ, ਲੋਟਾ ਲੈ ਲੇ ਘਾਟ ਉੱਪਰ ਉਤਰੀ ਸੀ। ਘਾਟ ਦੇ ਨਾਲ ਦੇ ਘਰਾਂ ਦੇ ਭਾਂਢੇ ਇਥੇ ਹੀ ਧੋਤੇ ਜਾਂਦੇ ਹਨ। "ਕਿਸ ਯਾਰ ਨੂੰ ਉਡੀਕ ਰਹੀ ਏ ਖ਼ੰਜਨ ?" ਸਾਹਮਣੇ ਵਾਲੀ ਹਮਲਾ ਕਰਨ ਲਈ ਕਹਿੰਦੀ ਹੈ।

"ਤੇਰੇ ਸ਼ਰੀਰ ਨੂੰ ਅੱਗ ਲੱਗ ਜਾਵੇ! ਕੁੱਤੀਏ ਚੁੜੇਲੇ!... " ਸਾਹਮਣੇ ਵਾਲੀ ਦੀ ਗੱਲ ਤੋਂ ਦੁੱਖੀ ਹੋ ਕੇ ਖੰਜ਼ਨਾ ਨੇ ਕਿਹਾ। ਦਿਨ ਥੋੜਾ ਹੀ ਰਹਿ ਗਿਆ ਸੀ। ਆਸੇ-ਪਾਸੇ ਤੋਂ ਕਿਸੇ ਨੂੰ ਆਉਂਦੇ ਨਾ ਦੇਖ ਅਖੀਰ ਖ਼ੰਜਨ ਨਦੀ ਵਿੱਚ ਉਤਰ ਗਈ।

"ਭੰਜੂਰਾਮ ਨੂੰ ਅਪਣਾ ਕੇ ਵਰਦਾਨ ਨਹੀਂ ਦੇਵੇਗੀ,"ਪਾਣੀ 'ਚ ਭਾਂਢੇ ਥੋਂਦੀ ਸਾਹਮਣੇ ਵਾਲੀ ਨੇ ਪੁੱਛਿਆ ਸੀ।

"ਤੂੰ ਹੀ ਚੁੰਮਾ-ਚੱਟੀ ਕਰ ਲਵੀਂ, " ਛਾਤੀ ਤੱਕ ਪਾਣੀ ਵਿਚੱ ਉਤਰਦੀ ਉਹ ਕਹਿ ਰਹੀ ਸੀ।

"ਮੇਰੇ ਆਦਮੀ ਨਾਲ ਤੂੰ ਸੌਵੇਂਗੀ ?"

"ਮੈਂ ਕਿਓ ! ਤੇਰੀ ਭੈਣ!" ਖ਼ੰਜਨ ਹੱਸ ਪਈ ਸੀ।

ਬਾਹਰ ਨਿਕਲਣ ਤੇ ਭਿੱਜੀ ਸਾੜੀ ਸਰੀਰ ਨਾਲ ਚਿਪਕ ਜਾਂਦੀ ਹੈ। ਖੇਰਵਨੀ ਵਿੱਚ ਪਗਡੰਡੀ ਤੋਂ ਹੱਟ ਕੇ ਉਹਲੇ ਵਿੱਚ ਗਈ ਅਤੇ ਸਾੜ੍ਹੀ ਖੋਲ ਕੇ ਪਾਣੀ ਨਿਚੋੜਨ ਲੱਗ ਪਈ। ਆਪਣੇ ਨਗਨ ਸ਼ਰੀਰ ਨੂੰ ਆਪ ਹੀ ਦੇਖਦੀ ਹੋਈ ਉਸ ਦੇ ਰੋਮ ਖੜੇ ਹੋ ਗਏ ਅਤੇ ਬੁੱਲ੍ਹ ਕੰਬਣ ਲੱਗ ਪਏ।

ਕਾਮਤ ਦੇ ਮਹੂਏ ਵਾਲੇ ਖੇਤ ਦੀ ਵੱਟ 'ਤੇ ਪਹੁੰਚ ਕੇ ਉਹ ਘਾਹ ਖੋਤਣ ਲੱਗ ਪਈ ਸੀ। ਘਾਹ ਦੀ ਗੱਠੜੀ ਵੀ ਪੂਰੀ ਨਹੀਂ ਹੋਈ ਸੀ ਕਿ ਉਦੋ ਹੀ ਮੋੜ ਵੱਲੋਂ ਰਸਤੇ 'ਤੇ ਬਾਬੂ ਸਾਹਿਬ ਦਿਖਾਈ ਦਿੱਤਾ ਸੀ। ਪਰ, ਖ਼ੰਜਨ ਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਲੱਗਾ ਸੀ। ਉਹ ਬੇਫਿਕਰ ਹੋ ਕੇ ਘਾਹ ਖੋਤਦੀ ਰਹੀ। ਉਸਦੇ ਮਨ ਵਿਚ ਦੋਪਹਿਰ ਦਾ ਦ੍ਰਿਸ਼ ਉਭਰ ਆਇਆ ਸੀ... ਦੋਪਹਿਰ ਖੇਤਾਂ ਵਿੱਚ ਮੱਕੀ ਦੇ ਦਾਣੇ ਆਦੀ ਸਾਂਭ-ਸਾਂਭਾਲ ਕਰਨ ਲਈ ਉੜਾ ਰਹੀ ਸੀ। ਉਦੋਂ ਹੀ ਜੀਪ ਉਪਰ ਬਾਬੂ ਸਾਹਿਬ ਆਇਆ ਸੀ। ਉਥੇ ਕਈ ਹੋਰ ਵੀ ਮਜਦੂਰਨੀਆਂ ਸਨ। ਸਭ ਦੀ ਨਜ਼ਰ ਬਾਬੂ ਸਾਹਿਬ ਉਤੇ ਸੀ,

ਪ੍ਰੰਤੂ ਬਾਬੂ ਸਾਹਿਬ ਦੀ ਨਜ਼ਰ ਖ਼ੰਜਨ ਉਤੇ ਟਿਕੀ ਸੀ। ਖ਼ੰਜਨ ਨੂੰ ਬੁਰਾ ਨਹੀਂ ਲੱਗਾ ਸੀ। ਉਸ ਨੂੰ ਆਪਣੇ ਬਚਪਨ ਦੇ ਦਿਨ ਯਾਦ ਆ ਗਏ ਸੀ। ...

ਬਾਬੂ ਸਾਹਿਬ ਜਦੋਂ ਛੋਟਾ ਸੀ, ਉਦੋਂ ਆਪਣੇ ਪਿਤਾ ਦੇ ਨਾਲ ਕਦੀ ਕਦੀ ਕਾਮਤ ਆਉਂਦਾ ਸੀ। ਉਹ ਉਥੇ ਇਕ ਦੋ ਦਿਨ ਹੀ ਰਹਿੰਦਾ। ਅਤੇ ਉਸ ਇਕ ਦੋ ਦਿਨ ਟੋਲੇ ਦੇ ਬੱਚਿਆ ਨਾਲ ਹੀ ਖੇਡਦਾ। ਪਿਤਾ ਦੇ ਨਾ ਚਾਹੁਣ ਦੇ ਬਾਵਜੂਦ। ...

ਟੋਲੇ ਦੇ ਬੱਚਿਆ 'ਚੋਂ ਵੀ ਉਹ ਵਧੇਰੇ ਕਰਕੇ ਖ਼ੰਜਨ ਨਾਲ ਹੀ ਰਹਿੰਦਾ। ਦੋਵੇਂ ਹਮਉਮਰ ਸੀ। ਖ਼ੰਜਨ ਉਸ ਮੰਡਲੀ ਦੀ ਨਾਇਕਾ ਸੀ, ਤੇ ਉਹ ਨਾਇਕ। ਖ਼ੰਜਨ ਨੂੰ ਉਸ ਦੇ ਨਾਲ ਖੇਡਨਾ ਚੰਗਾ ਲੱਗਦਾ ਸੀ।

ਇਕ ਦਿਨ 'ਵਿਆਹ' ਦੀ ਖੇਡ ਖੇਡੀ ਜਾ ਰਹੀ ਸੀ। ਖ਼ੰਜਨ ਦੁਲਹਨ ਬਣੀ ਸੀ ਅਤੇ ਬਾਬੂ ਸਾਹਿਬ ਲਾੜਾ। ਦੋਵਾਂ ਦਾ ਵਿਆਹ ਹੋ ਰਿਹਾ ਸੀ ਅਤੇ ਹੋਰ ਬੱਚੇ-ਬੱਚੀਆਂ 'ਸੁੱਭ ਵਿਆਹ ਹੋ ਸੁੱਭ ਹੋ..." ਗਾ ਰਹੇ ਸੀ। ਉਦੋਂ ਹੀ ਕਾਮਤ ਦਾ ਇਕ ਮੁੱਛਾ ਵਾਲਾ ਸਿਪਾਈ ਆਇਆ ਸੀ। ਅਤੇ ਬਾਬੂ ਸਾਹਿਬ ਨੂੰ ਫੜ ਕੇ ਲੈ ਗਿਆ ਸੀ। ਨਿਰਾਸ਼ ਖੰਜ਼ਨ ਘਾਟ ਤੱਕ ਗਈ ਸੀ। ਉਸ ਦੇ ਮਗਰ ਪੂਰੀ ਮੰਡਲੀ ਸੀ। ਕਦੇ ਕਦੇ ਬਾਬੂ ਸਾਹਿਬ ਪਿੱਛੇ ਮੁੜ ਕੇ ਦੇਖਦਾ ਸੀ ਅਤੇ ਤਦ ਖੰਜ਼ਨ ਦਾ ਹਿਰਦਾ ਗਮ ਨਾਲ ਭਰ ਜਾਂਦਾ ਸੀ। ਉਦੋਂ ਖ਼ੰਜਨ ਨੂੰ ਲੱਗਾ ਸੀ ਕਿ ਉਸ ਦੇ ਸੱਚੇ ਲਾੜੇ ਨੂੰ ਵਿਆਹ ਦੀ ਬੇਦੀ ਤੋਂ ਉਠਾ ਕੇ ਫੜ ਕੇ ਲੈ ਜਾ ਰਹੇ ਹਨ। ਉਹ ਉਹ ਰੋਣ ਲੱਗੀ ਸੀ। ਉਸਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ। ...

ਅਤੇ ਉਦੋਂ ਤੋਂ ਲੈ ਕੇ ਇਕ-ਦੋ ਕਰਕੇ ਪੂਰੇ ਅੱਠ ਸਾਲ ਬੀਤ ਗਏ ਸਨ। ਕਦੇ ਵੀ ਮੁਲਾਕਾਤ ਨਹੀਂ ਹੋਈ। .... ਵਿਆਹ ਹੋਇਆ, ਦਹੇਜ ਵਿਚ ਮੱਝ ਨਾ ਦੇਣ ਕਰਕੇ ਉਸ ਦੇ ਲਾੜੇ ਨੇ ਦੂਸਰਾ ਵਿਆਹ ਕਰਵਾ ਲਿਆ, ਬਾਰਾਂ ਸਾਲ ਦੀ ਬਾਲੜੀ ਵੀਹਾਂ ਸਾਲਾ ਦੀ ਔਰਤ ਹੋ ਗਈ ਖ਼ੰਜਨ... ਪਰ ਉਸ ਦਿਨ ਨੂੰ ਭੁੱਲ ਨਾ ਪਾ ਸਕੀ।

ਦੋਪਹਿਰ ਖੇਤਾਂ 'ਚ ਖ਼ੰਜਨ ਉੱਪਰ ਟਿਕੀ ਬਾਬੂ ਸਾਹਿਬ ਦੀ ਨਜ਼ਰ ਨੂੰ ਕਈਆਂ ਨੇ ਦੇਖਿਆ ਸੀ। ਆਪਸ ਵਿਚ ਕੰਨਾਂ ਵਿੱਚ ਘੁਸਰ-ਮੁਸਰ ਵੀ ਕੀਤੀ ਸੀ। ਪਰ ਖੰਜ਼ਨ ਨੇ ਇਸ ਦੀ ਰਤਾ ਵੀ ਚਿੰਤਾ ਨਹੀਂ ਕੀਤੀ। ਅਤੇ ਉਦੋਂ ਤੋਂ ਅਨੇਕਾ ਵਾਰ ਉਸਦੇ ਬਾਬੂ ਸਾਹਿਬ ਦੇ ਨਾਲ ਜੁੜੇ ਅਤੀਤ ਦੇ ਇਸ ਪ੍ਰਸੰਗ ਨੂੰ ਯਾਦ ਕਰਕੇ ਉਹਨੂੰ ਚੰਗਾ ਲੱਗਦਾ ਸੀ।

ਘਾਹ ਉਤੇ ਹੱਥ ਦੀ ਪਕੜ ਤੇ ਰੰਬੇ ਦਾ ਜੋਰ ਘਟ ਗਿਆ ਸੀ। ਉਸਦੇ ਅੰਦਰ ਕੋਈ ਰਾਗ ਵੱਜਣ ਲੱਗ ਪਿਆ ਸੀ। ਤੇ ਉਹ ਮਦਹੋਸ ਹੋ ਗਈ। ਨੇੜੇ ਆਉਂਦੇ ਬਾਬੂ ਸਾਹਿਬ ਨੂੰ ਦੇਖ ਉਸ ਦੀ ਛਾਤੀ ਦੀ ਧੜਕਣ ਵੱਧ ਗਈ ਤੇ ਪਸੀਨਾ ਵੀ ਆ ਗਿਆ। ਬਾਬੂ ਸਾਹਿਬ ਨੇ ਨੇੜੇ ਆਉਣ ਉਤੇ ਉਹ ਖੜੀ ਹੋ ਗਈ ਸੀ। ਮੋੜ ਵੱਲੋਂ ਗੁਜਰਦੇ ਬਾਬੂ ਸਾਹਿਬ ਇਕਦਮ ਉਸ ਦੇ ਨੇੜੇ ਆ ਗਏ। ਬਾਬੂ ਸਾਹਿਬ ਦੀ ਨੱਕ ਚੋਂ ਤੇਜ ਨਸ਼ੀਲੀ ਸੁੰਗੰਧ ਆ ਰਹੀ ਸੀ। ਉਸਨੇ ਖ਼ੰਜਨ ਵੱਲ ਦੇਖਿਆ। ਖ਼ੰਜਨ ਨੇ ਉਸ ਵੱਲ ਦੇਖਿਆ। ਖ਼ੰਜਨ ਦੇ ਹੱਥ ਵਿੱਚ ਫੜਿਆ ਰੰਬਾ ਤੇ ਘਾਹ ਥੋੜਾ ਜਿਹਾ ਕੰਬਿਆ। ਉਸ ਨੇ ਨਜ਼ਰਾਂ ਝੁਕਾ ਲਈਆਂ।

ਬਾਬੂ ਸਾਹਿਬ ਅੱਗੇ ਵੱਧ ਗਏ ਸੀ। ਸਿੱਧਾ ਮੋੜ ਮੁੜ ਕੇ। ਹਵਾ ਮੱਠੀ ਮੱਠੀ ਚਲ ਰਹੀ ਸੀ। ਫਸਲਾਂ ਦੇ ਬੂਟੇ ਡੋਲ ਰਹੇ ਸੀ। ਗਿੱਲੀ ਮਿੱਟੀ ਦੀ ਸੰਗਧ ਫੈਲ ਰਹੀ ਸੀ। ਪਰ ਬਾਬੂ ਸਾਹਿਬ ਦੀ ਨੱਕ 'ਚ ਉਹੀ ਤੇਜ ਨਸ਼ੀਲੀ ਖੁਸ਼ਬੋ ਸੀ। ਸਾਇਦ ਉਸ ਨੇ ਮਹਿਸੂਸ ਕੀਤਾ ਸੀ ਕਿ ਇਹ ਖੁਸ਼ਬੋ ਉਸ ਨੇ ਜੀਵਨ 'ਚ ਪਹਿਲੀ ਵਾਰ ਮਿਲੀ ਸੀ। ਉਸਨੇ ਕਈ ਵਾਰ ਮੁੜ ਮੁੜ ਕੇ ਦੇਖਿਆ ਅਤੇ ਡਿੱਗਦੇ ਡਿੱਗਦੇ ਬੱਚਿਆ। ਉਸਦੇ ਅੰਦਰ ਹੱਲਚਲ ਮਚ ਗਈ ਸੀ। ਅਤੇ ਅੱਖਾਂ ਵਿਚ ਖੰਜਨ ਦੀ ਤਸਵੀਰ ਆ ਵਸੀ। ... ਭੂਸਲਾ ਭਿੱਜਿਆ ਹੋਇਆ ਸ਼ਰੀਰ। ਭਿੱਜੀ ਸਾੜੀ 'ਚੋ ਝਾਕ ਰਹੀਆਂ ਬਿਨਾ ਬਲਾਉਜ਼ ਤੋਂ ਛੋਟੀਅ-ਛੋਟੀਆਂ ਛਾਤੀਆਂ।...

ਵਧੇਰੇ ਅੱਗੇ ਨਹੀਂ ਸੀ ਵਧ ਸਕਿਆ ਬਾਬੂ ਸਾਹਿਬ। ਅੱਗੋ ਦੇ ਮੋੜ ਤੋਂ ਮੁੜ ਗਿਆ।

ਖ਼ੰਜਨ ਫਿਰ ਘਾਹ ਖੋਤਣ ਲੱਗ ਪਈ ਸੀ। ਅਤੇ ਰੁਕ ਰੁਕ ਕੇ ਤਿਰਛੀ ਨਜ਼ਰ ਨਾਲ ਬਾਬੂ ਸਾਹਿਬ ਵੱਲ ਵੀ ਦੇਖ ਲੈਂਦੀ ਸੀ। ਕਿ ਉਦੋਂ ਹੱਥ 'ਚ ਰੰਬਾਂ ਲੱਗ ਗਿਆ। ਲਹੂ ਤੇਜ ਵਗਣ ਲੱਗ ਪਿਆ। ਉਸ ਨੇ ਘਾਹ ਤੇ ਰੰਬਾ ਉਥੇ ਛੱਡ ਥੱਲਿਓ ਗਿੱਲੀ ਮਿੱਟੀ ਚੁੱਕ ਕੇ ਉਸ ਉੱਪਰ ਲਗਾ ਦਿੱਤੀ।

"ਤੂੰ ਕੇਹਦੀ ਬੇਟੀ ਏ ?" ਨੇੜੇ ਆਉਂਦੇ ਬਾਬੂ ਸਾਹਿਬ ਨੇ ਪੁੱਛਿਆ।

"ਝਨਕੂ ਕੀ ।" ਖੜ੍ਹੀ ਹੋ ਕੇ ਉਸ ਨੇ ਕਿਹਾ।

"ਕੀ ਨਾਮ ਹੈ ?"

"ਖੰਜ਼ਨ !" ਬਾਬੂ ਸਾਹਿਬ ਨੂੰ ਲੱਗਾ, ਸੱਚਮੁੱਚ ਖ਼ੰਜਨ ਚਿੜੀ ਵਾਂਗ ਉੜੀ ਹੋਵੇ।

"ਤੁਸੀਂ ਭੁੱਲ ਗਏ ਅੱਠ ਹੀ ਸਾਲਾਂ ਵਿੱਚ। ਪਹਿਲਾਂ ਆਉਂਦੇ ਸੀ, ਤਾਂ ਆਪਾ ਟਿੱਲੇ ਤੇ ਖੇਡਣ ਜਾਂਦੇ ਸੀ!" ਖ਼ੰਜਨ ਨੇ ਕਿਹਾ।

"ਹਾਂ-ਹਾਂ ਯਾਦ ਹੈ!..." ਘਬਰਾਹਟ ਵਿੱਚ ਆ ਕੇ ਬਾਬੂ ਸਾਹਿਬ ਨੇ ਕਿਹਾ। "ਏਹ ਜੇ ਪਹਿਚਾਣਦਾ ਨਹੀਂ ਸੀ ਤਾਂ ਪੁੱਛਣ ਕਿਓਂ ਆਉਂਦਾ ?..."

"ਤੁਸੀਂ ਲੋਕ ਵੱਡੇ ਲੋਕ ਹੋ...," ਖ਼ੰਜਨ ਨੂੰ ਬੋਲਣ ਲਈ ਜਿਵੇਂ ਕੋਈ ਸ਼ਬਦ ਨਹੀਂ ਮਿਲ ਰਿਹਾ ਸੀ! ਉਹ ਸ਼ਰਮ ਨਾਲ ਕੱਠੀ ਜਿਹੀ ਹੋ ਗਈ। ਉਸ ਦੇ ਬੁੱਲ੍ਹਾ ਉੱਤੇ ਮੁਸਕਰਾਹਟ ਆ ਗਈ।

"ਨਹੀਂ-ਨਹੀਂ ਅਜਿਹੀ ਗੱਲ ਨਹੀਂ ਹੈ। ਤੇਰੀ ਉਦੋਂ ਸੀ ਸ਼ਕਲ ਵੀ ਮੈਨੂੰ ਚੇਤੇ ਹੈ। ਹੁਣ ਕਿੰਨੀ ਬਦਲ ਗਈ ਏ। ਹਾ-ਹਾ-ਹਾ...," ਉਹ ਪਸੀਨਾ ਪਸੀਨਾ ਹੋ ਗਿਆ ਸੀ। ਖ਼ੰਜਨ ਦੇ ਅੰਦਰਲਾ ਡਰ ਤੇ ਸੰਕੋਚ ਖਤਮ ਹੋਣ ਲੱਗ ਪਿਆ ਸੀ। ਉਹ ਭਾਵੁਕ ਹੁੰਦੀ ਜਾ ਰਹੀ ਸੀ,"ਯਾਦ ਹੈ ਤੁਸੀਂ ਜਿਸ ਦਿਨ ਗਏ ਸੀ , ਆਪਾ ਵਿਆਹ ਦੀ ਖੇਡ ਖੇਡ ਰਹੇ ਸੀ। ਤੁਸੀਂ ਲਾੜਾ ਬਣੇ ਸੀ ਤੇ ਮੈਂ...।" ਸ਼ਰਮ ਨਾਲ ਉਸ ਨੇ ਸਿਰ ਝੁਕਾ ਲਿਆ ਸੀ, "ਪਰ ਵਿਚਕਾਰ ਹੀ ਤੁਹਾਡਾ ਸਿਪਾਹੀ ਤੁਹਾਨੂੰ ਲੈ ਕੇ ਚਲਾ ਗਿਆ ਸੀ..." ਵੱਢ ਹੋਈ ਉਂਗਲੀ ਦਾ ਦਰਦ ਭੁੱਲ ਗਈ ਸੀ ਉਹ। ਉਥੇ ਲਾਈ ਹੋਈ ਮਿੱਟੀ ਥੱਲੇ ਡਿੱਗ ਪਈ ਸੀ ਤੇ ਲਹੂ ਵਗਣ



ਲੱਗ ਪਿਆ ਸੀ।

"ਇਸ ਵਾਰ ਕੋਈ ਸਿਪਾਹੀ ਨਹੀਂ ਆਵੇਗਾ!..." ਬਾਬੂ ਸਾਹਿਬ ਦੀ ਨਜ਼ਰ ਖ਼ੰਜਨ ਦੀ ਵੱਢੀ ਹੋਈ ਉੱਗਲੀ 'ਤੇ ਪਈ ਉਸ ਨੇ ਉਸ ਦਾ ਹੱਥ ਫੜਦੇ ਹੋਏ ਕਿਹਾ, "ਏ! ਉਂਗਲੀ ਕਿਵੇਂ ਵੱਢ ਹੋ ਗਈ ?" ਉਹ ਵੱਢੀ ਹੋਈ ਥਾਂ ਤੋਂ ਹੱਥ ਨਾਲ ਦਬਾਉਣ ਲੱਗ ਪਏ ਸੀ।

"ਨਹੀਂ ਜਿਆਦਾ ਨਹੀਂ ਵੱਢ ਹੋਈ," ਖ਼ੰਜਨ ਦੇ ਹੱਥ ਛਡਾਉਣ ਦੀ ਥੋੜੀ ਜਿਹੀ ਕੋਸ਼ਿਸ਼ ਕੀਤੀ ਸੀ। ਉਸ ਨੇ ਚਾਹਿਆ ਸੀ ਕਿ ਅੱਠ ਸਾਲਾਂ ਦੀ ਇਕ ਇਕ ਗੱਲ ਕਹਿ ਦੇਵੇ। ਮਨ ਦੇ ਸਾਰਾ ਕਪਾਟ ਖੋਲ੍ਹ ਕੇ। ਪਰ ਅੱਗੇ ਕੁਝ ਬੋਲ ਨਾ ਸਕੀ।

"ਜਿਆਦਾ ਕਿਓਂ ਨਹੀਂ ...," ਬਾਬੀ ਸਾਹਿਬ ਦੀ ਛਾਤੀ ਤੇਜੀ ਨਾਲ ਧੜਕਣ ਲੱਗੀ ਸੀ। ਉਸਨੇ ਚਾਰੋ ਪਾਸੇ ਦੇਖਿਆ। ਮੱਕੀ ਤੇ ਪਟਸਨ ਦੇ ਲੰਮੇ ਲੰਮੇ ਪੌਦੇ ਨਜ਼ਰੀ ਪਏ। ਕਿਤੇ ਵੀ ਕੋਈ ਨਹੀਂ ਸੀ। ਅਤੇ ਉਸ ਨੇ ਕੁੜਤੇ ਦੀ ਜੇਬ 'ਚੋ ਰੁਮਾਲ ਕੱਢਿਆ ਖ਼ੰਜਨ ਦੀ ਉਂਗਲੀ 'ਤੇ ਬੰਨ ਦਿੱਤਾ। ਦੋਵਾਂ ਦੇ ਸਾਹ ਆਪਸ ਵਿੱਚ ਟਕਰਾ ਰਹੇ ਸੀ। ਖ਼ੰਜਨ ਦੇ ਹੱਥ ਉਪਰ ਬਾਬੂ ਸਾਹਿਬ ਦੀ ਪਕੜ ਵੱਧਦੀ ਜਾ ਰਹੀ ਸੀ। ਉਹ ਉਸ ਨੂੰ ਆਪਣੀਆਂ ਬਾਹਾਂ ਵਿੱਚ ਸਮੇਟ ਲੈਣਾ ਚਾਹੁੰਦਾ ਸੀ ਉਹ।...

"ਛੱਡੋ ਵੀ। " ਕਹਿੰਦੀ ਖ਼ੰਜਨ ਦੂਰ ਹੋ ਗਈ।

ਬਾਬੂ ਸਾਹਿਬ ਕੰਬਣ ਲੱਗਾ ਸੀ ਅਤੇ ਤੇਜੀ ਨਾਲ ਕਾਮਤ ਵੱਲ ਮੁੜ ਗਿਆ।

ਸੂਰਜ ਡੁੱਬ ਗਿਆ ਸੀ। ਖੇਤਾਂ ਵਿੱਚ ਰੌਸ਼ਨੀ ਘੱਟਦੀ ਜਾ ਰਹੀ ਸੀ।

ਖ਼ੰਜਨ ਇਸ ਪਾਰ ਆਈ, ਤਾਂ ਬਾਸਾਂ ਦੇ ਝੁੰਡ ਵਿੱਚੋ ਚਿੜੀਆਂ ਸ਼ੋਰ ਮਚਾ ਰਹੀਆਂ ਸਨ। ਟੋਲੇ ਦੇ ਉਪਰ ਧੂੰਏ ਦੇ ਟੁਕੜੇ ਫੈਲੇ ਹੋਏ ਸਨ। ਝਾੜੀਆ 'ਚ ਬੈਠਾ ਹਨੇਰਾ ਬਾਹਰ ਝਾਕਣ ਲੱਗ ਪਿਆ ਸੀ।

ਖ਼ੰਜਨ ਦਾ ਪਿਤਾ ਬਾਹਰ ਮੰਜੀ ਤੇ ਸੁੱਤਾ ਹੋਇਆ ਸੀ। ਮਾਂ ਦੇ ਨਾਲ ਉਹ ਅੰਦਰ ਸੀ। ਦੀਵੇ ਦੀ ਲੋਅ ਨੂੰ ਬੁਝਾਦਿਆਂ ਸਾਰ ਹੀ ਉਸ ਦੇ ਸਾਹ ਤੇਜੀ ਨਾਲ ਚੱਲਣ ਲੱਗਾ ਸੀ। ਪਰ, ਉਸ ਨੂੰ ਨੀਂਦ ਦਾ ਪਤਾ ਨਹੀਂ ਸੀ। ਉਸਲਵੱਟੇ ਲੈ ਰਹੀ ਸੀ ਉਹ।

ਸ਼ਾਮ ਤੋਂ ਹੀ ਉਸਦੇ ਅੰਦਰ ਖੁਸ਼ੀ ਦੀਆ ਫੁੱਲਝੜੀਆਂ ਫੁੱਟ ਰਹੀਆਂ ਸਨ। ਇਕਦਮ ਚੰਚਲ ਹੋ ਗਈ ਸੀ। ਜਿਵੇਂ ਹਨੇਰੇ ਵਿੱਚ ਕੋਈ ਲੋਅ ਫੈਲ ਗਈ ਹੋਵੇ! ਉਸ ਨੂੰ ਲੱਗਾ ਰਾਤ ਰਾਣੀ ਦੀ ਮਹਿਕ ਆ ਰਹੀ ਹੈ!... ਅਤੇ ਉਸ ਨੇ ਚੰਗਾ ਚੰਗਾ ਮਹਿਸੂਸ ਕੀਤਾ। ਉਸ ਦੀ ਲੂੰਅ ਖੜੀ ਹੋ ਗਈ। ਗੱਲ੍ਹਾਂ ਸੁਰਖ ਲਾਲ ਹੋ ਗਈਆਂ।... ਛਟਪਟਾਹਟ ਵੱਧਦੀ ਹੀ ਜਾ ਰਹੀ ਸੀ।

ਉਦੋਂ ਹੀ ਉਸ ਨੂੰ ਕਾਮਤ ਦੇ ਬਾਬੂ ਲੋਕਾਂ ਦੇ ਬਾਰੇਚ ਸੁਣੀਆਂ ਕਈ ਗੱਲਾਂ-ਕਥਾਵਾਂ ਦੇ ਵਾਂਗ ਚੇਤੇ ਆਉਣ ਲੱਗੀਆਂ। ਬੁੱਢੀਆ ਔਰਤਾਂ ਅਕਸਰ ਹੀ ਕਿਹਾ ਕਰਦੀਆਂ ਕਾਮਤ ਦੇ ਬਾਬੂਆ ਅਤੇ ਮੁੱਛਲ ਸਿਪਾਹੀਆ ਦੀ ਨਜ਼ਰ ਹਮੇਸ਼ਾ ਟੋਲੇ ਦੀ ਕੱਚੀ ਉਮਰ ਦੀ ਲੜਕੀਆਂ ਉੱਤੇ ਹੀ ਰਹਿੰਦੀ ਹੈ। ਉਸ ਨੇ ਇਹ ਵੀ ਸੁਣਿਆ ਹੈ ਕਿ ਮਾਲਿਕ ਲੋਕਾਂ ਨੂੰ ਇਸ ਵਰਗ ਦੀ ਕੋਈ ਲੜਕੀ ਪਸੰਦ ਆ ਜਾਂਦੀ ਹੈ, ਤਾਂ ਉਸ ਨੂੰ ਰਖੇਲ ਬਣਾ ਲੈਂਦੇ ਹਨ।

ਉਂਝ ਸਾਮੰਤ-ਜ਼ਿੰਮੀਦਾਰਾਂ ਦਾ ਉਹ ਜ਼ਮਾਨਾ ਬੀਤ ਗਿਆ ਸੀ। ਹੁਣ ਮਜਦੂਰਾਂ ਨੂੰ ਇਕ ਥੱਪੜ ਤੱਕ ਮਾਰਨ ਤੋਂ ਡਰਨ ਲੱਗਦੇ ਸੀ। ਪਰ ਉਹ ਚਾਹੁੰਦਾ ਤਾਂ ਕੁਝ ਵੀ ਕਰ ਸਕਦਾ ਸੀ। ਖੰਜ਼ਨ ਨੇ ਇਹ ਵੀ ਸੁਣਿਆ ਹੋਇਆ ਸੀ ਕਿ ਉਸਦੀ ਦੀ ਦਾਦੀ ਜੋ ਬਹੁਤ ਸੁੰਦਰ ਸੀ - ਉਗਰਨਾਥ ਬਾਬੂ ਦੇ ਇਕ ਮਾਮਾ ਨੇ ਤਿੰਨ ਸਾਲ ਤੱਕ ਉਸ ਨੂੰ ਰਖੇਲ ਬਣਾ ਕੇ ਰੱਖਿਆ ਸੀ। ਖੁਦ ਉਗਰਨਾਥ ਬਾਬੂ ਨੇ ਕਈ ਰਖੇਲਾਂ ਬਣਾ ਕੇ ਰੱਖੀਆਂ ਸਨ ਇਸੇ ਹੀ ਉਗਰਨਾਥ ਬਾਬੂ ਦਾ ਪੋਤਾ ਹੈ ਬਾਬੂ ਸਾਹਿਬ। ਫਿਰ ਇਸ ਉਪਰ ਕਿਵੇਂ ਵਿਸਵਾਸ ਕੀਤਾ ਜਾ ਸਕਦਾ? ... ਇਸ ਨਾਲ ਪ੍ਰੇਮ ?...

ਅਚਾਨਕ ਖ਼ੰਜਨ ਦੇ ਸਿਰ ਨੂੰ ਚੱਕਰ ਆਉਣ ਲੱਗ ਪਏ ਕਿਤੇ ਵੀ ਕੋਈ ਨਹੀਂ ਸੀ। ਉਸ ਨੂੰ ਲੱਗਾ ਕਿ ਹਨੇਰੇ ਖੂਹ 'ਚ ਪੈਰ ਪੈ ਗਿਆ ਹੈ!... ਬਾਬੂ ਸਾਹਿਬ ਨੂੰ ਚੇਤੇ ਕਰਕੇ ਬੁਰੀ ਤਰ੍ਹਾਂ ਨਾਲ ਡਰ ਗਈ ਸੀ ਉਹ। ਉਸਦੇ ਨੱਕ ਨੂੰ ਮਾਸ ਦੇ ਸੜਨ ਦੀ ਬਦਬੂ ਆਈ ਸੀ। ਕੰਨਾਂ ਦੇ ਕੋਲ ਰਾਖ਼ਸੀ ਹਾਸਾ! ਸੋ ! ... ਅਤੇ ਉਸਨੇ ਦੋਵੇਂ ਹੱਥਾਂ ਨਾਲ ਕੰਨਾਂ ਨੂੰ ਬੰਦ ਕਰ ਲਿਆ ਸੀ।

ਸੰਨਾਟੇ ਦਾ ਆਲਮ ਸੀ। ਹਨੇਰਾ ਬਾਹਰ ਅਤੇ ਅੰਦਰ ਇਕੋ ਜਿਹਾ ਹੋ ਗਿਆ ਸੀ। ਇਕ ਵਾਰ ਨੀਂਦ ਆਈ, ਤਾਂ ਸੁਪਨੇ ਵਿਚ ਉਹੀ ਡਰਾਉਣਾ ਹਾਸਾ ਤੇ ਸ਼ੋਰ ਸੀ। ਉਹੀ ਬਦਬੂ ਸੀ। ਅਤੇ ਉਸਦੀ ਨੀਂਦ

ਟੁੱਟਦੀ ਰਹੀ। ਮੱਝਾਂ ਨੂੰ ਚਾਰਾ ਪਾਉਂਦਾ ਭੱਜੂ ਰਾਮ ਕੁਝ ਗਾ ਰਿਹਾ ਸੀ, ਤਾਂ ਉਸ ਦੀ ਅੱਖ ਲੱਗਣ ਲੱਗੀ ਸੀ।...

ਉਸ ਦਿਨ ਲਲਿਤ ਗ੍ਰਾਸ ਹੱਟੀ ਤੋਂ ਇੱਕਲੀ ਪਰਤ ਰਹੀ ਸੀ ਖ਼ੰਜਨ। ਰਸਤੇ ਵਿੱਚ ਅਚਾਨਿਕ ਮਿਲ ਗਿਆ ਸੀ ਬਾਬੂ ਸਾਹਿਬ। ਕਈ ਦਿਨਾਂ ਤੋਂ ਬਚ ਰਹੀ ਸੀ ਉਹ। ਜਿਥੇ ਕਿਤੇ ਵੀ ਬਾਬੂ ਸਾਹਿਬ ਦੇਖਦਾ ਤਾਂ ਦੇਖਦਾ ਹੀ ਰਹਿ ਜਾਂਦਾ। ਪਰ ਇਕਾਂਤ ਦਾ ਮੌਕਾ ਹੀ ਨਹੀਂ ਦਿੱਤਾ ਸੀ ਖ਼ੰਜਨ ਨੇ।

ਉਦੋਂ ਸ਼ਾਂਤ ਖੜੀ ਹੋ ਗਈ ਸੀ ਉਹ। ਬਾਬੂ ਸਾਹਿਬ ਉਸ ਦੇ ਨਜ਼ਦੀਕ ਆਇਆ, ‘‘ਤੂੰ ਨਰਾਜ ਏ ਮੇਰੇ ਨਾਲ। ਰੁੱਸੀ ਹੋਈ ਏ ਬੋਲ ਮੇਰੇ ਤੋਂ ਕੀ ਗਲਤੀ ਹੋਈ ,’’ ਪਰ ਖ਼ੰਜਨ ਕੁਝ ਨਹੀਂ ਬੋਲੀ, ਤਾਂ ਉਸ ਨੇ ਸਹਿਜ ਨਾਲ ਉਸ ਨੂੰ ਪਲੋਸ ਦਿੱਤਾ, ‘‘ਏ ਖ਼ੰਜਨ, ਖੰਜੂ ! ਬੋਲ ਵੀ। ਆਪਣੀ ਜਾਨ ਨੂੰ ਕੁਝ ਤਾਂ ਕਹਿ।’’ ਅਤੇ ਉਸ ਦੀ ਠੋਡੀ ਨੂੰ ਫੜ ਕੇ ਉਸ ਦਾ ਚਿਹਰਾ ਉਪਰ ਕੀਤਾ।

‘‘ਏਹ ! ਏ ਹ ਕੀ ...?’’ ਮੁਸਕਰਾ ਕੇ ਪਿੱਛੇ ਹੱਟ ਗਈ ਖੰਜ਼ਨ। ਉਸਦਾ ਡਰ ਤੇ ਨਫ਼ਰਤ ਜਿਵੇਂ ਦੱਬ ਗਈ ਹੋਵੇ।

‘‘ਰੁਸੀ ਹੋਈ ਏ ਨਾ ?’’ ਬਾਬੂ ਸਾਹਿਬ ਅੱਗੇ ਵਧੇ।

‘‘ਨ ਨਹੀਂ।’’ ਖ਼ੰਜਨ ਨੇ ਫਿਰ ਮੁਸਕਰਾ ਦਿੱਤਾ ਸੀ।

‘‘ਤਾਂ ਫੇਰ ਆਈ ਕਿਓ ਨਹੀਂ ।’’ ਬਾਬੂ ਨੂੰ ਜਿਵੇਂ ਹੌਸਲਾ ਮਿਲਿਆ ਸੀ।

‘‘ਕਿੱਥੇ ?’’ ਖ਼ੰਜਨ ਗੰਭੀਰ ਸੀ।

‘‘ਕਿਤੇ ਇਕਾਂਤ ਵਿਚ ਮਿਲਣ ਲਈ...।’’ ਬਾਬੂ ਸਾਹਿਬ ਦੀ ਛਾਤੀ ਹੋਰ ਵੱਧ ਧੜਕਣ ਲੱਗੀ ਸੀ।

‘‘ਮੈਨੂੰ ਡਰ ਲੱਗਦਾ ਹੈ। ’’ ਅਤੇ ਉਹ ਸੱਚਮੁੱਚ ਡਰ ਗਈ ਸੀ।

‘‘ਹੈਂ ਡਰ ਕਾਹਦਾ ?...’’ ਇਸ ਵਾਰ ਬਾਬੂ ਸਾਹਿਬ ਵੀ ਗੰਭੀਰ ਸੀ, ‘‘ਦੇਖੋ ਖੰਜਨ, ਉਸ ਦਿਨ ਮੈਂ ਤੈਨੂੰ ਦੱਸਿਆ ਨਹੀਂ ਸੀ। ਮੈਂ ਤੇਨੂੰ ਹੀ ਮਿਲਣ ਇਥੇ ਆਇਆ ਹਾਂ। ਉਸ ਵਾਰ ਆਪਣਾ ਵਿਆਹ ਵਾਲੀ ਖੇਡ ਆਧੂਰੀ ਰਹਿ ਗਿਆ ਸੀ ਉਸਨੂੰ ਪੂਰਾ ਕਰਨਾ ਆਇਆ ਹਾਂ। ਤੂੰ ਤਾਂ ਮੈਨੂੰ ਇਹ ਵੀ ਨਹੀਂ ਦੱਸਿਆ ਕਿ ਤੇਰਾ ਵਿਆਹ ਹੋਇਆ.... ਅਤੇ .... ਖ਼ੈਰ ਮੈਨੂੰ ਸਭ ਪਤਾ ਹੈ। ਮੈਂ ਤੇਰੇ ਨਾਲ...।’’

‘‘ਨਹੀਂ ਮਾਲਿਕ। ਨਹੀਂ, ਤੁਹਾਨੂੰ ਮੇਰੀ ਜਾਤੀ ਦਾ ਪਤਾ ਹੈ ਨਾ।’’

‘‘ਮੈਂ ਜਾਤ-ਪਾਤ ਨਹੀਂ ਮੰਨਦਾ , ਮੇਰੇ ਲਈ ਤਾਂ ਦੇਵੀ ਏ ਤੂੰ।’’ ਉਸ ਨੇ ਉਸ ਦਾ ਹੱਥ ਫੜ ਲਿਆ।

‘‘ਨਹੀਂ ਮਾਲਿਕ ! ਨਹੀਂ ...।’’ ਅਤੇ ਹੱਥ ਛੁਡਾ ਕੇ ਭੱਜ ਗਈ।

ਪਰ ਬਾਬੂ ਸਾਹਿਬ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਸੀ। ਉਹ ਇਕਾਂਤ ਦੀ ਭਾਲ ਵਿਚ ਰਹਿਣ ਲੱਗਾ ਸੀ। ਜਿਥੇ ਕਿਤੇ ਵੀ ਮੌਕਾ ਮਿਲਦਾ ਤਿੱਖੀ ਨਜ਼ਰ ਰੱਖਦਾ। ...

ਖ਼ੰਜਨ ਦੇ ਅੰਦਰੋਂ ਡਰ ਹੱਟਦਾ ਜਾ ਰਿਹਾ ਸੀ। ਘਿਰਣਾ ਹੱਟਦੀ ਜਾ ਰਹੀ ਸੀ। ਅਤੇ ਅੰਦਰੋਂ ਉਹ ਬਾਬੂ ਪ੍ਰਤੀ ਨਰਮ ਹੋ ਕੇ ਪਿਘਲਣ ਲੱਗੀ ਸੀ।

ਉਸ ਦੌਰਾਨ ਬਾਬੂ ਸਾਹਿਬ ਸ਼ਹਿਰ ਚਲੇ ਗਿਆ। ਉਸ ਨੂੰ ਸ਼ਹਿਰ ਨੂੰ ਲਿਆ ਇਕ ਹਫ਼ਤਾ ਹੋ ਗਿਆ ਸੀ। ਇਹ ਹਫਤਾ ਖ਼ੰਜਨ ਨੂੰ ਮੁਸ਼ਕਲ ਨਾਲ ਬਤੀਤ ਹੋਇਆ ਸੀ।

ਖੇਤਾਂ ਤੇ ਖੁੱਲੇ ਬੀਆਬਾਨ ਵਿੱਚ ਕੰਮ ਕਰਦਿਆਂ ਉਸ ਦੇ ਉਪਰ ਕਿਸੇ ਦੀ ਨਜ਼ਰ ਨਹੀਂ ਟਿਕੀ ਸੀ। ਨਾ ਹੀ ਉਸ ਲਈ ਇਕਾਂਤ ਦੀ ਤਲਾਸ਼ ਰਹਿੰਦਾ ਸੀ। ਅਤੇ ਇਹ ਸਭ, ਜਿਸ ਤੋਂ ਉਹ ਚਿੜ ਰਹੀ ਸੀ, ਹੁਣ ਪਛਤਾਵਾ ਹੋ ਰਿਹਾ ਸੀ।

ਮੱਕੀ ਪਿਸਾ ਕੇ ਚੱਕੀ ਤੋਂ ਉਹ ਇੱਕਲੀ ਪਰਤ ਰਹੀ ਸੀ ਉਹ। ਸਿਰ ਉਪਰ ਭਾਰ ਵਧੇਰੇ ਸੀ। ਆਟਾ ਵੀ ਗਰਮ। ਅਤੇ ਦੁਪਹਿਰ ਦੀ ਧੁੱਪ ! ਗਰਮੀਂ ਐਨੀ ਕਿ ਪਸੀਨੇ ਨਾਲ ਪਰਿਸ਼ਾਨ ਹੋ ਗਈ ਸੀ। ਇੱਕ ਥੰਮੀ ਦੇ ਸਹਾਰੇ ਨਾਲ ਥੱਲੇ ਆਟੇ ਵਾਲਾ ਬੋਰਾ ਰੱਖ ਕੇ ਥੱਲੇ ਬੈਠ ਗਈ ਸੀ। ਥੋੜੀ ਦੂਰ ਹਟ ਕੇ ਭਜੂ ਰਾਮ ਦੀ ਮੱਝ ਚਰ ਰਹੀ ਸੀ। ਪਰ ਭੱਜੂ ਰਾਮ ਉਥੇ ਨਹੀਂ ਸੀ।



ਉਦੋਂ ਹੀ ਪੰਗਡੰਡੀ ਤੋਂ ਭੱਜੂ ਰਾਮ ਆਉਂਦਾ ਦਿਖਾਈ ਦਿੱਤਾ। ਨੇੜੇ ਆਉਂਦਿਆਂ ਹੀ ਖ਼ੰਜਨ ਨੇ ਪੁੱਛ ਲਿਆ, ‘‘ਮੱਝਾ ਨੂੰ ਇੱਕਲੀਆਂ ਛੱਡ ਕੇ ਕਿੱਥੇ ਗਿਆ ਸੀ। ’’

‘‘ਮੰਦਿਰ ਗਿਆ ਸੀ। ਅੱਜ ਐਤਵਾਰ ਹੈ ਨਾ।’’

ਭੱਜੂ ਰਾਮ ਦੀ ਗੱਲ ਸੁਣ ਕੇ ਖ਼ੰਜਨ ਦਾ ਅਚਾਨਿਕ ਹਾਸਾ ਨਿਕਲ ਗਿਆ। ਉਹ ਦੇਰ ਤੱਕ ਹੱਸਦੀ ਰਹੀ। ਇਹ ਪਤਾ ਸੀ ਕਿ ਹਰ ਐਤਵਾਰ ਨੂੰ ਭੱਜੂ ਸਿਵ-ਪਾਰਵਤੀ ਮੰਦਿਰ ਜਾਂਦਾ ਹੈ- ਖ਼ੰਜਨ ਦਾ ਹੱਥ ਮੰਗਣ।...

‘‘ਮੇਰੇ ਨਾਲ ਵਿਆਹ ਕਰੋਗੇ?’’ ਖ਼ੰਜਨ ਨੇ ਟੇਢਾ ਵਾਰ ਕੀਤਾ।

ਇਕ ਵਾਰ ਭੱਜੂ ਰਾਮ ਨੇ ਖ਼ੰਜਨ ਦੇ ਦੋਵੇਂ ਪੈਰ ਫੜ ਲਏ, ‘‘ਜੈ ਹੋ ਭਵਾਨੀ ! ਮੇਰੀ ਮਨੋਕਾਮਨਾ ਪੂਰੀ ਹੋ ਗਈ।’’

‘‘ਉਏ ਇਹ ਕੀ ਕਰਦਾ ਏ।’’ ਖ਼ੰਜਨ ਨੇ ਆਪਣਾ ਹਾਸਾ ਹੋਕਦੇ ਹੋਏ ਕਿਹਾ, ‘‘ਮਦਰ ਕਿਉ ਔਰਤ ਦੇ ਪੈਰ ਫੜੇ। ਉਹ ਵੀ ਹੋਣ ਵਾਲੀ ਘਰਵਾਲੀ ਦੇ ! ਮੇਰੇ ਉਪਰ ਪਾਪ ਚੜਾ ਰਿਹਾ ਏ।’’

ਭੱਜੂ ਰਾਮ ਨੇ ਹੱਥ ਚੁੱਕ ਲਏ। ਉਸਦੀ ਬੋਲਤੀ ਬੰਦ ਹੋ ਗਈ ਸੀ।

‘‘ਮੇਰੇ ਨਾਲ ਵਿਆਹ ਕਰੋਗੇ, ਤਾਂ ਮੈਨੂੰ ਕੀ ਕੀ ਦੇਵੇਗਾ।’’ ਮਜ਼ਾਕ ਨਾਲ ਹੀ ਖੰਜ਼ਨ ਨੇ ਫਿਰ ਪੁੱਛ ਲਿਆ।

‘‘ਜੋ ਕਹੋਗੀ ਭਵਾਨੀ। ਬਾਂਸ ਦੇ ਡੰਡੇ ’ਚੋ ਜੋ ਪੈਸੇ ਰੱਖੇ ਹਨ ਉਹ ਤੇਰੇ ਲਈ ਹਨ।’’ ਭੱਜੂ ਰਾਮ ਨੇ ਉਸਦੇ ਵੱਲ ਮੰਦਿਰ ਦਾ ਪ੍ਰਸਾਦ ਵਧਾ ਦਿੱਤਾ। ਨਾਲ ਹੀ ਇਕ ਫੁੱਲ ਵੀ।

ਖੰਜ਼ਨ ਜਾਣਦੀ ਸੀ ਕਿ ਬਾਂਸ ਦੇ ਡੰਡੇ ਦੇ ਟੁਕੜੇ ’ਚੋ ਛੇਕ ਕਰਕੇ ਉਸ ਵਿੱਚ ਪੈਸੇ ਸੁੱਟਦਾ ਹੈ ਭੱਜੂ ਰਾਮ।

‘‘ਮੇਰਾ ਨਾਮ ਤਾਂ ਖ਼ੰਜਨ ਹੈ, ਤੂੰ ਭਵਾਨੀ ਕਿਉਂ ਕਹਿੰਦਾ ਏ।’’ ਪ੍ਰਸ਼ਾਦ ਗ੍ਰਹਿਣ ਕਰਕੇ, ਫੁੱਲ ਨੂੰ ਸੁੰਘਦੇ ਹੋਏ ਉਸਨੇ ਨੇ ਪੁੱਛਿਆ। ‘‘ਸਿਵ ਦੀ ਪਤਨੀ ਨੂੰ ਲੋਕ ਭਵਾਨੀ ਕਹਿੰਦੇ ਸਨ ਅਤੇ ਸਿਵ ਦੀ ਕ੍ਰਿਪਾ ਨਾਲ ਮੈਂ ਤੈਨੂੰ ...’’ ਉਹ ਆਪਣੇ ਸਿਰ ਵਿਚ ਖੁਰਕ ਕਰਨ ਲੱਗ ਪਿਆ ਸੀ।

‘‘ਬਾਂਸ ਦੇ ਡੰਡੇ ਵਿਚ ਪਾਏ ਪੈਸਿਆ ਨਾਲ ਵਿਆਹ ਹੋ ਜਾਵੇਗਾ। ਉਸ ਨਾਲ ਮੈਨੂੰ ਕੀ ਕੀ ਦੇਵੇਗਾ। ’’

‘‘ਇਕ ਸੋ ਤੋਂ ਘੱਟ ਰੁਪਏ ਨਹੀਂ ਹੋਣਗੇ। ਦੁਸਿਹਰੇ ਵਾਲੇ ਦਿਨ ਉਸ ਨੂੰ ਕੱਟ ਕੇ ਪੈਸੇ ਕੱਢਾਗਾ। ਉਸਦੇ ਦੇ ਬੁੱਲ੍ਹਾਂ ਤੇ ਮੁਸਕਰਾਹਟ ਸੀ।

ਖ਼ੰਜਨ ਨੂੰ ਜੋਰ ਨਾਲ ਹਾਸਾ ਆ ਗਿਆ। ਉਸਨੇ ਚਾਰੋ ਪਾਸੇ ਦੇਖਿਆ, ਕਿਤੇ ਵੀ ਕੋਈ ਦਿਖਾਈ ਨਹੀਂ ਦਿੱਤਾ। ਉਦੋਂ ਹੀ ਉਸ ਨੇ ਆਪਣੇ ਪੈਰ ਅੱਗੇ ਵਧਾ ਕੇ ਕਿਹਾ, ‘‘ਕਾਫੀ ਥੱਕ ਗਈ ਹਾਂ। ਜਰਾ ਪੈਰ ਤਾਂ ਘੁੱਟ ਦਿਓ।’’ ਅਤੇ ਭੱਜੂ ਰਾਮ ਭਗਤੀ ਭਾਵਨਾ ਨਾਲ ਪੈਰ ਦੱਬਣ ਲੱਗਾ। ਖ਼ੰਜਨ ਮੰਨ ਹੀ ਮੰਨ ਹੱਸਦੀ ਰਹੀ। ਉਸਦੇ ਅੰਦਰੋ ਜਿਵੇਂ ਫੁੱਲਝੜੀਆਂ ਫੁੱਟ ਰਹੀਆਂ ਹੋਣ ! ਅਤੇ ਉਸ ਨੇ ਭੱਜੂ ਰਾਮ ਦੀ ਗੱਲ੍ਹ ਤੇ ਪੋਲਾ ਜਿਹਾ ਪਿਆਰ ਨਾਲ ਹੱਥ ਲਾਇਆ।

ਭੱਜੂ ਰਾਮ ਸ਼ਰਮਾ ਗਿਆ ਸੀ। ਸਿਰ ਝੁਕਾ ਕੇ ਹੌਲੀ ਹੌਲੀ ਕਲਪਨਾ ’ਚ ਵਹਿਣ ਲੱਗਾ।

ਦੋਵੇਂ ਖੜੇ ਹੋ ਗਏ। ਖ਼ੰਜਨ ਨੇ ਕੁਝ ਦੂਰ ਤੱਕ ਆਟੇ ਦੀ ਬੋਲੀ ਲੈ ਕੇ ਚੱਲਣ ਨੂੰ ਕਿਹਾ ਅਤੇ ਸਿਰ ਉਪਰ ਆਟੇ ਦੀ ਥੈਲੀ ਲੈ ਕੇ ਭੱਜੂ ਰਾਮ ਅੱਗੇ ਅੱਗੇ ਚੱਲ ਪਿਆ। ਮਗਰ ਮਗਰ ਖ਼ੰਜਨ।

ਖੇਰਬੰਨੀ ਲੰਘ ਕੇ ਉਸਨੇ ਭੱਜੂ ਰਾਮ ਨੂੰ ਵਾਪਸ ਮੋੜ ਦਿੱਤਾ, ‘‘ਹੁਣ ਮੱਝਾਂ ਦੇ ਕੋਲ ਜਾਉ। ਨਹੀਂ ਤਾਂ ਮਾਮਾ ਮਾਰੇਗਾ। ਅਤੇ ਹਾਂ, ਗੁਜਾਰੇ ਦੇ ਲਈ ਕੋਈ ਕੰਮ ਧੰਦਾ ਸ਼ੁਰੂ ਕਰੋ, ਤਾਂ ਹੀ ਵਿਆਹ ਕਰਵਾਉਂਗੀ।’’ ਅਤੇ ਉਹ ਘਾਟ ਵੱਲ ਵੱਧ ਗਈ।

ਘਾਟ ਦੀ ਵੱਖੀ ਵਿੱਚ ਸੂਬੀ ਕਾਕਾ ਬੇੜੀ ’ਚ ਬੈਠ ਕੇ ਉਹਨੂੰ ਠੀਕ ਕਰ ਰਿਹਾ ਸੀ। ਖ਼ੰਜਨ ਨੇ ਜ਼ੋਰ ਨਾਲ ਪੁੱਛਿਆ, ‘‘ਕਦੋਂ ਤੱਕ ਬੇੜੀ ਠੀਕ ਕਰਦੇ ਰਹੋਗੇ, ਕਾਕਾ।’’

‘‘ਬਸ ਬੇਟੇ ਅੱਜ ਹੀ, ਕੱਲ ਤੋਂ ਕਿਸੇ ਦੇ ਪੈਰ ਭਿੱਜਣ ਨਹੀਂ ਦੇਵਾਗਾ। ’’ ਸੂਬੀ ਕਾਕਾ ਨੇ ਸਿਰ ਉਪਰ ਕਰਕੇ ਕਿਹਾ।

ਖ਼ੰਜਨ ਨੂੰ ਵਿਸ਼ਵਾਸ ਨਹੀਂ ਸੀ ਹੌਲੀ ਹੌਲੀ ਪਾਣੀ ’ਚ ਉਤਰਦੀ ਗਈ ਸੀ ਉਹ। ਉਦੋਂ ਹੀ

ਉਹਨੂੰ ਖੇਤਾਂ ਵਾਲੋਂ ਭੱਜੂ ਰਾਮ ਦਾ ਗੀਤ ਸੁਣਾਈ ਦਿੱਤਾ,

'... ਪ੍ਰੀਤ ਕਰ ਫੁੱਲ ਨੂੰ ਮਹਿਕਾ ਦੇਵੇ ਗੋਰੀ...'

ਤਾਂ ਪਾਣੀ ਵਿਚ ਚਲਦੇ ਹੋਏ ਉਸ ਨੂੰ ਚੰਗਾ ਲੱਗਾ ਸੀ।

ਦਸ ਦਿਨ ਤੋਂ ਬਾਅਦ ਸ਼ਹਿਰ ਤੋਂ ਪਰਤਿਆ ਸੀ ਬਾਬੂ ਸਾਹਿਬ। ਦਸ ਦਿਨਾਂ ਦੇ ਵਿਯੋਗ ਵਿਚ ਦੋਹਾਂ ਦਾ ਪਿਆਰ ਪੱਕ ਗਿਆ ਸੀ।

ਸ਼ਾਮ ਨੂੰ ਇਕਾਂਤ ਦੇਖ ਕੇ ਉਸ ਨੂੰ ਕਾਮਤ ਮਿਲਣ ਗਈ ਗਈ ਸੀ ਖ਼ੰਜਨ।

ਉਸਦੇ ਲਈ ਬਾਬੂ ਸਾਹਿਬ ਨਵੀਂ ਸਾੜ੍ਹੀ ਲਿਆਇਆ ਸੀ। ਲਾਲ ਸੂਹੇ ਫੁੱਲਾਂ ਵਾਲੀ। ਦੇਖਦੇ ਸਾਰ ਹੀ ਉਸ ਦੀ ਅੱਖਾਂ ਚੁੰਧਿਆ ਗਈਆਂ। ਪਰ ਸਾੜ੍ਹੀ ਲੈਣ ਨੂੰ ਤਿਆਹ ਨਹੀਂ ਹੋਈ। ਲੱਖ ਮੰਨਾਉਣ ਤੇ ਉਹ ਸਾੜ੍ਹੀ ਲਾ ਕੇ ਬਾਬੂ ਸਾਹਿਬ ਦੇ ਕੋਲ ਕੁਝ ਪਲ ਬੈਠ ਗਈ ਸੀ।

ਤਾਂ ਉਸਦੇ ਨਾਲ ਵਾਲੇ ਕਮਰੇ 'ਚ ਜਾ ਕੇ ਖ਼ੰਜਨ ਨੇ ਨਵੀਂ ਸਾੜ੍ਹੀ ਲਗਾ ਲਈ ਸੀ। ਫਿਰ ਬਾਬੂ ਸਾਹਿਬ ਨੇ ਬੜੇ ਸਲੀਕੇ ਨਾਲ ਸਾੜ੍ਹੀ ਠੀਕ ਕਰ ਦਿੱਤੀ। ਵਾਲ਼ਾ ਨੂੰ ਕੰਘੀ ਕਰ ਦਿੱਤੀ। ਮੱਥੇ 'ਤੇ ਬਿੰਦੀ ਲਗਾ ਦਿੱਤੀ। ਤੇ ਬਾਹਾਂ ਤੋਂ ਫੜ ਕੇ ਆਦਮ ਕੱਦ ਸ਼ੀਸ਼ੇ ਦੇ ਕੋਲ ਲਿਆ ਕੇ ਕਿਹਾ, "ਦੇਖ ਤਾਂ ਹੁਣ ਕਿਹੋ ਜਿਹੀ ਲੱਗਦੀ ਏਂ।"

ਅਤੇ ਸ਼ੀਸ਼ੇ ਵੱਲ ਦੇਖ ਦੇ ਸੱਚਮੁੱਚ ਦੁਲਹਿਨ ਵਾਂਗ ਸ਼ਰਮਾ ਗਈ ਸੀ ਖ਼ੰਜਨ। ਉਸ ਨੇ ਬਾਬੂ ਸਾਹਿਬ ਦੀ ਛਾਤੀ 'ਤੇ ਸਿਰ ਰੱਖ ਕੇ ਚਿਹਰਾ ਲੁਕੋ ਲਿਆ ਸੀ।

ਸੂਰਜ ਪੱਛਮ ਵਿੱਚ ਛੁੱਪ ਗਿਆ ਸੀ। ਚਿੜੀਆਂ ਗਾ ਰਹੀਆਂ ਸਨ। ਸਾਵਨ ਦੀ ਫੁਹਾਰ ਪੈਣ ਲੱਗ ਪਈ ਸੀ... ਕਿਣਮਿਣ-ਕਿਣਮਿਣ!...

ਉਸਤੋਂ ਬਾਅਦ ਕੋਈ ਸੰਕੋਚ ਨਹੀ ਰਹਿ ਗਿਆ ਸੀ। ਕੋਇਲ ਦੇ ਨਾਲ ਗਾ ਰਹੇ ਸਨ ਦੋਵੇ। ਬੱਦਲਾ ਦੇ ਨਾਲ ਨੱਚਦੇ ਸਨ। ਸਾਵਨ ਦੀ ਫੁਆਰ ਦੇ ਨਾਲ ਬਗੀਚੇ ਵਿੱਚ ਕੁਦ ਰਹੇ ਸਨ। ਦੋਵੇਂ ਇਥੇ ਸੀ, ਬਹਾਰ ਵੀ ਇਥੇ ਸੀ।

ਸਾਵਨ ਦੀ ਫੁਆਰ ਚਲੇ ਗਈ। ਭਾਦੋਂ ਛਾਤੀ ਉੱਪਰ ਮੁਰਦੰਗ ਵਜਾ ਗਿਆ। ਉਹ ਕਿਣ-ਮਿਣ ਵਰਸਾਉਂਦਾ ਚਲੇ ਗਿਆ। ਡੱਡੂਆਂ ਅਤੇ ਝੀਂਗਾ ਮੱਛੀ ਦਾ ਮਿਲਨ ਵੀ ਬੀਤ ਗਿਆ। ਕ੍ਰਿਸ਼ਨ ਅਸ਼ਟਮੀ, ਅਨੰਤਪੂਜਾ, ਵਿਸਵਕਰਮਾ ਪੂਜਾ ਦਾ ਮੇਲਾ ਵੀ ਬੀਤ ਗਿਆ। ਲੋਰਿਕ, ਸਲਹੇਸ, ਸਦਾ ਸੁਰੰਗਾ, ਅੱਲ੍ਹਾ-ਉਦੂਲ ਅਤੇ ਸਤੀ ਬਿਰਹਾ ਦੇ ਨਾਚ ਦਾ ਪ੍ਰਭਾਵ ਮਨ ਉਤੇ ਉਤਰਦਾ ਜਾ ਰਿਹਾ ਸੀ। ਪਰ ਦੋਵਾਂ ਦਾ ਪ੍ਰੇਮ ਗੂੜਾ ਹੁੰਦਾ ਜਾ ਰਿਹਾ ਸੀ। ਜਿਵੇਂ ਵਤਰ ਆਉਣ ਤੇ ਕਣਕ ਦੇ ਪੱਤਿਆ ਦਾ ਰੰਗ।...

ਨਾਚ ਦਾ ਅਗਲਾ ਦ੍ਰਿਸ਼...

ਮੂੰਗਾ ਆਪਣੀ ਸੱਸ ਨੂੰ ਕਹਿੰਦੀ ਹੈ, ਭਾਵ ਕਿ ਗਾ ਗਾ ਕੇ ਸਮਝਾਉਂਦੀ ਹੈ-

ਗੋਈਠਾਕ ਆਂਚ ਨਹਿ ਹੋਇਤ ਮੋਰਾ ਰਸੋਇਆ ਸੇ
ਗੋਇਠ ਮੇਂ ਮੇਰਾ ਜਿਆ ਘਬਰਾਆ ਹੇ ਮੈਆ।
ਹਮਰੇ ਨੈਹਰਵਾ ਭੇਜਿਓ ਆਦਮੀ ਸੇ
ਆਨਿ ਦੇਤੇ ਬਾਂਸਕੇ ਛੋਲਨਿਆ ਹੇ ਮੈਆ।

(ਏ ਮਾਂ! ਪਾਥੀਆਂ ਦੀ ਅੱਗ ਨਾਲ ਮੇਰੇ ਕੋਲੋ ਰਸੋਈ ਵਿਚ ਖਾਣਾ ਨਹੀਂ ਬਣੇਗਾ, ਗੋਬਰ ਤੋਂ ਮੇਰੇ ਮਨ ਨੂੰ ਘਬਰਾਹਟ ਹੁੰਦੀ ਹੈ। ਮੇਰੇ ਘਰ ਵੱਲੋਂ ਕਿਸੇ ਆਦਮੀ ਨੂੰ ਭੇਜ ਬਾਂਸ ਦੀਆਂ ਛਿਲਕਾ ਲਿਆ ਦੇਵੇਗਾ।'

ਮੂੰਗਾ ਦੀ ਗੱਲ ਸੁਣ ਕੇ ਸੱਸ ਦੇ ਮਨ ਅੰਦਰ ਸ਼ੰਕਾਂ ਉਤਪਨ ਹੁੰਦਾ ਹੈ। ਉਹ ਪੁੱਛਦੀ ਹੈ-

ਕੌਨ ਨਗਰੀਆਂ ਤੋਰਾ ਨੈਹਰਬਾ ਸੇ
ਕਹਮਾ ਸੇ ਜਾਲਿਮ ਤੋਰਾ ਲਅਲਅ ਬਹੁਰਿਆ।

(ਏ ਬਹੂ! ਕਿਹੜੇ ਕਸਬੇ 'ਚ ਤੇਰਾ ਘਰ ਹੈ? ਜਾਲਿਮ ਸਿੰਘ ਤੈਨੂੰ ਕਿੱਥੋਂ ਲੈ ਕੇ ਆਇਆ ਹੈ)

ਥੋਖੇ-ਫਰੇਬ ਨੂੰ ਨਾ ਜਾਨਣ ਵਾਲੀ ਵਿਚਾਰੀ ਮੂੰਗਾ, ਸੱਚੋ-ਸੱਚ ਸਭ ਕੁਝ ਦੱਸ ਦਿੰਦੀ ਹੈ-

ਵਿਦੀਪੁਰ ਨਗਰਿਆ ਮੇਂ ਮੋਰਾ ਨੈਹਰਬਾ ਸੇ
ਜਾਤਿ ਕੇਰ ਹਮਹੂੰ ਡੋਮਿਨਿਆ ਏ ਮੈਆ।
ਪਨਿਆ ਭਰਨਿ ਗੋਲਹੂੰ ਪਕਬਾ ਇਨਰਬਾ ਸੇ
ਲਾਗਿ ਗੇਲੈ ਪ੍ਰੇਮੁਆਕ ਫਾਂਸ ਏ ਮੈਆ।
ਬਹਿਆ ਪਕੜਿ ਜਾਲਿਮ ਘੋੜਬਾ ਚੜੋਲਕ ਸੇ
ਲਅ ਆਨਲਿ ਅਪਨ ਨਗਰਿਆ ਏ ਮੈਆ।

(ਏ ਮਾਂ ! ਬਿਦੀਪੁਰ ਨਗਰ 'ਚ ਮੇਰਾ ਘਰ ਹੈ। ਜਾਤ ਦੀ ਮੈਂ ਡੋਮਿਨ ਹੂੰ। ਪਾਣੀ ਭਰਨ ਲਈ ਨਹਿਰ 'ਤੇ ਗਈ ਸੀ। ਉਥੇ ਹੀ ਪ੍ਰੇਮ ਹੋ ਗਿਆ। ਜਾਲਿਮ ਸਿੰਘ ਨੇ ਮੇਰੀ ਬਾਂਹ ਫ਼ੜ ਕੇ ਮੈਨੂੰ ਘੋੜੇ 'ਤੇ ਚੜ੍ਹਾ ਲਿਆ ਅਤੇ ਆਪਣੇ ਕਸਬੇ ਨੂੰ ਲੈ ਗਿਆ।

ਐਨਾ ਸੁਣਦਿਆ ਸਾਰ ਹੀ ਬੁੱਢੀ ਮਾਂ ਦੇ ਸਿਰ 'ਚ ਜਿਵੇਂ ਸੁਆਹ ਪੈ ਗਈ। ਉਹ ਜਾਲਿਮ ਸਿੰਘ ਨੂੰ ਫਿਟਕਾਰਾ ਪਾਉਣ ਲੱਗੀ-

ਧਿਕ-ਧਿਕ ਜੀਵਨ ਜਾਲਿਮ ਹੋ ਸਿਪਹਿਆ ਸੇ
ਕੁਲਬਾ ਮੇਂ ਦਗਿਆ ਲਗੈਲਆ ਦੁਲਰੁਆ।
ਨਹੋ ਮਹੀਨਾ ਜਾਲਿਮ ਉਦਰ ਮੇਂ ਰਾਖਲ ਸੇ
ਕਠਿਨ-ਕਠੋਰ ਦੁਖ ਸਹਲ ਦੁਲਰੁਆ।
ਤੋਹਰੇ ਜਨਮ ਬਾਬੂ ਸੂਰੁਜ ਮਨਾਓਲ ਸੇ
ਬਰਤ ਕਅਲ ਛਠੀ-ਏਤਬਾਰ ਦੁਲਰੁਆ।
ਇਹੋ ਜਾਨਿਤਹੂ ਆਜੂ ਹੋਅਬੇ ਡੋਮਰਾ ਸੇ
ਸੋਇਰੀ ਘਰ ਮੇਂ ਨੁਨਵਾ ਚਟਾਇਬਤਹੁ ਦੁਲਰੁਆ।
ਹਮਰਾ ਬੁੜਵਾਲ ਜੋ ਮਾਟਿ ਬਰਬਾਦ ਕਅਲਅ ਸੇ
ਕੁਲਬਾ ਮੇਂ ਦਗਿਆ ਲਗੌਲਅ ਦੁਲਰੁਆ।

( ਹਾਏ ਵੇ ਮੇਰੇ ਪੁੱਤਰਾਂ ਜਾਲਿਮ ਸਿੰਘ! ਫਿਟ ਲਾਹਨਤ ਤੇਰੇ ਜੀਵਨ ਦੇ। ਤੈਂ ਮੇਰੀ ਕੁੱਖ ਨੂੰ ਦਾਗ਼ ਲਾ ਦਿੱਤਾ ਹੈ। ਮੈਂ ਨੌਂ ਮਹੀਨੇ ਤੈਨੂੰ ਆਪਣੀ ਕੁੱਖ ਵਿੱਚ ਰੱਖ ਕੇ ਐਵੇਂ ਹੀ ਐਨੀ ਪੀੜ ਸਹੀ। ਤੇਰੇ ਜਨਮ ਲਈ ਸੂਰਜ ਦੇਵਤਾ ਦੀ ਪੂਜਾ ਕੀਤੀ, ਛੇਵੇਂ ਐਤਵਾਰ ਦਾ ਵਰਤ ਰੱਖਿਆ। ਜੇ ਮੈਂ ਇਹ ਜਾਣਦੀ ਕਿ ਕਿ ਤੂੰ ਡੋਮ ਹੋ ਜਾਵੇਗੀ ਤਾਂ ਮੈਂ ਤੈਨੂੰ ਜਮਦਿਆ ਹੀ ਜ਼ਹਿਰ ਚਟਾ ਦਿੰਦੀ। ਮੇਰੀ ਪਤੀ ਦੀ ਮਿੱਟੀ ਨੂੰ ਤੁਸੀਂ ਬਰਬਾਦ ਕਰ ਕੇ ਮੇਰੀ ਕੁੱਲ ਨੂੰ ਤੂੰ ਦਾਗ਼ ਲਾ ਦਿੱਤਾ ਹੈ। ) ਜਾਲਿਮ ਸਿੰਘ ਦੇ ਚਾਚਾ ਬਾਬੂ ਜਗਰਨਾਥ ਸਿੰਘ ਨੂੰ ਸਾਰੀ ਗੱਲ ਦਾ ਪਤਾ ਚੱਲ ਜਾਂਦਾ ਹੈ। ਅਤੇ ਉਹ ਘਰ ਵਿਚ ਤੁਫਾਨ ਮਚਾ ਦਿੰਦਾ ਹੈ! ਕਿਸੇ ਵੀ ਸ਼ਰਤ ਉਤੇ ਡੋਮਿਨ ਜਾਤ ਦੀ ਲੜਕੀ ਨੂੰ ਘਰ ਦੀ ਬਹੂ ਸਾਨੂੰ ਸਵੀਕਾਰ ਨਹੀਂ ਹੈ। ਬਹੁਤ ਤਰੀਕਿਆਂ ਨਾਲ ਜ਼ਾਲਿਮ ਸਿੰਘ ਨੂੰ ਡਰਾਇਆ ਧਮਕਾਇਆ ਜਾਂਦਾ ਹੈ।

ਪਰ ਜਾਲਿਮ ਸਿੰਘ ਡਰਨ ਵਾਲਾ ਨਹੀਂ ਹੈ। ਉਹ ਮੂੰਗਾ-ਮੂੰਗਾ ਦਾ ਨਾਂ ਲੈਂਦਾ ਮਰ ਜਾਵੇਗਾ ਪਰ ਉਸ ਨੂੰ ਛੱਡ ਨਹੀਂ ਸਕਦਾ।

ਅੰਤ ਹੁੰਦਾ ਇਹ ਹੈ ਕਿ ਮੂੰਗਾ ਦੇ ਨਾਲ ਘਰ ਛੱਡ ਕੇ ਚਲਾ ਜਾਂਦਾ ਹੈ, ਜਾਲਿਮ ਸਿੰਘ-ਜੰਗਲ ਦੇ ਵੱਲ।

ਦਰਸ਼ਕਾ ਦੀ ਭੀੜ ਸਭ ਕੁਝ ਭੁੱਲ ਕੇ ਨਾਚ 'ਚ ਮਸਤ ਰਹਿੰਦੀ ਹੈ। ਇਕਦਮ ਸ਼ਾਂਤ !...

ਚੜਦੇ ਕਤਕ ਦਾ ਸੂਰਜ ਡੁੱਬਣ ਜਾ ਰਿਹਾ ਹੈ। ਛੱਪੜ ਦੇ ਪਾਣੀ ਵਿਚ ਲਾਲੀ ਉਤਰ ਆਈ ਸੀ।

ਮੱਝ ਦੀ ਪਿੱਠ ਦੇ ਉਪਰ ਬੈਠਾ ਭੱਜੂ ਰਾਮ ਬਾਰਹਮਾਂਹ ਗਾ ਰਿਹਾ ਸੀ-

... ਆਸਿਨ ਮਾਸ ਆਸ ਘਰ ਚੀਤ
ਨਾਹ ਨਿਕਾਰੁਨ ਨ ਭੇਲਾਹ ਹੀਤ
ਸਰਬਰ ਖੇਲਹ ਚਕਬਾ ਹਾਸ
ਬਿਰਹਿਨ ਬੈਰਿ ਭੇਲ ਆਸਿਨ ਮਾਸ...

ਖ਼ੰਜਨ ਪ੍ਰਤਾਪਗੰਜ ਤੋਂ ਪਰਤ ਰਹੀ ਸੀ। ਭੱਜੂ ਰਾਮ ਦੇ ਨੇੜਿਉ ਦੀ ਲੰਘ ਰਹੀ ਸੀ ਪਰ ਭੱਜੂ

ਰਾਮ ਨੇ ਉਸਦੇ ਵੱਲ ਮੁੜਕੇ ਦੇਖਿਆ ਤੱਕ ਨਹੀਂ। ਗੀਤ ਵਿੱਚ ਮਸਤ ਰਹਿਣ ਦਾ ਉਸ ਨੇ ਬਹਾਨਾ ਬਣਾ ਲਿਆ। ਖ਼ੰਜਨ ਜੋ ਨਿਰਾਸ਼ ਜਿਹੀ ਅੱਗੇ ਵੱਧ ਗਈ ਸੀ ਭੱਜੂ ਰਾਮ ਦਾ ਗੀਤ ਉਹਦੇ ਕਾਲਜੇ ਨੂੰ ਚੀਰਦਾ ਚਲਾ ਗਿਆ। ਸਹਿਜੇ ਸਹਿਜੇ ਉਹ ਵੀ ਮੂੰਹ 'ਚ ਗਾਉਣ ਲੱਗ ਪਈ

... ਆਸਿਨ ਹੇ, ਸਖੀ ਆਸ ਲਾਗਲ
ਆਸੋ ਨਹਿ ਪੁਰਲ ਹਮਾਰ ਜੋ
ਕੋਨ ਯੋਗਿਨ ਯੋਗ ਠਾਨਲ
ਆਸਿਨ ਆਸ ਭੇਲ ਨਿਰਾਸ ਯੋ...

ਬਾਬੂ ਸਾਹਿਬ ਸ਼ਹਿਰ ਗਿਆ ਮਹੀਨਾ ਹੋ ਚਲਿਆ ਸੀ। ਖ਼ੰਜਨ ਨੂੰ ਬਿਨਾ ਦੱਸੇ ਹੀ ਚਲੇ ਗਿਆ ਸੀ। ਜਾਂਦੇ ਜਾਂਦੇ ਭੱਜੂ ਰਾਮ ਦੇ ਰਾਹੀਂ ਸੁਨੇਹਾ ਛੱਡ ਗਿਆ ਸੀ। ਕਿ ਚੌਧਰੀ ਪੂਜਾ ਤੱਕ ਪਰਤ ਆਵੇਗਾ। ਦੁਸਿਹਰਾ ਦਾ ਮੇਲਾ ਇਥੇ ਹੀ ਕਰੇਗਾ। ...

ਸੁਨੇਹਾ ਦਿੰਦੇ ਸਮੇਂ ਭੱਜੂ ਰਾਮ ਦਾ ਚਿਹਰਾ ਉਤਰਿਆ ਹੋਇਆ ਸੀ। ਉਸ ਨੇ ਖ਼ੰਜਨ ਨੂੰ ਕਿਹਾ ਵੀ ਸੀ,"ਤੇਰੇ ਕੋਲ ਜਦੋਂ ਕਦੀ ਬਾਬੂ ਸਾਹਿਬ ਨੂੰ ਦੇਖਦਾ ਹਾਂ ਤਾਂ ਮੇਰਾ ਮਨ ਕਰਦਾ ਹੈ ਕਿ ਉਸਦਾ ਕਤਲ ਕਰ ਦੇਵਾ।"

ਖ਼ੰਜਨ ਇਹ ਗੱਲ ਸੁਣ ਕੇ ਸੁੰਨ ਹੋ ਗਈ। ਭੱਜੂ ਰਾਮ ਵਰਗੇ ਸਿੱਧੜ ਬੰਦੇ ਦੇ ਮੂੰਹੋਂ ਇਹ ਗੱਲ ਸੁਣਨ ਦੀ ਕੋਈ ਵੀ ਸੋਚ ਵੀ ਨਹੀਂ ਸਕਦਾ ਹੈ। ਉਸਨੇ ਅੱਖਾਂ ਫੈਲਾ ਕੇ ਭੱਜੂ ਰਾਮ ਵੱਲ ਦੇਖਦਿਆ ਕਿਹਾ ਸੀ, "ਕਿਓ ?"

ਭੱਜੂ ਰਾਮ ਗੁੱਸੇ ਨਾਲ ਭਰਿਆ ਪੀਤਾ ਰਹਿ ਗਿਆ ਬੋਲਿਆ ਕੁਝ ਵੀ ਨਹੀਂ।

"ਉਹ ਜਾਤ-ਪਾਤ ਨਹੀਂ ਮੰਨਦਾ।" ਖ਼ੰਜਨ ਨੇ ਕਿਹਾ ਸੀ।

"ਉਹ ਕਮੀਨਾ ! ਸਾਲਾ...।" ਭੱਜੂ ਰਾਮ ਦਾ ਚਿਹਰਾ ਲਾਲ ਹੋ ਗਿਆ ਸੀ। ਮਨ ਕ੍ਰੋਧ ਨਾਲ ਭਰ ਗਿਆ। ਥੱਲੇ ਥੁੱਕ ਕੇ ਉਹ ਅਗਾਹ ਚਲਾ ਗਿਆ।

ਉਦੋਂ ਤੋਂ ਦੋਵਾਂ ਦੀ ਗੱਲ ਬਾਤ ਨਹੀਂ ਹੋ ਰਹੀ ਸੀ।

ਦੁਸਿਹਰਾ ਅਤੇ ਲਛਮੀ ਪੂਰਾ ਦੋਵੇਂ ਬੀਤ ਗਏ ਸੀ। ਖ਼ੰਜਨ ਦੇ ਲਈ ਇਹਨਾਂ ਦੀ ਕੋਈ ਖੁਸ਼ੀ ਨਹੀਂ ਆਈ ਸੀ। 'ਆਸਿਨ ਆਸ ਭਲੇ ਨਿਰਾਸ ਓ' ਕਹਿੰਦਿਆਂ ਕਹਿੰਦਿਆਂ ਉਸ ਦਾ ਗਲ਼ਾ ਥੱਕ ਗਿਆ ਸੀ। ਸੁੰਨਸਾਨ ਦਰਖਤਾ ਦੇ ਵਿਚ ਜੰਗਲੀ ਚਿੜੀ ਦੀ ਆਵਾਜ਼ ਆ ਰਹੀ ਸੀ।

ਖ਼ੰਜਨ ਗੁੰਮ-ਸੁੰਮ ਨਹਿਰ ਦੀ ਘਾਟ ਵੱਲ ਵੱਧ ਰਹੀ ਸੀ।

ਸੁਬੀ ਕਾਕਾ ਬੇੜੀ ਲੈ ਕੇ ਦੂਜੇ ਪਾਸਿਓ ਆ ਰਿਹਾ ਸੀ।

ਕੁਝ ਪਲਾ ਲਈ ਉਸ ਦਾ ਧਿਆਨ ਖੰਡਤ ਹੁੰਦਾ ਹੈ। ਪਲੇਟਫਾਰਮ ਉਪਰ ਲੋਕਾਂ ਦੀ ਭੀੜ ਵੱਧਦੀ ਜਾ ਰਹੀ ਹੈ। ਧੁੱਪ ਤੇ ਗਰਮੀ ਕੁਝ ਘੱਟ ਗਈ ਹੈ। ਕੱਚਨਾਰ ਦੀ ਟਾਹਿਣੀ ਤੇ ਦੋ ਚਿੜੀਆਂ ਚੁੱਪ ਚਾਪ ਬੈਠੀਆ ਹੋਈਆਂ ਹਨ। ਕਾਲਾ ਦੰਦ ਮੰਜਨ ਵੇਚਣ ਵਾਲਾ ਮਦਾਰੀ ਭੀੜ ਇੱਕਠੀ ਕਰਨ ਜਾ ਰਿਹਾ ਹੈ। ਅੱਗੇ ਬਕਸਾ ਰੱਖ ਕੇ ਡਮਰੂ ਵਜਾ ਰਿਹਾ ਹੈ। ਜਮੂਰੇ ਨੂੰ ਆਵਾਜ਼ ਦਿੰਦਾ ਹੈ- "ਬੋਲ ਜਮੂਰੇ !"

"ਜੀ ਉਸਤਾਦ !"

"ਖੇਡ ਸ਼ੁਰੂ ਕਰੀਏ !"

"ਹਾਂ ਉਸਤਾਦ!" ਜਮੂਰੇ ਨੇ ਕਿਹਾ, "ਗੁਰੂ ਤੋਂ ਵੀ ਪੁੱਛ ਲਓ ਉਸਤਾਦ ।"

"ਕਿੱਥੇ ਆ ਗੁਰੂ ?" ਬੰਦਰ ਨੂੰ ਪੁੱਛਦਾ ਹੈ ਮਦਾਰੀ।

ਬੰਦਰ ਡੰਮਰੂ ਵਜਾਉਂਦਾ ਹੈ। ਭੀੜ ਜੁੜਨ ਲੱਗਦੀ ਹੈ।

ਭੱਜੂ ਰਾਮ ਕਿਤੇ ਵੀ ਦਿਖਾਈ ਨਹੀਂ ਦੇ ਰਿਹਾ। ਸੈਡ ਦੇ ਵੱਲ ਦੇਖਣ ਦੀ ਉਸ ਵਿੱਚ ਹਿੰਮਤ ਨਹੀਂ ਰਹਿ ਗਈ ਹੈ ਉਹ ਗੋਡਿਆ ਦੇ ਵਿਚ ਆਪਣਾ ਚਿਹਰਾ ਛੁਪਾ ਲੈਂਦੀ ਹੈ।

ਹੱਥ ਤੱਕ ਨਾ ਦਿਸਣ ਵਾਲੀ ਹਨੇਰੀ ਰਾਤ ਸੀ। ਖਾ-ਪੀ ਕੇ ਬਿਸਤਰ 'ਤੇ ਲੰਮੇ ਪੈਣ ਦਾ ਸਮਾਂ। ਖ਼ੰਜਨ ਆਪਣੀ ਮਾਂ ਦੇ ਨਾਲ ਲੰਮੀ ਪਈ ਸੀ। ਨੀਂਦ ਨਹੀਂ ਆਈ ਸੀ ਤੇ ਉਹ ਭੱਜੂ ਰਾਮ ਦੇ ਬਾਰੇ ਵਿੱਚ ਸੋਚ



ਰਹੀ ਸੀ। ਉਦੋਂ ਹੀ ਦੱਖਣ ਵੱਲ ਹਮਲਾ ਹੋ ਗਿਆ ਸੀ। ਜੋਰ ਦੀ ਹਮਲਾ। ਕੋਈ ਔਰਤ ਛਾਤੀ ਪਿੱਟ ਪਿੱਟ ਕੇ ਉੱਚੀ ਉੱਚੀ ਰੋਅ ਰਹੀ ਸੀ। ਲੋਕ ਦੌੜ ਕੇ ਉਧਰ ਜਾ ਰਹੇ ਸੀ- "ਕੀ ਹੋ ਗਿਆ ? ਕੌਣ ਹੈ ਬਈ? "

ਕੁਝ ਦੇਰ ਬਾਅਦ ਖ਼ੰਜਨ ਦੇ ਘਰ ਦੇ ਸਾਹਮਣੇ ਦੀ ਸੜਕ ਉਪਰ ਕੁਝ ਲੋਕ ਜੋਰ ਜੋਰ ਨਾਲ ਗੱਲਾਂ ਕਰਦੇ ਉਧਰੋ ਪਰਤ ਰਹੇ ਸਨ। ਨਜ਼ਦੀਕ ਪਏ ਉਨ੍ਹਾਂ ਦੇ ਬੁੱਢੇ ਦਾਦਾ ਨੇ ਆਪਣੇ ਘਰੋਂ ਹੀ ਪੁੱਛਿਆ ਸੀ, "ਕੀ ਹੋ ਗਿਆ ਬਈ ?"

"ਸਮਦਾ ਦੀ ਇੱਜਤ ਲੁੱਟ ਰਿਹਾ ਸੀ।"

"ਕੌਣ ਸੀ ।"

"ਭੱਜੂ ਸੀ !..."

"ਹੈਂ !!..."

"ਹਾਂ ਦਾਦਾ, ਸਾਲਾ ਦੇਖਣ ਨੂੰ ਕਿੰਨਾ ਸਿੱਧਾ ਲੱਗਦਾ ਹੈ, ਪਰ ਹੈ ਬੜਾ ਮਿੰਨਾ ਮੀਸਣਾ। ਕੁੱਟ ਕੁੱਟ ਕੇ ਸਾਲੇ ਦਾ ਕੀਮਾ ਬਣਾ ਦਿੱਤਾ। "

ਖ਼ੰਜਨ ਨੇ ਆਪਣੇ ਕੰਨ ਬੰਦ ਕਰ ਲਏ। ਉਦਾਸ ਜਿਹੀ ਹੋ ਕੇ ਸਵੇਰ ਦੀ ਉਡੀਕ ਕਰਨ ਲੱਗ ਪਈ। ਉਸ ਰਾਤ ਉਸ ਨੂੰ ਨੀਂਦ ਨਹੀਂ ਆਈ ਸੀ।

ਸਵੇਰੇ ਪਤਾ ਚੱਲਿਆ ਕਿ ਭੱਜੂ ਰਾਮ ਪਿੰਡ ਛੱਡ ਕੇ ਰਾਤ ਨੂੰ ਭੱਜ ਗਿਆ ਸੀ।

ਸਮਦਾ ਗੱਲਾਂ ਬਣਾ ਬਣਾ ਕੇ ਭੱਜੂ ਰਾਮ ਦੇ ਕਿੱਸੇ ਸੁਣਾ ਰਹੀ ਸੀ।

ਸ਼ੋਰ ਨਾਲ ਨੇੜੇ ਦੇ ਬਗੀਚੇ 'ਚੋਂ ਚਿੱੜੀਆਂ ਉੜਨ ਲੱਗ ਪਈਆਂ। ਨਾਚ ਦੇ ਨਾਲ ਆਪਣੀ ਲੈਅ ਮਿਲਾਉਣ ਲਈ ਜੋਰ ਜੋਰ ਨਾਲ ਚਿੱੜੀਆਂ ਚੂਕ ਰਹੀਆਂ ਸਨ। ਤਾਰੇ ਛਿੱਪਣ ਲੱਗੇ ਸੀ। ਆਸਮਾਨ ਸਾਫ ਅਤੇ ਪੂਰਬ ਦਾ ਪਾਸਾ ਲਾਲ ਹੁੰਦਾ ਜਾ ਰਿਹਾ ਸੀ। ਪਰ ਦਰਸ਼ਕਾਂ ਨੂੰ ਇਸ ਦਾ ਪਤਾ ਨਹੀਂ ਸੀ। ਉਹ ਤਾਂ ਨਾਚ ਵਿਚ ਮਸਤ ਸਨ।

ਇਹ ਨਾਚ ਦਾ ਆਖਰੀ ਦ੍ਰਿਸ਼ ਹੈ...।

ਹੁਣ ਅੱਗੋ ਕਿੱਸਾ ਧਿਆਨ ਨਾਲ ਸੁਣਿਓ ਪਿਆਰੇ ਦਰਸ਼ਕੋ !!

... ਉਦੋਂ ਜ਼ਮਾਨਾ ਹੀ ਅਜਿਹਾ ਸੀ ਕਿ ਮੁਕਲਾਵਾ ਭਾਵੇ ਪੱਚੀ ਸਾਲ ਬਾਅਦ ਹੋਵੇ, ਵਿਆਹ ਤਾਂ ਇਕ ਸਾਲ ਦੀ ਲੜਕੀ ਦਾ ਡੇੜ ਸਾਲ ਦੇ ਲੜਕੇ ਨਾਲ ਹੋ ਜਾਂਦਾ ਸੀ। ਅਜਿਹਾ ਹੀ ਇਕ ਵਿਆਹ ਜਾਲਿਮ ਸਿੰਘ ਦਾ ਵੀ ਹੋਇਆ ਸੀ। ਬਚਪਨ ਵਿੱਚ ਹੀ, ਸੋਨਾ ਨਾਂ ਦੀ ਲੜਕੀ ਨਾਲ।

ਮੂੰਗਾ ਦੇ ਨਾਲ ਜਾਲਿਮ ਸਿੰਘ ਦੇ ਦੌੜ ਜਾਣ ਤੋਂ ਬਾਅਦ ਚਾਚਾ ਬਾਬੂ ਜਗਰਨਾਥ ਸਿੰਘ ਸੋਨਾ ਦੇ ਨਾਂ ਇਕ ਚਿੱਠੀ ਲਿਖ, ਤਰੁੰਤ ਘੋੜਾ ਦੌੜਾਉਂਦਾ ਹੈ- ਸੋਨਾ ਦੇ ਘਰ।

ਚਿੱਠੀ ਪਹਿਲਾ ਸੋਨਾ ਦੀ ਮਾਂ ਦੇ ਹੱਥ ਲੱਗਦੀ ਹੈ। ਚਿੱਟੀ ਪੜ ਕੇ ਸੋਨਾ ਨੂੰ ਉਸ ਦੀ ਮਾਂ ਕਹਿੰਦੀ ਹੈ-

ਏ ਕੁੜੀਏ ਚਿੱਠੀ ਪੜ੍ਹ ਕੇ ਮੇਰੀ ਤਾਂ ਛਾਤੀ ਜਖ਼ਮੀ ਹੋ ਗਈ। ਅੱਖਾਂ ਵਿਚੋਂ ਅੱਥਰੂ ਵਹਿਣ ਲੱਗ ਪਏ। ਅੱਜ ਤੇਰੀ ਕਿਸਮਤ ਉਜੜ ਗਈ ਹੈ। ਤੇਰਾ ਪਤੀ ਡੋਮਿਨ ਦੇ ਨਾਲ ਚਲਾ ਗਿਆ।

ਪਰ ਸੋਨਾ ਜੋ ਕੁਝ ਵੀ ਹੋਇਆ ਉਸਦਾ ਦੋਸ਼ ਪਤੀ ਉਪਰ ਨਹੀਂ ਲਗਾਉਂਦੀ, ਉਹ ਆਪਣੀ ਮਾਂ ਨੂੰ ਕਹਿੰਦੀ ਹੈ-

"ਏ ਮਾਂ ! ਮੇਰਾ ਵਿਆਹ ਹੋਇਆ, ਪਰ ਮੰਗਣਾ ਨਹੀਂ ਹੋਇਆ। ਮੇਰੇ ਪਤੀ ਨੇ ਮੈਨੂੰ ਇਕ ਵੀ ਦੁੱਖ-ਸੁੱਖ ਨਹੀਂ ਪੁੱਛਿਆ ਦੱਸਿਆ। "

ਫਿਰ ਤਾਂ ਪਤੀ ਨਿਰਦੋਸ਼ ਹੀ ਸਿੱਧ ਹੋ ਗਿਆ ਸੋਨਾ ਦੀ ਨਜ਼ਰ ਵਿੱਚ ਰੋਂਦੀ-ਰੋਂਦੀ ਸੋਨਾ ਜਾਲਿਮ ਸਿੰਘ ਦੀ ਭਾਲ ਵਿੱਚ ਘਰ ਤੋਂ ਨਿਕਲ ਪੈਂਦੀ ਹੈ- ਜੰਗਲ ਦੇ ਵੱਲ।

ਕਿੰਨੇ ਸਾਲ ਬੀਤ ਗਏ ! ਜੰਗਲ ਜੰਗਲ ਭਟਕਦੇ ਹੋਇਆ ਸੋਨਾ ਆਪਣੀ ਕਹਾਣੀ ਗਾ ਗਾ ਕੇ ਸੁਣਾ ਰਹੀ ਹੈ। ਜੜੀ-ਬੂਟੀਆਂ, ਦਰਖਤ-ਫੁੱਲਾਂ, ਪਸ਼ੂ-ਪੰਛੀਆਂ, ਨਦੀ-ਨਾਲਿਆ ਸਭ ਨੂੰ ਆਪਣੇ ਪਤੀ ਦਾ ਸਿਰਨਾਵਾਂ ਪੁੱਛ ਰਹੀ ਹੈ। ਉਸਦੀ ਦੁਰਦਸ਼ਾ ਦੇਖ ਦੇ ਸਭ ਦੀਆਂ ਅੱਖਾਂ 'ਚੋ ਪਾਣੀ ਸਿੰਮਣ ਲੱਗ ਪੈਂਦਾ ਹੈ।

ਉਦੋਂ ਹੀ ਅਚਾਨਿਕ ਮੂੰਗਾ ਨਾਲ ਸੋਨਾ ਦੀ ਮੁਲਾਕਾਤ ਹੁੰਦੀ ਹੈ। ਆਪਣੀ ਸਾਰੀ ਕਥਾ ਕਹਿ ਆਪਣੇ ਪਤੀ ਦਾ ਸਿਰਨਾਵਾਂ ਮੂੰਗਾ ਨੂੰ ਪੁੱਛਦੀ ਹੈ ਸੋਨਾ।

ਮੂੰਗਾ ਭੈਣ ਕਹਿ ਕੇ ਬੜੇ ਸਤਿਕਾਰ ਨਾਲ ਉਸ ਨੂੰ ਆਪਣੀ ਕੁਟੀਆਂ ਵਿਚ ਲੈ ਜਾਂਦੀ ਹੈ। ਨਵੇਂ ਕੱਪੜੇ ਪਾ ਕੇ ਵਾਲ਼ਾ ਨੂੰ ਕੰਘੀ ਕਰ ਕੇ ਪੂਰਾ ਸਿੰਗਾਰ ਕਰਕੇ ਪਤੀ ਨਾਲ ਮਿਲਾਉਂਦੀ ਹੈ।

ਕੁਰਣਾ ਰਾਗ ਆਲਾਪਦਾ ਹਰਮੋਨੀਅਮ ਚੁੱਪ ਹੋ ਜਾਂਦਾ ਹੈ। ਨਾਚ ਦਿਖਾਉਣ ਵਾਲੇ ਵੀ ਚੁੱਪ, ਢੋਲਕੀ ਢਿੱਲੀ ਹੋ ਜਾਂਦੀ ਹੈ। ਸਵੇਰੇ ਦੀ ਰੋਸ਼ਨੀ ਦਰਵਾਜੇ ਤੇ ਪੈਂਦੀ ਹੈ। ਠੰਡੀ ਹਵਾ ਹੱਡੀਆਂ ਨੂੰ ਠਾਰ ਰਹੀ ਹੈ। ਲੋਕ ਵਾਪਸ ਪਰਤ ਰਹੇ ਹਨ। ਭਰੇ ਹੋਏ ਮਨ ਨਾਲ। ਪੂਰਬ 'ਚ ਸੂਰਜ ਦਾ ਗੋਲਾ ਬਾਹਰ ਹੁੰਦਾ ਹੈ।

ਸਾਲੋ-ਸਾਲ ਬੀਤਦੇ ਗਏ।

ਨਾ ਬਾਬੂ ਸਾਹਿਬ ਪਰਤਿਆ ਨਾ ਹੀ ਭੱਜੂ ਰਾਮ।

ਲੋਕਾਂ ਨੇ ਕਿਹਾ, ਬਾਬੂ ਸਾਹਿਬ ਦਾ ਵਿਆਹ ਮੰਤਰੀ ਦੀ ਬੇਟੀ ਨਾਲ ਹੋਇਆ ਹੈ... ਬਾਬੂ ਸਾਹਿਬ ਵੱਡਾ ਅਫ਼ਸਰ ਬਣ ਗਿਆ ਹੈ... ਖ਼ੰਜਨ ਨੇ ਵੀ ਸੁਣਿਆ। ਖੰਜ਼ਨ ਦਾ ਪਿਤਾ ਮਰ ਗਿਆ ਸੀ। ਬੀਮਾਰ ਮਾਂ ਘਰ ਵਿਚ ਮੰਜੇ ਨਾਲ ਲੱਗ ਗਈ। ਖ਼ੰਜਨ ਨੇ ਖੇਤਾਂ ਦਾ ਕੰਮ ਕਰ ਛੱਡ ਦਿੱਤਾ ਸੀ। ਟੋਲੇ ਦੇ ਕਈ ਔਰਤਾ ਮਰਦ ਲੂਣ-ਤੇਲ ਅਤੇ ਸਬਜੀ ਵੇਚਣ ਦਾ ਕੰਮ ਕਰਦੇ ਸਨ। ਉਸ ਨੇ ਉਨ੍ਹਾਂ ਨਾਲ ਸਬਜੀ ਦਾ ਕੰਮ ਸ਼ੁਰੂ ਕਰ ਦਿੱਤਾ। ਪ੍ਰਤਾਪਗੰਜ, ਸਿਮਰਾਹੀ ਤੋਂ ਸਬਜੀ ਖਰੀਦ ਕੇ ਸੁਪੋਲ, ਸਹਰਸਾ ਵੇਚਦੀ ਜਾਂਦੀ ਸੀ। ਸੀਜਨ ਉੱਤੇ ਫਾਰਬਿਸਗੰਜ ਤੋਂ ਸਬਜੀ ਅਤੇ ਮਰੂਛਾ ਖਰੀਦ ਕੇ ਸਿਮਰਾਹੀ, ਸੁਪੌਲ ਲੈ ਜਾਂਦੀ। ਕਦੀ ਕਦੀ ਲਲਿਤਗ੍ਰਾਮ ਪ੍ਰਤਾਪਗੰਜ ਦੀ ਫੇਰੀ ਵੀ ਲਾਉਂਦੀ।

ਇਨ੍ਹਾਂ ਦਿਨਾਂ ਵਿੱਚ ਅਚਾਨਿਕ ਰਾਘੋਪੁਰ ਸਟੇਸਨ ਉੱਪਰ ਭੱਜੂ ਰਾਮ ਮਿਲ ਗਿਆ ਸੀ। ਚਾਰ ਸਾਲ ਬਾਅਦ ਮਿਲਿਆ ਸੀ। ਉਸ ਦੀ ਸ਼ਕਲ ਬਿਲਕੁਲ ਬਦਲ ਗਈ ਸੀ। ਪਰ ਦੇਖਦੇ ਸਾਰ ਹੀ ਪਹਿਚਾਣ ਗਈ ਸੀ ਖ਼ੰਜਨ।

ਉਪਰੀ ਜਿਹੀ ਗੱਲਬਾਤ ਹੋਈ। ਇਕ ਦੂਜੇ ਨੂੰ ਰਾਜੀ ਖੁਸੀ ਪੁੱਛਿਆ। ਉਦੋਂ ਹੀ ਗੱਡੀ ਆ ਗਈ। ਦੋਵੇਂ ਆਪਣੀਆਂ ਫੜੀਆਂ ਨੂੰ ਸਾਂਭਣ ਲੱਗੇ ਸੀ।

ਦੋਵਾਂ ਦਾ ਇਕ ਹੀ ਕੰਮ ਸੀ ਤੇ ਇਕ ਹੀ ਰਾਹ। ... ਉਸ ਤੋਂ ਬਾਅਦ ਅਕਸਰ ਹੀ ਦੋਵਾਂ ਦੀ ਗੱਲਬਾਤ ਹੁੰਦੀ ਰਹਿੰਦੀ। ਕਦੇ ਸਮਾਨ ਖਰੀਦਦੇ ਸਮੇਂ, ਕਦੀ ਵੇਚਦੇ ਸਮੇਂ। ਕਦੀ ਸਟੇਸ਼ਨ ਪਲੇਟਫਾਰਮ ਉਤੇ, ਕਦੀ ਗੱਡੀ 'ਚ। ਪਰ ਮਨ ਦੀਆਂ ਗੱਲਾਂ ਕਰਨ ਦਾ ਮੌਕਾ ਨਹੀਂ ਮਿਲਦਾ ਸੀ। ਕੰਮ ਦੇ ਸਮੇਂ ਤਾਂ ਸਭ ਕੁਝ ਭੁੱਲ ਹੀ ਜਾਂਦੀ ਸੀ ਖ਼ੰਜਨ। ਪਰ ਜਦੋਂ ਵਿਹਲਾ ਸਮਾਂ ਮਿਲਦਾ ਸੀ, ਉਸ ਵੇਲੇ ਉਹ ਸੋਚਦੀ ਰਹਿੰਦੀ ਸੀ।

ਇਸੇ ਦੌਰਾਨ ਇਕ ਦਿਨ ਗੱਡੀ ਦੀ ਉਡੀਕ ਵਿੱਚ ਦੋਵੇਂ ਰਾਘੋਪੁਰ ਸਟੇਸ਼ਨ ਉੱਪਰ ਬੈਠੇ ਸੀ। ਗੱਡੀ ਆਉਣ ਵਿੱਚ ਕਾਫੀ ਦੇਰੀ ਸੀ। ਉਦੋਂ ਹੀ ਖ਼ੰਜਨ ਨੇ ਗੱਲਾਂ ਕਰਦਿਆਂ ਪੁੱਛ ਲਿਆ ਸੀ, "ਸਮਦਾ ਦੇ ਨਾਲ ਉਦੋਂ ਕੀ ਹੋਇਆ ਸੀ ? ਤੂੰ ਉਥੋਂ ਭੱਜ ਕਿਉਂ ਗਿਆ ਸੀ ?"

ਭੱਜੂ ਰਾਮ ਦਾ ਸਿਰ ਝੁਕ ਗਿਆ। ਉਹ ਕੁਝ ਪਲ ਚੁੱਪ ਰਿਹਾ ਸੀ।

"ਮੇਰੇ ਨਾਲ ਸਭ ਨੇ ਘਪਲਾ ਕੀਤਾ। ਸਭ ਨੇ ਮੈਨੂੰ ਧੋਖਾ ਦਿੱਤਾ। ਇਥੋਂ ਤੱਕ ਕਿਸੇ ਨੇ ਮੈਨੂੰ ਆਦਮੀ ਨਹੀਂ ਸਮਝਿਆ। " ਕੁਝ ਪਲ ਰੁਕ ਕੇ ਉਸ ਨੇ ਕਿਹਾ, "ਸਮਦਾ ਨਾਲ ਉਸ ਦੇ ਘਰ ਕੀ ਹੋਇਆ ! ਤੂੰ ਮੇਰੀ ਗੱਲ ਦਾ ਵਿਸਵਾਸ਼ ਕਰੇਗੀ ?"

"ਹਾਂ ਭੱਜੂ, ਤੂੰ ਜੋ ਕਹੇਗਾ, ਮੈਂ ਯਕੀਨ ਕਰਾਗੀ। ਤੂੰ ਯਕੀਕ ਕਰ ਸਮਦਾ ਦੀ ਗੱਲਾਂ ਵਿੱਚ ਮੇਰਾ ਯਕੀਨ ਨਹੀਂ ਹੈ, ਤਾਂ ਹੀ ਤੈਨੂੰ ਪੁੱਛ ਰਹੀ ਹਾਂ। " ਖ਼ੰਜਨ ਗੰਭੀਰ ਸੀ ਤੇ ਅੰਦਰੋ ਪਿਘਲ ਗਈ ਸੀ।

ਭੱਜੂ ਰਾਮ ਨੇ ਸਹਿਜ ਨਾਲ ਕਹਿਣਾ ਸ਼ੁਰੂ ਕੀਤਾ, "ਸ਼ਾਮ ਦੇ ਸਮੇਂ ਮੈਂ ਨਹਿਰ ਵੱਲ ਮੱਝਾ ਚਰਵਾ ਰਿਹਾ ਸੀ। ਇਕੱਲੀ ਸਮਦਾ ਆਪਣੀ ਬੱਕਰੀ ਲੱਭਣ ਮੇਰੇ ਕੋਲ ਆਈ ਸੀ। ਬੱਕਰੀ ਦੇ ਬਾਰੇ ਵਿੱਚ ਪੁੱਛਣ ਤੋਂ ਬਾਅਦ ਉਸ ਨੇ ਪੁੱਛਿਆ- "ਖ਼ੰਜਨ ਨਾਲ ਕਿਸ ਤਰ੍ਹਾਂ ਦਾ ਚੱਕਰ ਚੱਲ ਰਿਹਾ ਹੈ। ' ਮੈਂ ਕਿਹਾ -'ਉਸ ਦੀ ਗੱਲ ਮੇਰੇ ਨਾਲ ਨਾ ਕਰ। ਮੇਰੇ ਨਾਲ ਗੱਲਬਾਤ ਬੰਦ ਹੈ। ' ਉਸ ਦੌਰਾਨ ਤੇਰੇ ਨਾਲ ਗੱਲਬਾਤ ਬੰਦ ਸੀ ਨਾ ? ' ਉਸਨੇ ਖ਼ੰਜਨ ਵੱਲ ਦੇਖਿਆ। ਖ਼ੰਜਨ ਨੇ 'ਹਾਂ' ਕਿਹਾ।

"ਉਦੋਂ ਉਹ ਮੇਰੇ ਨੇੜੇ ਆ ਗਈ ਅਤੇ ਉਸਨੇ ਕਿਹਾ -ਖ਼ੰਜਨ ਵਿੱਚ ਕੀ ਰੱਖਿਆ ਹੈ। ਸਾਡੀ ਜਾਤੀ ਦੀ ਵੀ ਨਹੀਂ ਹੈ। ਉਸਦਾ ਚਰਿਤਰ ਦੇਖਦਾ ਹੀ ਏਂ। ਤਾਂ ਹੀ ਤਾਂ ਘਰਵਾਲਾ ਛੱਡ ਦਿੱਤਾ ਅਤੇ ਬਾਬੂ ਸਾਹਿਬ ਨਾਲ... ਛੀ ਛੀ ! ਤੂੰ ਮੇਰੀ ਭੈਣ ਨਾਲ ਵਿਆਹ ਕਰ ਲੈ। ਮੈਂ ਕਰਵਾ ਦੇਵਾਗੀ। ਮੇਰੀ ਭੈਣ ਕਾਫੀ ਸੁੰਦਰ ਹੈ। ਕੀ ਕਹਾਂ...ਛੀ ਛੀ ! ਉਸਨੇ ਕਿਸ ਤਰ੍ਹਾਂ ਬੋਲਿਆ ਇਹ ਸਭ ਕੁਝ। ਪਤਾ ਨਹੀਂ ਪਰ ਮੈਨੂੰ ਆਪਣੀਆਂ ਗੱਲਾਂ ਵਿੱਚ ਲੈ ਲਿਆ। ਮੈਂ ਉਸਦੀਆਂ ਗੱਲਾਂ ਵਿੱਚ ਆ ਗਿਆ ਮੈਂ...

"ਰਾਤ ਨੂੰ ਉਸ ਦੇ ਘਰ ਇਕੱਲਾ ਸੁੱਤਾ ਸੀ ਮੈਂ। ਕਾਫੀ ਰਾਤ ਬੀਤ ਜਾਣ ਤੇ ਉਸ ਨੇ ਮੈਨੂੰ ਜਗਾਇਆ ਅਤੇ ਮੇਰੇ ਨਾਲ ਚੰਬੜ ਗਈ। ਮੈਂ ਉਸ ਨੂੰ ਕਿਹਾ 'ਇਹ ਕੀ ਤੂੰ ਕਰ ਰਹੀ ਏਂ ? ਰਾਮ ਰਾਮ ! ਇਹ ਚੰਗੀ ਗੱਲ ਨਹੀਂ।' ਪਰ ਉਸ ਨੇ ਭਰਮਾ ਹੀ ਲਿਆ। ਕਹਿ ਨਹੀਂ ਸਕਦਾ ਕਿ ਉਸਨੇ ਦੁਨੀਆਂ ਦੇ ਕਾਮ ਸੁੱਖ ਦੇ ਬਾਰੇ 'ਚ ਕੀ ਕੀ ਕਿਹਾ ਸੀ। ... ਹੁਣ ਤਾਂ ਮੈਨੂੰ ਕਚਿਆਣ ਆਉਂਦੀ ਹੈ। ਉਨ੍ਹਾਂ ਪਲਾ ਨੂੰ ਚੇਤੇ ਕਰ ਕੇ। ਪਰ ਉਦੋਂ ਮੈਂ ਉਹਦੀਆਂ ਗੱਲਾਂ ਵਿੱਚ ਆ ਗਿਆ ਸੀ।

" ਕਿਸੇ ਦੀਆਂ ਗੱਲਾਂ ਵਿਚ ਆਇਆ ਹੋਇਆ ਆਦਮੀ ਕੀ ਨਾ ਕਰੇ। ਬਾਂਸ ਕੱਟ ਕੇ ਦੁਸਹਿਰੇ ਵਿੱਚ ਹੀ ਸਾਰੇ ਪੈਸਿਆ ਦੇ ਰੁਪਏ ਕਰ ਲਏ ਸੀ। ਇਕ ਸੋ ਸੋਲਾ ਰੁਪਏ ਸੀ। ਇਹ ਉਸ ਨੂੰ ਪਤਾ ਸੀ ਉਸਨੇ ਇਕ ਸੋ ਸੋਲਾ ਰੁਪਏ ਉਸੇ ਰਾਤ ਤਿੰਨ ਦਿਨ ਦੇ ਲਈ ਕਹਿ ਕੇ ਲੈ ਲਏ ਸੀ, ਉਸ ਦੀਆਂ ਗੱਲਾਂ ਵਿੱਚ ਆਏ ਨੇ ਮੈਂ ਦੇ ਦਿੱਤੇ ਸਨ। ਬਿਨਾ ਦੂਰ ਦੀ ਸੋਚਿਆ। ...

"ਸੱਤ-ਅੱਠ ਦਿਨ ਬੀਤ ਗਏ। ਉਸ ਨੇ ਰੁਪਏ ਨਹੀਂ ਦਿੱਤੇ। ਜਿਸ ਰਾਤ ਉਹ ਘਟਨਾ ਹੋਈ, ਉਸ ਰਾਤ ਮੈਂ ਉਸ ਕੋਲੋਂ ਰੁਪਏ ਮੰਗੇ ਸੀ। ਉਸਨੇ ਨੇ ਰਾਤ ਨੂੰ ਚੁੱਪ -ਚਾਪ ਆਉਣ ਨੂੰ ਕਿਹਾ ਸੀ। ਮੈਂ ਪਹੁੰਚ ਗਿਆ, ਤਾਂ ਉਸ ਨੇ ਕਿਹਾ-'ਇਸ ਕੰਮ ਦੇ ਰੁਪਏ ਵਾਪਸ ਨਹੀਂ ਹੁੰਦੇ। ਤੂੰ ਦੱਸ ਦੇ ਬਦਲੇ ਵੀਹ ਰਾਤਾਂ ਮੇਰੇ ਕੋਲ ਆ ਜਾਵੀਂ। ਮੈਨੂੰ ਘਿਰਣਾ ਆਉਣ ਲੱਗੀ। ਮਨ ਗੁੱਸੇ ਨਾਲ ਭਰ ਗਿਆ। ਮੈਂ ਕਿਹਾ ਮੈਨੂੰ ਇਹ ਸਭ ਨਹੀਂ ਚਾਹੀਦਾ। ਮੈਨੂੰ ਰੁਪਏ ਦੇ। " ਉਸਨੇ ਕਿਹਾ- "ਮੈਂ ਰੌਲੀ ਪਾ ਕੇ ਲੋਕਾ ਨੂੰ ਕਹਾਗੀ ਕਿ ਤੂੰ ਮੇਰੀ ਇੱਜਤ ਲੁੱਟ ਰਿਹਾ ਸੀ। ਮੇਰੇ ਕੋਲ ਤੇਰਾ ਕੋਈ ਵੀ ਰੁਪਈਆਂ ਨਹੀਂ ਹੈ। ਮੈਨੂੰ ਯਕੀਨ ਨਹੀਂ ਸੀ ਕਿ ਉਸ ਸੱਚਮੁੱਚ ਰੌਲੀ ਪਾਉਣ ਗੱਲ ਪਾਵੇਗੀ। ਮੈਂ ਵੀ ਗੱਸੇ ਨਾਲ ਕਿਹਾ ਪਾ ਰੌਲੀ ਅਤੇ ਉਸ ਤੋਂ ਬਾਅਦ ਤਾਂ.... ਖ਼ੈਰ...।

"ਮੈਂ ਤਾਂ ਮੂੰਹ ਦਿਖਾਉਣ ਵਾਲਾ ਨਹੀਂ ਰਹਿ ਗਿਆ ਸੀ। ਉਥੋਂ ਭੱਜ ਕੇ ਰਾਮ ਵਿਸ਼ਨਪੁਰ ਆ ਗਿਆ, ਆਪਣੇ ਕਾਕੇ ਦੇ ਘਰ।..."

ਖ਼ੰਜਨ ਚੁਪਚਾਪ ਨਜ਼ਰਾਂ ਗੱਡੀ ਉਸ ਵੱਲ ਦੇਖ ਰਹੀ ਸੀ। ਉਸਦੇ ਮੂੰਹ ਵਿੱਚ ਇਕ ਵੀ ਸ਼ਬਦ ਨਹੀਂ ਬੋਲ ਹੋਇਆ।

ਭੱਜੂ ਰਾਮ ਫਿਰ ਬੋਲਣ ਲੱਗਾ, "ਬਿਨਾ ਮਾਂ ਪਿਓ ਜਿਵੇਂ ਮਾਮੇ ਦੇ ਘਰ ਸੀ ਉਂਝ ਹੀ ਏਥੇ ਆ ਕਾਕਾ ਦੇ ਘਰ ਆ ਗਿਆ ਰਹਿਣ ਲਈ। ਪਰ ਦੋ ਸਾਲ ਬਾਅਦ ਕਾਕਾ ਨੇ ਮੇਰੇ ਨਾ ਚਾਹੁਣ ਦੇ ਬਾਵਜੂਦ ਮੇਰਾ ਵਿਆਹ ਕਰ ਦਿੱਤਾ। ਸੱਚ ਕਹਿੰਦਾ ਹਾਂ ਉਦੋਂ ਬਹੁਤ ਰੋਇਆ ਸੀ ਤੈਨੂੰ ਯਾਦ ਕਰਕੇ। ਪਰ ਬਹੁਤ ਦਾਜ-ਦਹੇਜ ਮਿਲਾ ਸੀ। ਕੁਝ ਦਿਨ ਤਾਂ ਬੇਟੇ ਵਾਂਗ ਰੱਖਿਆ। ਬਾਅਦ ਵਿੱਚ ਰੋਜ ਘੈਂਚ ਘੈਂਚ ਲੜਾਈ ਝਗੜਾ। ਅਖੀਰ ਵੱਖਰੇ ਹੋ ਕੇ ਰਹਿਣ ਲੱਗ ਪਿਆ ਘਰ ਵਾਲੀ ਦੇ ਨਾਲ।...

"ਉਦੋਂ ਤੋਂ ਮੈਂ ਇਹ ਕੰਮ ਕਰਨ ਲੱਗ ਪਿਆ। ਰੋਜ ਕਮਾਉਂਦਾ ਤੇ ਖਾਂਣਾ ਸੀ। ਚੰਗੇ ਦਿਨ ਲੰਘ ਰਹੇ ਸੀ। ਕਮਾਉਂਦਾ ਸੀ ਸੁੱਖੀ ਜੀਵਨ ਜੀਅ ਰਹੇ ਸੀ ਦੋਵੇਂ ਪਤੀ ਪਤਨੀ।

"ਪਰ ਪਿਛਲੇ ਸਾਲ ਫਿਰ ਧੋਖਾ ਖਾ ਗਿਆ। ਮੇਰੀ ਘਰਵਾਲੀ ਨੂੰ ਇਕ ਠੇਕੇਦਾਰ ਭਜਾ ਕੇ ਲੈ ਗਿਆ। ਕਈ ਦਿਨਾਂ ਤੱਕ ਘਰੋਂ ਨਹੀਂ ਨਿਕਲਿਆ ਸੀ ਮੈਂ। ਬਹੁਤ ਰੋਇਆ ਸੀ ਮੈਂ।

"ਛੇ ਮਹੀਨੇ ਦੇ ਬਾਅਦ ਉਹ ਪਰਤ ਆਈ ਸੀ। ਠੇਕੇਦਾਰ ਨੇ ਉਸ ਨੂੰ ਰਿਟਾਇਰ ਕਰ ਦਿੱਤਾ ਸੀ। ... ਤੈਨੂੰ ਇਕ ਗੱਲ ਪੁੱਛਾ ਬਾਬੂ ਸਾਹਿਬ ਨੇ ਤੈਨੂੰ ਕਿਨੇ ਦਿਨਾਂ ਬਾਅਦ ਰਿਟਾਇਰ ਕੀਤਾ ਸੀ ?"

ਖੰਜ਼ਨ ਕੁਝ ਨਹੀਂ ਬੋਲੀ ਸੀ। ਉਸਦੀਆਂ ਅੱਖਾਂ ਹੰਝੂਆਂ ਨਾਲ ਛਲਕਣ ਲੱਗ ਪਈਆਂ। ਤੇ ਉਸ ਨੇ ਆਪਣਾ ਸਿਰ ਝੁਕਾ ਲਿਆ ਸੀ।

"ਤੂੰ ਤਾਂ ਮੇਰੇ ਕੋਲ ਪਰਤ ਕੇ ਆਈ ਵੀ ਨਹੀਂ। ਖ਼ੈਰ... ਉਹ ਮੇਰੇ ਕੋਲ ਆ ਕੇ ਬਹੁਤ ਰੋਈ ਸੀ। ਪਰ ਮੈਂ ਕਸਮ ਖਾ ਲਈ ਸੀ।"

ਖ਼ੰਜਨ ਦਾ ਮਨ ਕੀਤਾ ਕਿ ਉਹ ਉਸਦੀ ਛਾਤੀ ਉੱਪਰ ਸਿਰ ਰੱਖ ਕੇ ਧਾਹੀਂ ਰੋਵੇ। ਅਤੇ ਦੱਸ

ਦੇਵੇ ਕਿ ਉਹ ਵੀ ਪਰਤ ਆਈ ਹੈ। ਪਰ ਉਹ ਚੁੱਪ ਹੀ ਰਹੀ।

"ਉਹ ਉਸ ਦਿਨ ਚਲੀ ਗਈ। ਉਸ ਦੇ ਜਾਣ ਤੋਂ ਬਾਅਦ ਸੁਣਿਆ ਕਿ ਉਹ ਠੇਕੇਦਾਰ ਮਾਰਿਆ ਗਿਆ। ਉਸ ਨੂੰ ਕਿਸੇ ਨੇ ਸ਼ਰਾਬ ਵਿਚ ਜ਼ਹਿਰ ਦੇ ਕੇ ਮਾਰਿਆ ਸੀ। ਲੋਕਾਂ ਦਾ ਕਹਿਣਾ ਸੀ ਕਿ ਮੇਰੀ ਘਰ ਵਾਲੀ ਨੇ ਹੀ ਮਾਰਿਆ। ਅਤੇ ਇਹ ਖ਼ਬਰ ਸੁਣਨ ਤੋਂ ਬਾਅਦ ਉਸ ਪ੍ਰਤੀ ਮੇਰਾ ਗੁੱਸਾ ਖਤਮ ਹੋ ਗਿਆ। ਉਸ ਤੋਂ ਬਾਅਦ ਉਸ ਦਾ ਮੈਂ ਪਤਾ ਵੀ ਕੀਤਾ। ਪਰ ਉਹ ਨਹੀਂ ਮਿਲੀ। ਹੁਣ ਮੈਂ ਆਪਣੇ ਮਨ ਵਿਚ ਉਸ ਨੂੰ ਪ੍ਰੇਮ ਕਰਦਾ ਹਾਂ। ਉਹ ਆ ਜਾਵੇ ਤਾਂ ਮੈਨੂੰ ਖੁਸ਼ੀ ਹੋਵੇਗੀ। ਮੈਂ ਹੀ ਮਾਫੀ ਮੰਗ ਲਵਾਗਾ। ਭੁਲੇਖੇ ਵਿੱਚ ਮੈਂ ਵੀ ਤਾਂ ਭਟਕਿਆ ਹੀ ਸੀ। ਹੁਣ ਤਾਂ ਉਸ ਉਪਰ ਮੇਰੀ ਕੋਈ ਨਰਾਜਗੀ ਨਹੀਂ ਸੀ। ਪਰ ਮੈਨੂੰ ਪਤਾ ਲੱਗਾ ਕਿ ਜਿਸ ਰਾਤ ਠੇਕੇਦਾਰ ਮਰਿਆ, ਉਹ ਵੀ ਉਸ ਰਾਤ ਨੂੰ ਦਰਿਆ ਵਿੱਚ ਛਾਲ ਮਾਰ ਕੇ ਮਰ ਗਈ। ਭੀਮ ਨਗਰ ਦੀ ਪੁਲਿਸ ਦੀ ਡਾਇਰੀ ਵਿਚ ਉਸ ਲਵਾਰਸ ਲਾਸ਼ ਦੇ ਬਾਰੇ ਵਿਚ ਲਿਖਿਆ ਹੈ ਉਸ ਦੀਆਂ ਦੋਵਾਂ ਬਾਂਹਾ ਤੇ ਗੋਦਨਾ ਗੋਦਿਆ ਹੋਇਆ ਸੀ ਜੋ ਮੇਰੀ ਘਰਵਾਲੀ ਦੀਆਂ ਬਾਂਹਾ ਉਪਰ ਵੀ ਸੀ।

ਭੱਜੂ ਦੀਆਂ ਅੱਖਾਂ ਛਲਕਣ ਲੱਗ ਪਈਆਂ ਸਨ। ਅਤੇ ਗਲਾ ਭਰ ਆਇਆ ਸੀ। ਉਹ ਚੁੱਪ ਹੋ ਗਿਆ ਸੀ। ਖੰਜ਼ਨ ਵੀ ਚੁੱਪ ਸੀ ਅਤੇ ਅੰਦਰੋਂ ਰੋਅ ਰਹੀ ਸੀ।

ਉਦੋਂ ਹੀ ਗੱਡੀ ਆਈ ਦੋਵੇਂ ਛਾਬੜੀਆਂ ਲੈ ਕੇ ਖੜੇ ਹੋ ਗਏ ਸੀ।...

ਗੱਡੀ ਆਉਣ ਦੀ ਘੰਟੀ ਹੁੰਦੀ ਹੈ।

ਘੰਟੀ ਦੀ ਆਵਾਜ਼ ਸੁਣ ਕੇ ਖ਼ੰਜਨ ਦਾ ਧਿਆਨ ਟੁੱਟਦਾ ਹੈ। ਪਲੇਟਫਾਰਮ ਤੇ ਮੁਸਾਫਰਾ ਦੀ ਭੀੜ ਲੱਗ ਗਈ ਹੈ। ਫੋਨ ਵਾਲੀ ਤਾਰ ਤੇ ਬੈਠਿਆ ਕਾਂ , ਕਾਂਅ-ਕਾਂਅ ਕਰ ਰਿਹਾ ਹੈ। ਕਾਲਾ ਮੰਜਨ ਵੇਚਣ ਵਾਲੇ ਮਦਾਰੀ ਦੇ ਕੋਲ ਭੀੜ ਗੱਲੀ ਹੋਈ ਹੈ।

ਗੱਡੀ ਦਾ ਸਿਗਨਲ ਹੋ ਗਿਆ ਹੈ। ਪਰ ਭੱਜੂ ਰਾਮ ਅਜੇ ਤੱਕ ਸਿਮਰਾਹੀ ਬਾਜਾਹ ਤੋਂ ਨਹੀਂ ਪਰਤਿਆ ਹੈ। ਖ਼ੰਜਨ ਦੀ ਨਜਰ ਭੱਜੂ ਰਾਮ ਦੀ ਤਲਾਸ਼ 'ਚ ਚਾਰੋਂ ਪਾਸੇ ਦੌੜ ਰਹੀ ਹੈ।

ਉਸਦੀ ਨਜ਼ਰ ਇਕ ਵਾਰ ਫਿਰ ਲਾਇਨ ਪਾਰ ਦੇ ਛਿਲਕੇ ਲੱਥੇ ਹੋਏ ਦਰਖਤ ਤੇ ਟਿਕ ਜਾਂਦੀ ਹੈ। ਇਕ ਚੱਕੀਰਾਹਾ ਅਜੇ ਵੀ ਉਸ ਵਿੱਚ ਮੋਰੀ ਕਰ ਰਿਹਾ ਹੈ। ਇਕ ਵਾਰ ਉਹਨੂੰ ਮਹਿਸੂਸ ਹੁੰਦਾ ਹੈ ਉਹ ਵੀ ਸੱਤ ਸਾਲਾਂ ਵਿੱਚ ਛਿਲਕੇ ਲੱਥੇ (ਚਮੜੀ) ਸੁੱਕੇ ਦਰਖਤ ਵਿੱਚ ਬਦਲ ਗਈ ਹੈ। ਜਿਸ ਵਿਚ ਚੱਕੀਰਾਹਾ ਚੁੰਝਾ ਨਾਲ ਸੁਰਾਖ ਕਰ ਰਿਹਾ ਹੈ। ਅਤੇ ਉਸ ਦਾ ਹਿਰਦਾ ਬਹੁਤ ਹੀ ਪੀੜ ਨਾਲ ਭਰ ਜਾਂਦਾ ਹੈ।

"ਖ਼ੰਜਨ !" ਇਕ ਵਾਰ ਤਾਂ ਇਹ ਆਵਾਜ਼ ਸੁਣ ਕੇ ਉਹ ਚੌਂਕ ਜਾਂਦੀ ਹੈ। ਫਿਰ ਨਜ਼ਰ ਮੋੜਦੀ ਹੈ। ਸਾਹਮਣੇ ਕੋਈ ਖੜਾ ਹੈ।

"ਕਿਵੇਂ ਹੋ ਖੰਜ਼ਨ ? ... ਮੈਨੂੰ ਪਹਿਚਾਣਿਆ ਨਹੀਂ ? ਮੈਂ ਬਾਬੂ ਸਾਹਿਬ ਹਾਂ ।"

ਖ਼ੰਜਨ ਚੁੱਪਚਾਪ ਉਧਰੋਂ ਨਜ਼ਰ ਹਟਾ ਲੈਂਦੀ ਹੈ। ਟੋਕਰੀ ਚੁੱਕ ਕੇ ਸਿਰ ਤੱਕ ਲੈ ਕੇ ਜਾਂਦੀ ਹੈ। ਅਤੇ ਬਾਬੂ ਸਾਹਿਬ ਦੇ ਅੱਗੇ ਮੂੰਹ 'ਚੋਂ ਥੁੱਕ ਸੁੱਟ ਕੇ ਮੁਸਾਫਰਖਾਨੇ ਵੱਲ ਵੱਧ ਜਾਂਦੀ ਹੈ।

ਉਧਰ ਫਿਰ ਨਾਚ ਦਾ ਦ੍ਰਿਸ਼ ਉਭਰਨ ਲੱਗ ਪੈਂਦਾ ਹੈ। ਇਸ ਵਾਰ ਪੂਰੀ ਕਹਾਣੀ ਖਿਲਰ ਜਾਂਦੀ ਹੈ। ਕੁਝ ਵੀ ਸਾਫ ਤੇ ਸਪਸਟ ਨਹੀਂ। ਨੇ ਉਹ ਜਾਲਿਮ ਸਿੰਘ ਨਾ ਮੂੰਗਾ ਅਤੇ ਨਾ ...।

ਗੱਡੀ ਆਉਂਦੀ ਹੈ। ਲੋਕ ਉਤਰਦੇ ਹਨ, ਚੜਦੇ ਹਨ। ਖ਼ੰਜਨ ਮੁਸਾਫਿਰਖਾਨੇ ਦੀ ਦੀਵਾਰ ਨਾਲ ਲੱਗ ਕੇ ਰੋ ਰਹੀ ਹੈ।

ਸਿਮਰਾਹੀ ਤੋਂ ਪਰਤੇ ਭੱਜੂ ਰਾਮ ਦੀ ਨਜ਼ਰ ਅਚਾਨਿਕ ਉਧਰ ਜਾਂਦੀ ਹੈ। ਖ਼ੰਜਨ ਦੀ ਟੋਕਰੀ ਚੁੱਕ ਕੇ ਗੱਡੀ ਵਿੱਚ ਰੱਖ ਆਉਂਦਾ ਹੈ। ਗੱਡੀ ਸੀਟੀ ਵਜਾਉਂਦੀ ਹੈ।

ਖ਼ੰਜਨ ਅੱਖਾਂ ਘੁੰਮਾ ਕੇ ਇਕਵਾਰ ਭੱਜੂ ਰਾਮ ਵੱਲ ਦੇਖਦੀ ਹੈ। ਅਤੇ ਹੌਲੀ ਹੌਲੀ ਚੱਲ ਕੇ ਉਸ ਦਾ ਲੜ ਫੜ ਲੈਂਦੀ ਹੈ।

**ਅਨੁਵਾਦ ਭਗਵੰਤ ਰਸੂਲਪੁਰੀ**



ਆਲੋਚਨਾ ਲੇਖ

## *ਮਨੋਵਿਗਿਆਨ ਅਤੇ ਪੰਜਾਬੀ ਕਹਾਣੀ : ਚੇਤੰਨ ਹੁੰਦੇ ਦਲਿਤ /*

**ਡਾ. ਜਸਵਿੰਦਰ ਕੌਰ ਬਿੰਦਰਾ**

'ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ' ਜੇ ਇਸ ਤੁਕ ਨੂੰ ਆਪਣੇ ਅੰਦਰ ਸਮੋ ਲਿਆ ਜਾਏ ਤਾਂ ਨਾ ਧਰਮਾਂ ਦੀ ਲੋੜ ਹੈ ਤੇ ਨਾ ਜਾਤਾਂ ਦੀ। ਵੇਖਣ ਵਿੱਚ ਸਾਰੇ ਮਨੁੱਖ ਇਕੋ ਢਾਂਚੇ ਦੇ ਘੜੇ ਹੁੰਦੇ ਹਨ, ਪਰ ਇੱਥੇ ਮਸਲਾ ਸਰੀਰਕ ਬਨਾਵਟ ਦਾ ਨਹੀਂ, ਮਨੁੱਖਾਂ ਦੇ ਸਮਾਜ ਵਿੱਚ ਰਹਿੰਦੇ ਵਰਤਾਰੇ ਦਾ ਹੈ। ਇਕ ਸਖ਼ਸ਼ ਮਨੂੰ ਜਿਸ ਨੇ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਵਰਣ-ਵਿਵਸਥਾ ਦੇ ਆਧਾਰ 'ਤੇ ਜਾਤਾਂ ਦੇ ਫੇਰ ਵਿੱਚ ਪਾਇਆ, ਉਹ ਬ੍ਰਾਹਮਣਾਂ ਤੇ ਬਾਕੀ ਜਾਤਾਂ ਲਈ ਮਸੀਹਾ ਬਣ ਕੇ ਬਹੁੜਿਆ ਪਰ ਸ਼ੂਦਰਾਂ ਨੂੰ ਭੁਗਤਣ ਲਈ ਇੱਕ ਅਜਿਹੀ ਲੰਮੀ ਸਜ਼ਾ ਦੇ ਗਿਆ ਜਿਸ ਤੋਂ ਐਨੀਆਂ ਸਦੀਆਂ ਮਗਰੋਂ ਵੀ ਕੋਈ ਮੁਕਤੀ ਨਹੀਂ ਮਿਲੀ। ਉਸ ਨੇ ਜਨਮ ਦੇ ਆਧਾਰ 'ਤੇ ਸਮਾਜ ਦੀ ਵੰਡ ਕਰ ਉਸ ਨੂੰ ਇੱਕ ਅਜਿਹੇ ਚੱਕਰਵਿਊ ਵਿੱਚ ਢਾਲ ਦਿੱਤਾ ਕਿ ਮੁਦਤਾਂ-ਮੁਦਤਾਂ ਤੋਂ ਫਿਰ ਭਾਰਤੀ ਲੋਕ ਇਸ ਅਣਕੱਸੇ ਬੰਧਨ ਵਿੱਚ ਜਕੜਦੇ ਹੀ ਗਏ, ਇਸੇ ਅਨੁਸਾਰ ਢਲਦੇ ਹੀ ਗਏ। ਵਿਗਿਆਨ, ਤਕਨਾਲੋਜੀ, ਵਿਦਿਆ, ਧਰਮ ਉਪਦੇਸ਼ ਕੋਈ ਵੀ ਇਸ ਵੰਡ ਨੂੰ ਤੋੜ ਨਾ ਸਕਿਆ। ਪਿਛਲੇ ਕੁਝ ਸਮੇਂ ਤੋਂ ਇਹ ਬੰਧਨ ਪਹਿਲਾਂ ਦੇ ਮੁਕਾਬਲੇ ਕੁਝ ਢਿੱਲਾ ਹੋਇਆ ਜਾਪਦਾ ਹੈ। ਇਸ ਦਾ ਕਾਰਨ ਦੱਬਿਆ, ਕੁਚਲਿਆ ਤੇ ਦਰੜਿਆ ਜਾਂਦਾ ਉਹ ਵਰਗ ਆਪ ਹੀ ਹੈ, ਜਿਸਨੇ ਆਪਣੇ ਬਾਰੇ ਸੋਚਣਾ ਸ਼ੁਰੂ ਕੀਤਾ ਹੈ।

ਚੇਤਨਾ ਹਮੇਸ਼ਾ ਆਪਣੇ ਅੰਦਰੋਂ ਹੀ ਆਉਂਦੀ ਹੈ। ਬਾਹਰੀ ਪ੍ਰਭਾਵ ਇਸ 'ਤੇ ਦਿੱਸਦਾ-ਅਣਦਿਸਦਾ ਪ੍ਰਭਾਵ ਜ਼ਰੂਰ ਪਾਉਂਦੇ ਹਨ, ਪਰ ਜਦੋਂ ਕੋਈ ਵੀ ਬੰਦਾ ਆਪਣੇ ਅੰਦਰ ਕਿਸੇ ਗੱਲ ਦਾ ਦ੍ਰਿੜ ਨਿਸ਼ਚਾ ਆਪਣੇ ਅੰਦਰ ਕਰ ਲੈਂਦਾ ਹੈ ਫਿਰ ਨਾ ਤਾਂ ਉਹ ਕਿਸੇ ਦੀ ਪ੍ਰਵਾਹ ਕਰਦਾ ਹੈ ਤੇ ਨਾ ਹੀ ਕਿਸੇ ਤੋਂ ਡਰਦਾ ਹੈ। ਮਾਰ ਖਾਣ ਵਾਲੇ ਨੂੰ ਜਦੋਂ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਉਸਦਾ ਬਿਨਾਂ ਵਜ੍ਹਾ ਮਾਰ ਖਾਂਦੇ ਜਾਣਾ ਦੂਸਰੇ ਦੀ ਹਉਂਮੈ ਨੂੰ ਹੀ ਵਧਾਉਣ ਵਿੱਚ ਸਹਾਇਕ ਹੋ ਰਿਹਾ ਹੈ ਫਿਰ ਜਾਂ ਤਾਂ ਉਸਨੂੰ ਤਣ ਕੇ ਅਗਲੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਉਸ ਨੂੰ ਕੰਬਾ ਦੇਣ ਲਈ ਖੜਾ ਹੋਣਾ ਪੈਂਦਾ ਹੈ ਜਾਂ ਫਿਰ ਮਾਰਨ ਵਾਲੇ ਦੇ ਹੱਥ ਅੱਗੇ ਉਸਨੂੰ ਆਪਣਾ ਹੱਥ ਖੜਾ ਕਰਨਾ ਜ਼ਰੂਰੀ ਹੁੰਦਾ ਹੈ। ਉਸ ਹੱਥ ਚੁੱਕ ਕੇ ਸਾਹਮਣੇ ਵਾਲੇ ਨੂੰ ਮਾਰ ਭਾਵੇਂ ਨਾ ਸਕੇ, ਪਰ ਅਗਲੇ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਕਰਵਾ ਦਿੰਦਾ ਹੈ ਕਿ ਹੁਣ ਸੋਚ-ਸਮਝ ਕੇ ਹੀ ਹੱਥ ਚੁੱਕਣ ਵਿੱਚ ਖੈਰਿਅਤ ਹੈ, ਕਿਉਂਕਿ ਜੇ ਕਿਸੇ ਕਮਜ਼ੋਰ ਨੇ ਤਾਕਤਵਾਰ ਅੱਗੇ ਹੱਥ ਖੜਾ ਕਰ ਦਿੱਤਾ ਤਾਂ ਸਮਾਜ ਸਾਹਵੇਂ ਨਮੋਸ਼ੀ ਦਾ ਸਾਹਮਣਾ ਤਾਕਤਵਰ ਨੂੰ ਹੀ ਕਰਨਾ ਪੈਣਾ ਹੈ।

ਦਲਿਤਾਂ ਨੇ ਜਾਂ ਪਛੜੀਆਂ-ਨੀਵੀਆਂ ਜਾਤਾਂ ਦੇ ਲੋਕ ਜਿਨ੍ਹਾਂ ਨੂੰ ਪੁਰਾਤਨ ਸਮੇਂ ਤੋਂ ਵੇਦ, ਪੁਰਾਣ ਸੁਨਣ ਤੱਕ ਦੀ ਮਨਾਹੀ ਸੀ, ਜਿਨ੍ਹਾਂ ਦਾ ਮੰਦਰਾਂ ਤੇ ਬ੍ਰਾਹਮਣਾਂ ਕੋਲੋਂ ਦੂਰ-ਦੂਰ ਤੱਕ ਲੰਘਣਾ ਵੀ ਕੁਫ਼ਰ ਸੀ, ਜ਼ਾਹਿਰ ਹੈ ਉਨ੍ਹਾਂ ਦਾ ਪੜ੍ਹਣ-ਪੜ੍ਹਾਉਣ ਬਾਰੇ ਸੋਚਣਾ ਕਿਸੇ ਦੇ ਸੁਫ਼ਨੇ ਵਿੱਚ ਵੀ ਨਹੀਂ ਸੀ। ਅੱਜ ਦੀ ਸਥਿਤੀ ਵਿੱਚ ਉਨ੍ਹਾਂ ਵਲੋਂ ਰਚੇ ਜਾਣ ਵਾਲੇ ਸਾਹਿਤ ਦੀ ਚਰਚਾ ਕਰਨਾ ਕਈ ਮੁਦਤਾਂ ਬਾਅਦ ਤਿਲ-ਤਿਲ ਆਈ ਤਬਦੀਲੀ ਦਾ ਪਰਿਣਾਮ ਹੈ, ਜੋ ਕਿ ਕਾਫ਼ੀ ਹੱਦ ਤੱਕ ਸੁੱਖਦ ਵੀ ਹੈ। ਕਹਿਣ ਦਾ ਭਾਵ ਇਹ ਹੈ ਕਿ ਦਲਿਤਾਂ ਵਿੱਚ ਐਨੀ ਸੋਝੀ ਜ਼ਰੂਰ ਆ ਗਈ ਹੈ ਕਿ ਉਨ੍ਹਾਂ ਨੂੰ ਵੀ ਆਪਣੇ ਹੱਥਾਂ ਦੀ ਤਾਕਤ ਦਾ ਪਤਾ ਲੱਗਣ ਲੱਗ ਪਿਆ ਹੈ। ਭਾਵੇਂ ਇਹ ਸੋਝੀ ਰੀਜ਼ਰਵੇਸ਼ਨ ਵਿੱਚ ਪ੍ਰਾਪਤ ਕੀਤੀਆਂ ਸਰਕਾਰੀ ਨੌਕਰੀਆਂ, ਉੱਚੇ ਅਹੁਦਿਆਂ ਰਾਹੀਂ ਆਈ ਹੋਵੇ ਜਾਂ ਰਾਜਨੀਤੀ ਦੀ ਉਠਕ-ਪਟਕ ਵਿੱਚ ਉਨ੍ਹਾਂ ਦੀ ਆਪਣੀ ਹੋਂਦ ਭਾਵੇਂ ਮੋਹਰਾ ਬਣਾ ਕੇ ਹੀ ਰਚੀ ਜਾਂਦੀ ਹੈ ਬਾਰੇ ਸਾਹਿਤ ਸਿਰਜਣਾ ਰਾਹੀਂ ਪ੍ਰਗਟ ਵੀ ਹੋ ਰਹੀ ਹੈ। ਦਲਿਤਾਂ ਨੂੰ ਹੁਣ ਵਰਗਲਾਉਣਾ, ਦਬਾਉਣਾ ਐਨਾ ਸੌਖਾ ਨਹੀਂ ਰਿਹਾ।

ਵੈਸੇ ਤਾਂ ਸਾਹਿਤ ਨੂੰ ਸਾਹਿਤ ਦੇ ਨਜ਼ਰੀਏ ਤੋਂ ਹੀ ਦੇਖਣਾ ਚਾਹੀਦਾ ਹੈ, ਉਸ ਨੂੰ ਵੱਖ-ਵੱਖ ਸੀਮਾਵਾਂ ਤੇ ਨਾਵਾਂ ਵਿੱਚ ਬੰਨਣਾ ਨਹੀਂ ਚਾਹੀਦਾ, ਕਿਉਂਕਿ ਸਾਹਿਤ ਦਾ ਪ੍ਰਵਾਹ ਵਹਿੰਦੇ ਪਾਣੀ ਵਰਗਾ ਹੁੰਦਾ ਹੈ, ਜਿਸ ਵਿੱਚ ਸਭ ਨੂੰ ਆਪਣੇ ਅੰਦਰ ਸਮੋ ਲੈਣ ਦੀ ਤਾਕਤ ਹੁੰਦੀ ਹੈ। ਪਰ ਸਮੇਂ ਦੇ ਚਲਨ ਅਨੁਸਾਰ ਕੀਤੇ ਨਾਮਕਰਣ ਨੂੰ ਅਪਨਾਉਂਦੇ ਹੋਏ ਅਸੀਂ ਆਪਣੇ ਇਸ ਅਧਿਆਇ ਵਿੱਚ ਸਦੀਆਂ ਤੋਂ ਦੱਬੇ, ਕੁਚਲੇ,

ਪੈਰਾਂ ਥੱਲੇ ਰੋਂਦੇ ਜਾਂਦੇ ਰਹੇ ਉਸ ਵਰਗ ਦੀ ਹੋਣੀ ਨੂੰ ਜਾਂਚਣ ਦਾ ਉਪਰਾਲਾ ਕਰਾਂਗੇ, ਜਿਨ੍ਹਾਂ ਨੂੰ ਜਨਮ ਲੈਣ ਤੋਂ ਹੀ ਜਾਤਾਂ ਦੀ ਜਨਮਜਾਤ ਭੱਠੀ ਵਿੱਚ ਸੜਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਕੁਦਰਤ ਨੇ ਜਿਨ੍ਹਾਂ ਮਨੁੱਖਾਂ ਵਿੱਚ ਕੋਈ ਵਖਰੇਵਾਂ ਨਹੀਂ ਕੀਤਾ, ਉਹ ਲੋਕ ਮਨੁੱਖਾਂ ਰਾਹੀਂ ਕੀਤੇ ਵਖਰੇਵਿਆਂ ਨੂੰ ਸਦੀਆਂ ਤੋਂ ਝੱਲ ਰਹੇ ਹਨ। ਕੀ ਉਹ ਲੋਕ ਸਦੀਆ ਤੋਂ ਕੁਦਰਤ ਦੀ ਹੋਣੀ ਭੋਗ ਰਹੇ ਹਨ ਜਾਂ ਮਨੁੱਖਾਂ ਵਲੋਂ ਸਹੇੜੀ ਅਣਹੋਣੀ ਦੇ ਭਾਗੀਦਾਰ ਬਣ ਦੁੱਖ ਪਾ ਰਹੇ ਹਨ ?

ਬਹੁਤਾ ਸਮਾਂ ਨਹੀਂ ਹੋਇਆ ਕਿ ਦਲਿਤਾਂ ਵਿੱਚ ਵਿਦਿਆ ਰਾਹੀਂ ਆਈ ਰੋਸ਼ਨੀ ਨੇ ਚਾਨਣਾ ਪਾਇਆ, ਜਿਸ ਦੇ ਨਤੀਜੇ ਚੰਗੇ ਹੀ ਕਹੇ ਜਾ ਸਕਦੇ ਹਨ। ਪੜ੍ਹ-ਲਿਖ ਕੇ, ਸਰਕਾਰੀ ਨੌਕਰੀਆਂ ਵਿੱਚ ਦਿੱਤੀ ਜਾਂਦੀ ਛੁੱਟ ਸਦਕਾ ਜਿਹੜੇ ਦਲਿਤ ਆਪਣਾ-ਆਪ ਸੰਵਾਰ ਸਕੇ, ਉਹ ਆਪਣਾ ਆਰਥਿਕ ਪੱਧਰ ’ਤੇ ਆਸਾਨੀ ਨਾਲ ਨਜ਼ਰ ਆਉਂਦਾ ਹੈ, ਪਰ ਸਮਾਜਿਕ, ਧਾਰਮਿਕ ਪੱਧਰ ’ਤੇ ਅਜੇ ਵੀ ਕੋਈ ਬਹੁਤਾ ਸੁਧਾਰ ਨਜ਼ਰ ਨਹੀਂ ਆਉਂਦਾ। ਅੱਜ ਵੀ ਲੋਕ ਜਿਸ ਬੰਦੇ ਬਾਰੇ ਜਾਣ ਲੈਣ ਕਿ ਉਹ ਨੀਵੀਂ ਜਾਤ ਦਾ ਹੈ, ਉਸ ਨਾਲ ਬਹੁਤਾ ਮੇਲ-ਜੋਲ ਬਣਾ ਕੇ ਰੱਖਣ ਤੋਂ ਕਤਰਾਉਂਦੇ ਹਨ। ਉਸ ਦੇ ਬਜਾਏ ਦੂਜੇ ਧਰਮਾਂ ਦੇ ਲੋਕਾਂ ਨਾਲ ਮਿੱਤਰਤਾ ਗੰਢਣ ਤੋਂ ਗੁਰੇਜ਼ ਨਹੀਂ ਕਰਦੇ। ਬੇਸ਼ੱਕ ਦੂਜੇ ਧਰਮਾਂ ਬਾਰੇ ਇੱਕਮਤ ਨਾ ਹੁੰਦੇ ਹੋਏ ਵੀ ਲੋਕ ਦਲਿਤਾਂ ਬਾਰੇ ਸਦਾ ਹੀ ਇਕਮਤ ਨਜ਼ਰ ਆਉਂਦੇ ਹਨ।

ਜਦੋਂ ਦਲਿਤਾਂ ਨੇ ਆਪ ਲਿਖਣ ਸ਼ੁਰੂ ਕੀਤਾ ਤੇ ਉਨ੍ਹਾਂ ਨੇ ਆਪਣੇ ਨਿੱਜੀ ਅਨੁਭਵਾਂ ਨੂੰ ਸ਼ਬਦਾਂ ਰਾਹੀਂ ਢਾਲਣਾ ਸ਼ੁਰੂ ਕੀਤਾ ਤਾਂ ਦਲਿਤ ਸਾਹਿਤ ਦੀ ਹੋਂਦ ਸਾਹਮਣੇ ਆਈ। ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਦਲਿਤ ਸਾਹਿਤ ਦਾ ਮੁਲਾਂਕਣ ਕਰਦਿਆਂ ਇੱਕ ਗੱਲ ਬੜੀ ਸਪੱਸ਼ਟ ਤੇ ਸਹਿਜਤਾ ਨਾਲ ਸਾਹਮਣੇ ਆਉਂਦੀ ਹੈ ਕਿ ਉੱਚੀਆਂ ਜਾਂ ਨੀਵੀਂਆਂ ਜਾਤੀਆਂ ਦੋਹਾਂ ਦੇ ਅਵਚੇਤਨ ਵਿੱਚ ਜਾਤੀਗਤ ਸੰਸਕਾਰ ਕੁੰਡਲੀ ਮਾਰੇ ਬੈਠੇ ਹਨ। ਇਨ੍ਹਾਂ ਦੀ ਜੜ੍ਹ ਭਾਵੇਂ ਐਨੀ ਪੀਡੀ ਨਾ ਰਹੀ ਹੋਵੇ ਪਰ ਬਹੁਤੀ ਢਿੱਲੀ ਵੀ ਨਹੀਂ ਹੋਈ।

ਪੰਜਾਬੀ ਕਹਾਣੀ ਵੀ ਦਲਿਤ ਸੰਵੇਦਨਾ ਤੇ ਚੇਤਨਾ ਤੋਂ ਅਛੂਤੀ ਨਹੀਂ ਰਹੀ। ਕਹਾਣੀ ਦੇ ਅਰੰਭਕ ਦੌਰ ਵਿੱਚ ਕੁਝ ਪ੍ਰਮੁੱਖ ਕਹਾਣੀਕਾਰਾਂ ਵੱਲੋਂ ਦਲਿਤ ਸੰਵੇਦਨਾ ਨਾਲ ਸੰਬੰਧਿਤ ਗਿਣੀਆਂ-ਚੁਣੀਆਂ ਹੀ ਕਹਾਣੀਆਂ ਮਿਲਦੀਆਂ ਹਨ। ਅਸੀਂ ਪੰਜਾਬੀ ਕਹਾਣੀ ਦੇ ਸੰਗ ਦਲਿਤ ਸੰਵੇਦਨਾ ਤੇ ਚੇਤਨਾ ਰਾਹੀਂ ਇਹ ਦੇਖਣ ਦਾ ਜਤਨ ਕਰਦੇ ਹਾਂ ਕਿ ਦਲਿਤ ਕਿੱਥੋਂ ਤੱਕ ਚੇਤੰਨ ਹੁੰਦੇ ਜਾਂਦੇ ਹਨ, ਉਨ੍ਹਾਂ ਦੀ ਜਾਗਰਿਤੀ ਨਾਲ ਕੀ-ਕੀ ਪਰਿਵਰਤਨ ਆ ਰਹੇ ਹਨ। ਉਨ੍ਹਾਂ ਦੀ ਜਾਗਰਿਤੀ ਕਿੱਥੋਂ ਤੱਕ ਸਾਰਥਕ ਨਜ਼ਰ ਆ ਰਹੀ ਹੈ। ਕੀ ਸੱਚਮੁੱਚ ਉਨ੍ਹਾਂ ਦੇ ਮੱਥੇ ਲੱਗੇ ਦਲਿਤਾਂ, ਅਛੂਤ, ਸ਼ੂਦਰ ਜਾਂ ਹਰੀਜਨ ਜਿਹੇ ਲਫਜ਼ਾਂ ਤੋਂ ਨਿਜ਼ਾਤ ਮਿਲ ਗਈ ਹੈ।

ਆਰੰਭਕ ਦੌਰ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਇੱਕ ਕਹਾਣੀ ‘ਚੰਡੀਦਾਸ’ ਇਸੇ ਪ੍ਰਸੰਗ ਤਹਿਤ ਮਿਲਦੀ ਹੈ। ਰਾਮੀ ਨੀਵੀਂ ਜਾਤ ਦੀ ਜਵਾਨ ਕੁੜੀ ਜੋ ਚੂਹੜੀ ਹੋਣ ਤੇ ਗੰਦ ਹੂੰਝਣ ਦੇ ਕਿੱਤੇ ਨਾਲ ਸੰਬੰਧਿਤ ਹੈ, ਪਰ ਉਹ ਮੰਦਰ ਪ੍ਰਤੀ ਸ਼ਰਧਾ ਰੱਖਦੀ ਹੋਈ ਉਸ ਦੇ ਆਲੇ ਦੁਆਲੇ ਦੀ ਸਫ਼ਾਈ ਕਰਨ ਲਈ ਪ੍ਰੇਰਿਤ ਹੁੰਦੀ ਹੈ, ਪਰ ਉਸਨੂੰ ਮੰਦਰ ਨੇੜੇ ਆਉਣ ਤੋਂ ਰੋਕਿਆ ਜਾਂਦਾ ਹੈ। ਕਿਸੇ ਹੋਰ ਪਿੰਡ ਤੋਂ ਆਇਆ ਪੰਡਤ ਜੀ ਦਾ ਜਵਾਨ ਸ਼ਿਸ਼ ਚੰਡੀਦਾਸ ਰਾਮੀ ਦੀ ਭਗਤੀ ਭਾਵਨਾ ਤੋਂ ਪ੍ਰਭਾਵਿਤ ਹੁੰਦਾ ਹੈ। ਦੋਵਾਂ ਅੰਦਰ ਪਿਆਰ ਦਾ ਬੀਜ ਪਨਪਦਾ ਹੈ, ਪਰ ਪਿੰਡ ਵਲੋਂ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ ਜਾਂਦਾ ਹੈ। ਇਸ ਕਾਰਣ ਪੁਰੋਹਿਤ ਚੰਡੀਦਾਸ, ਨੂੰ ਪਰੀਖਿਆ ਦੇਣ ਲਈ ਕਹਿੰਦਾ ਹੈ। ਚੰਡੀਦਾਸ ਪਰੀਖਿਆ ਦੇਣਾ ਸਵੀਕਾਰ ਕਰ ਲੈਂਦਾ ਹੈ ਪਰ ਰਾਮੀ ਇਸ ਪਰੀਖਿਆ ਦਾ ਵਿਰੋਧ ਇਸ ਲਈ ਕਰਦੀ ਹੈ ਕਿਉਂਕਿ ਉਹ ਨਹੀਂ ਚਾਹੁੰਦੀ ਕਿ ਚੰਡੀਦਾਸ ਉਸ ਵਰਗੀ ਸ਼ੂਦਰ ਲਈ ਕੋਈ ਪਰੀਖਿਆ ਦੇਵੇ। ਪਰ ਅਖੀਰ ਵਿੱਚ ਦੋਹਾਂ ਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਇਸ ਕਹਾਣੀ ਨੂੰ ਹਾਲਾਂਕਿ ਦਲਿਤ ਸੰਵੇਦਨਾ ਦੀ ਥਾਂ ਆਦਰਸ਼ਕ-ਪਿਆਰ ਦੇ ਗੁਰਬਖ਼ਸ਼ ਸਿੰਘ ਦੇ ਵਿਸ਼ੇਸ਼ ਰਚਿਤ ਸੁਫ਼ਨ ਸੰਸਾਰ ਨਾਲ ਹੀ ਵਧੇਰੇ ਜੋੜਿਆ ਗਿਆ। ਵੇਖਣ ਵਿੱਚ ਭਾਵੇਂ ਇਹ ਪ੍ਰੇਮ ਕਹਾਣੀ ਹੀ ਹੈ, ਜਿਸ ਵਿੱਚ ਆਦਰਸ਼ਕਤਾ ਦਾ ਰੰਗ ਵਧੇਰੇ ਸੀ, ਪਰ ਇਸ ਪੱਖੋਂ ਇਹ ਪਹਿਲੀ ਕਹਾਣੀ ਸੀ, ਜਿਸ ਵਿੱਚ ਇੱਕ ਨੀਵੇਂ ਪੱਧਰ ਦੀ ਨੌਜਵਾਨ ਕੁੜੀ ਨੂੰ ਬਤੌਰ ਨਾਇਕਾ ਚਿਤਰਿਆ ਗਿਆ ਸੀ।

ਪਹਿਲੀ ਵਾਰ ਸੁਚੇਤ ਤੌਰ ’ਤੇ ਦਲਿਤਾਂ ਬਾਰੇ ਜਾਂ ਪਛੜੀਆਂ ਜਾਤਾਂ ਬਾਰੇ ਕਹਾਣੀਕਾਰ ਸੁਜਾਨ ਸਿੰਘ ਨੇ ਲਿਖਿਆ। ਇਸ ਦੀਆਂ ਸਾਰੀਆਂ ਕਹਾਣੀਆਂ ਦੇ ਪਾਤਰ ਸ਼ਹਿਰੀ ਮੱਧ ਸ਼੍ਰੇਣੀ ਨਾਲ ਸੰਬੰਧਿਤ ਸਨ। ਇਨ੍ਹਾਂ ਵਿੱਚੋਂ ਕੁਝ ਕਹਾਣੀਆਂ ਉਸਨੇ ਦਲਿਤ ਸੰਵੇਦਨਾ ਨਾਲ ਸੰਬੰਧਿਤ ਲਿਖੀਆਂ , ਜਿਨ੍ਹਾਂ ਵਿੱਚੋਂ ਪ੍ਰਮੁੱਖ



ਹਨ ‘ਬਾਗਾਂ ਦਾ ਰਾਖਾ’ ਤੇ ‘ਪ੍ਰਾਹੁਣਾ’। ਇਨ੍ਹਾਂ ਦੋਵਾਂ ਕਹਾਣੀਆਂ ਦੇ ਸੰਦੇਸ਼ ਬਿਲਕੁਲ ਵੱਖਰੇ ਹਨ। ਜਿੱਥੇ ਬਾਗਾਂ ਦਾ ਰਾਖਾ ਦਲਿਤ ਸੰਵੇਦਨਾ ਦਾ ਸਪੱਸ਼ਟ ਉਦਾਹਰਣ ਕਹੀ ਜਾ ਸਕਦੀ ਹੈ।

ਇਸ ਕਹਾਣੀ ਵਿੱਚ ਕਹਾਣੀਕਾਰ ਅਮੀਰ ਤੇ ਗਰੀਬ ਦੀ ਸ਼੍ਰੇਣੀਵੰਡ ਨੂੰ ਪ੍ਰਤੱਖ ਤੌਰ ਤੇ ਉਭਾਰਦਾ ਹੈ, ਪਰ ਨਾਲ ਹੀ ਨੀਵੀਂ ਜਾਤ ਦੇ ਕਿਸ਼ੋਰ ਮੁੰਡੇ ਵੱਲ ਸਾਰਾ ਧਿਆਨ ਆਕਰਸ਼ਿਤ ਕਰਵਾਉਂਦਾ ਹੈ। ਮੁੰਡਾ ਗਰੀਬ, ਲਾਚਾਰ ਤੇ ਬੇਬਸ ਹੈ। ਇਸੇ ਕਾਰਣ ਬਿਮਾਰ ਹੋਣ ’ਤੇ ਵੀ ਉਸ ਨੂੰ ਬਾਗਾਂ ਦੀ ਰਾਖੀ ਬੜੀ ਮੁਸਤੈਦੀ ਨਾਲ ਕਰਨ ਲਈ ਡਾਂਟਿਆ-ਫਟਕਾਰਿਆ ਜਾਂਦਾ ਹੈ। ਆਪਣੇ ਬਿਮਾਰ ਹੋਣ ਦੀ ਸਫ਼ਾਈ ਦੇਣ ਬਦਲੇ ਮਾਲਕ ਤੋਂ ਗਾਲ੍ਹਾਂ ਖਾਣ ਦੇ ਨਾਲ ਕੰਮ ਤੋਂ ਕੱਢੇ ਜਾਣ ਦੀ ਧਮਕੀ ਵੀ ਦਿੱਤੀ ਜਾਂਦੀ ਹੈ। ਮੁੰਡੇ ਦਾ ਜਵਾਨ ਲਹੂ ਜੋਸ਼ ਮਾਰਦਾ, ਨੌਕਰੀ ਨੂੰ ਸਚਮੁੱਚ ਹੀ ਲੱਤ ਮਾਰ ਨਿਕਲ ਆਉਂਦਾ ਹੈ। ਪਰ ਘਰ ਆ ਉਸ ਦੀ ਬਿਮਾਰੀ ਵੱਲ ਮਾਂ, ਭਰਜਾਈ ਵੱਲੋਂ ਕੋਈ ਧਿਆਨ ਨਾ ਦਿੱਤੇ ਜਾਣ ਦੀ ਬਜਾਏ ਇਸ ਗੱਲ ਦੀ ਚਿੰਤਾ ਵਧੇਰੇ ਕੀਤੀ ਜਾਂਦੀ ਹੈ ਕਿ ਹੁਣ ਘਰ ਦਾ ਖਰਚਾ ਕਿਵੇਂ ਤੁਰੇਗਾ, ਕਿਉਂਕਿ ਉਸ ਦੀ ਤਨਖਾਹ ਬੰਨੀ-ਬਨਾਈ ਸੀ। ਘਰ ਦੇ ਜੀਅ ਉਸ ਨੂੰ ਇਸ ਗੱਲ ਦਾ ਤੀਬਰਤਾ ਨਾਲ ਅਹਿਸਾਸ ਕਰਵਾਉਂਦੇ ਹਨ ਕਿ ‘ਗਾਲ੍ਹਾਂ ਖਾਣ ਨਾਲ ਗਰੀਬਾਂ ਦੀ ਕਿਹੜੀ ਲੱਤ ਭੱਜ ਜਾਣੀ ਹੁੰਦੀ ਹੈ ? ਮੁੱਖ ਗੱਲ ਤਾਂ ਢਿੱਡ ਭਰਨਾ ਹੈ, ਜੋ ਪੈਸਿਆ ਨਾਲ ਹੀ ਭਰਿਆ ਜਾ ਸਕਦਾ ਹੈ। ਇਸ ਸੱਚਾਈ ਨੂੰ ਜਾਣਨ ਮਗਰੋਂ ਉਹ ਮੁੰਡਾ ਡਾਂਟ-ਫਟਕਾਰ, ਬਿਮਾਰੀ-ਬੁਖਾਰ ਹਰ ਗੱਲ ਨੂੰ ਭੁੱਲ ਆਪਣੇ-ਆਪ ਹੀ ਆਪਣੀ ਨੌਕਰੀ ਤੇ ਵਾਪਸ ਆ ਜਾਂਦਾ ਹੈ। ਬਿਮਾਰੀ ਦੀ ਅਣਗਹਿਲੀ ਕਰਨ ਤੇ ਭੁੱਖ-ਤਿਆਏ ਹੋਣ ਕਾਰਣ ਉਸ ਮੁੰਡੇ ਨੂੰ ਜਾਨ ਤੋਂ ਹੱਥ ਧੋਣਾ ਪੈ ਜਾਂਦਾ ਹੈ। ਪਰ ਉਸ ਦੀ ਮੌਤ ਵੀ ਇਸ ਕੌੜੀ ਸੱਚਾਈ ਨੂੰ ਨਹੀਂ ਬਦਲ ਸਕਦੀ ਕਿ ਗਰੀਬ ਹੋਣ ਕਾਰਨ ਉਸ ਦਾ ਪਹਿਲਾਂ ਫਰਜ਼ ਆਪਣੇ ਤੇ ਆਪਣੇ ਘਰਦਿਆਂ ਦੇ ਗੁਜ਼ਾਰੇ ਜੋਗਾ ਕੁਝ ਕਮਾ ਕੇ ਲਿਆਉਂਣਾ ਹੈ। ਇਹ ਗਾਲ੍ਹਾਂ, ਮਾਰ, ਡਾਂਟ ਤਾਂ ਕੰਮੀ ਕਮੀਣ ਨੂੰ ਖਾਣ ਦਾ ਜਨਮ ਜਾਤ ਹੱਕ ਮਿਲਿਆ ਹੋਇਆ ਹੈ। ਇਸ ਨਾਲ ਦਲਿਤਾਂ ਦਾ ਕੁਝ ਵਿਗੜਦਾ ਨਹੀਂ ਤੇ ਦੇਣ ਵਾਲਿਆਂ ਨੂੰ ਇੱਕ ਦਿਲੀ ਤਸੱਲੀ ਜਿਹੀ ਮਿਲਦੀ ਰਹਿੰਦੀ ਹੈ ਕਿ ਨੀਵੇਂ ਪੱਧਰ ਦੇ ਲੋਕਾਂ ਨੂੰ ਦਬਾ ਸਕਦੇ ਹਨ, ਉਨ੍ਹਾਂ ਤੋਂ ਹਰ ਹੀਲੇ ਕੰਮ ਲੈਣ ਦੀ ਮੁਹਾਰਤ ਹਾਸਿਲ ਕਰੀ ਬੈਠੇ ਹਨ।

‘ਪ੍ਰਾਹੁਣਾ’ ਕਹਾਣੀ ਦਾ ਨਾਇਕ ਦਲਿਤਾਂ ਲਈ ਇੱਕ ਸੰਦੇਸ਼ ਲੈ ਕੇ ਆਉਂਦਾ ਹੈ। ਉਹ ਉਸ ਆਹਟ ਦਾ ਪ੍ਰਤੀਕ ਬਣਦਾ ਹੈ ਜੋ ਹੌਲੀ-ਹੌਲੀ ਕੰਮੀ-ਕਮੀਣਾਂ ਦੇ ਜਾਗ੍ਰਿਤ ਹੋਣ ਦਾ ਹੁੰਗਾਰਾ ਭਰਦੀ ਹੈ। ਉਹ ਉਨ੍ਹਾਂ ਨੂੰ ਇਸ ਗੱਲੋਂ ਸੁਚੇਤ ਕਰਦਾ ਹੈ ਕਿ ਸਾਰੇ ਹੀ ਰੱਬ ਦੇ ਬੰਦੇ ਹੁੰਦੇ ਹਨ। ਸਦੀਆਂ ਤੋਂ ਦਲਿਤਾਂ ਨੂੰ ਇਸ ਗੱਲ ਦਾ ਯਕੀਨ ਦਿਵਾ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ ਪੂਰਬਲੇ ਜਨਮਾਂ ਦੇ ਕਰਮਾਂ ਸਦਕਾ ਹੀ ਉਨ੍ਹਾਂ ਜਾ ਜਨਮ ਪਛੜੀਆਂ ਤੇ ਨੀਵੀਆਂ ਜਾਤੀਆਂ ਦੇ ਹੇਠਾਂ ਹੋ ਕੇ ਹੀ ਲੰਘਣ ਵਿੱਚ ਹੈ। ਪਰ ਪ੍ਰਾਹੁਣਾ ਦਾ ਨਾਇਕ ਇੱਕ ਉੱਚੀ ਜਾਤੀ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਕੁਝ ਸਮੇਂ ਤੋਂ ਕੰਮੀ-ਕਮੀਣਾਂ ਦੇ ਘਰਾਂ ਵਿੱਚ ਰਾਤਾਂ ਰਹਿ-ਰਹਿ ਕੇ ਉਨ੍ਹਾਂ ਨੂੰ ਉਸ ਨੀਂਦ ਤੋਂ ਜਗਾਉਣ ਵਾਲੇ ਇੱਕ ਕਠਿਨ ਕੰਮ ਨੂੰ ਅੰਜ਼ਾਮ ਦੇਣ ਦੀ ਪਹਿਲ ਵਲੋਂ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਪਰ ਜਾਂਦੇ-ਜਾਂਦੇ ਉਹ ਪ੍ਰਾਹੁਣਾ ਪੰਜਾਬੀ ਸਾਹਿਤ ਲਈ ਵੀ ਦਲਿਤਾਂ ਪ੍ਰਤੀ ਸੋਚਣ ਦੇ ਦਵਾਰ ਖੋਲ੍ਹ ਗਿਆ ਤੇ ਕੰਮੀ-ਕਮੀਣਾਂ ਨੂੰ ਵੀ ਨੀਂਦ ਦੀ ਥਾਂ ਜਾਗੋਮੀਟੀ ਦੀ ਹਾਲਤ ਵਿੱਚ ਕਰ ਗਿਆ। ਇਸ ਪੱਖੋਂ ਪ੍ਰਾਹੁਣਾ ਆਪਣੇ ਮਕਸਦ ਵਿੱਚ ਸਫ਼ਲ ਹੋ ਗਿਆ।

ਜ਼ਿਆਦਾਤਰ ਦਲਿਤ ਕਹਾਣੀਆਂ ਵਿੱਚ ਉੱਚੀਆਂ ਜਾਤੀਆਂ ਵਲੋਂ ਦਲਿਤਾਂ ’ਤੇ ਕੀਤੇ ਜਾ ਰਹੇ ਕਰੂਰ ਤੇ ਆਮਾਨਵੀ ਵਿਹਾਰਾਂ, ਤਰੀਕਿਆਂ ਨੂੰ ਦਰਸਾ ਕੇ ਇਹ ਦੱਸਿਆ ਜਾਂਦਾ ਰਿਹਾ ਹੈ ਕਿ ਉੱਚੀ ਜਾਤੀ ਦਾ ਅਖੌਤੀ ਸਵਰਨ ਕਿੰਨਾ ਨਿਰਦਈ, ਜ਼ਾਲਮ ਤੇ ਕਠੋਰ ਹੁੰਦਾ ਹੈ। ਉਹ ਸਿਰਫ਼ ਆਪਣੇ ਕੰਮਾਂ ਦੀ ਪੂਰਤੀ ਹੁੰਦੇ ਦੇਖਣਾ ਚਾਹੁੰਦਾ ਹੈ। ਉਹ ਸ਼ੋਸ਼ਿਤ ਵਰਗ ਦਾ ਸਰੀਰਕ ਜਾਂ ਮਾਨਸਿਕ ਪੱਖੋਂ ਹਰ ਤਰ੍ਹਾਂ ਦਾ ਸ਼ੋਸ਼ਣ ਕਰਦਾ ਹੈ। ਦਲਿਤ ਇਸਤਰੀਆਂ ਨੂੰ ਇਸ ਦੀ ਦੋਹਰੀ ਮਾਰ ਝੱਲਣੀ ਪੈਂਦੀ ਹੈ। ਉਨ੍ਹਾਂ ਨੂੰ ਆਪਣੇ ਦਲਿਤ ਹੋਣ ਦਾ ਜੁਰਮਾਨਾ ਆਪਣੇ ਜਿਸਮ ਰਾਹੀਂ ਵੀ ਚੁਕਾਉਣਾ ਪੈਂਦਾ ਹੈ। ਗੁਰਦਿਆਲ ਸਿੰਘ ਦੀ ਕਹਾਣੀ ‘ਚਾਰੇ ਦੀ ਪੰਡ’ ਇਸੇ ਪ੍ਰਕਾਰ ਦੀ ਕਨਸੋਅ ਦਿੰਦੀ ਹੈ।

ਗਰੀਬ ਘਰਾਂ ਵਿੱਚ ਔਰਤਾਂ ਦਾ ਖੇਤਾਂ ਵਿੱਚ ਦਿਹਾੜੀ ਕਰਨਾ ਲਾਜ਼ਮਾ ਹੈ। ਦਿਹਾੜੀ ਕਰ ਰੋਜ਼ ਦੇ ਸੱਤ-ਅੱਠ ਰੁਪਏ ਲਿਆਉਣਾ ਉਨ੍ਹਾਂ ਲਈ ਇੱਕ ਵਰਦਾਨ ਵਰਗਾ ਜਾਪਦਾ ਹੈ। ਉਸ ਦੇ ਨਾਲ ਹੀ ਡੰਗਰਾਂ ਲਈ ਹਰੇ ਚਾਰੇ ਦੀ ਪੰਡ ਮਿਲ ਜਾਣ ਨੂੰ ਉਹ ਸੋਨੇ ਤੇ ਸੁਹਾਗਾ ਸਮਝਦੇ ਹਨ। ਪਰ ਇਸ ਬੋਨਸ ਰੂਪ ਵਿੱਚ ਮਿਲੇ ਹਰੇ ਚਾਰੇ ਦੀ ਕੀਮਤ ਕਿੰਨੀ ਭਾਰੀ ਤਾਰਨੀ ਪੈਂਦੀ ਹੈ, ਇਸ ਦਾ ਪਤਾ ਭੁਗਤਣ ਵਾਲਿਆਂ

ਨੂੰ ਹੀ ਹੁੰਦੀ ਹੈ। ਪੰਜਾਬੀ ਸਾਹਿਤ ਵਿੱਚ ਦਲਿਤ ਪਾਤਰਾਂ ਨੂੰ ਨਾਇਕ ਦੇ ਤੌਰ ’ਤੇ ਸਿਰਜਣ ਵਾਲਾ ਗੁਰਦਿਆਲ ਸਿੰਘ ਪਹਿਲਾਂ ਹੀ ‘ਮੜ੍ਹੀ ਦੀ ਦੀਵਾ’ ਦੀ ਸਫਲਤਾ ਦਾ ਸਿਹਰਾ ਆਪਣੇ ਸਿਰ ਬੰਨੀ ਬੈਠਾ ਹੈ। ‘ਚਾਰੇ ਦੀ ਪੰਡ’ ਵਿੱਚ ਚੰਦੇ ਦਾ ਭੀਲੀ ਦੀ ਬੇਬੇ ਨੂੰ ਲਗਾਤਾਰ ਮਿਲਦੀਆਂ ਦਿਹਾੜੀਆਂ ਤੋਂ ਜਿੱਥੇ ਖੁਸ਼ ਹੁੰਦਾ ਹੈ, ਉਥੇ ਹਰੇ ਦੀ ਥੱਬੀ ਦੇਖ ਉਸ ਦਾ ਮੱਥਾ ਠਣਕਦਾ ਹੈ। ਉਸ ਸਭ ਸਮਝਦਾ ਹੈ ਕਿ ਇਹ ‘ਬੋਨਸ’ ਕਿਸ ਕਰਕੇ ਮਿਲਿਆ ਹੋਵੇਗਾ। ਉਸ ਦੇ ਤਰਲੋ-ਮੱਛੀ ਹੋਣ ਦਾ ਬਿਆਨ ਕਰਦਾ ਕਹਾਣੀਕਾਰ ਇਸ ਸੱਚਾਈ ਨੂੰ ਹੱਥੋਂ ਨਹੀਂ ਛੱਡਦਾ ਕਿ ਚੰਦੇ ਜਿਹਾ ਨਿਮਾਣਾ, ਬਿਮਾਰ, ਗਰੀਬ-ਗੁਰਬਾ ਜਿਸਨੇ ਵੱਡੇ ਸਾਰੇ ਟੱਬਰ ਨੂੰ ਪਾਲਣਾ ਹੋਵੇ, ਜਵਾਨ ਧੀ ਦਾ ਵਿਆਹ ਕਰਨਾ ਹੋਵੇ, ਉਸ ਨੂੰ ਜਾਣਦੇ-ਬੁੱਝਦੇ ਹੋਏ ਵੀ ਆਪਣੀ ਅਣਖ ਨੂੰ ਕਾਬੂ ਕਰਨਾ ਪੈਂਦਾ ਹੈ। ਸਗੋਂ ਪੈਰ ਪਟਕਣ, ਜਨਾਨੀ ਨੂੰ ਘੋਖਣੀ ਨਜ਼ਰ ਨਾਲ ਦੇਖਣਾ, ਨੀਂਦ ਤੋਂ ਉੱਠ-ਉੱਠ ਕੇ ਭੱਜਣ ਦੇ ਬਾਵਜੂਦ ਕੁਝ ਵੀ ਕਰਨ ਤੋਂ ਡਾਢਾ ਅਸਮਰੱਥ ਨਜ਼ਰ ਆਉਂਦਾ ਹੈ। ਮਰਦ-ਤੀਵੀਂ ਦੋਵੇਂ ਹੀ ਅੰਦਰੋਂ-ਅੰਦਰੀ ਇਸ ਬੇਚੈਨੀ ਨੂੰ ਮਹਿਸੂਸ ਕਰਦੇ ਹਨ, ਪਰ ਆਰਥਿਕ ਥੁੜ੍ਹਾਂ ਕਾਰਣ ਇਹ ਜ਼ਿਦਾਤੀਆਂ ਸਹਿਣ ਲਈ ਮਜ਼ਬੂਰ ਨਜ਼ਰ ਆਉਂਦੇ ਹਨ।

ਪਿੰਡ ਵਿੱਚ ਜਾਤੀ ਭੇਦਭਾਵ ਬੜੇ ਕੋਝੇ ਢੰਗ ਨਾਲ ਆਪਣੇ ਪੈਰ ਫੈਲਾਈ ਬੈਠਾ ਹੈ। ਆਜ਼ਾਦੀ ਦੇ ਐਨੇ ਵਰ੍ਹਿਆਂ ਮਗਰੋਂ ਵੀ ਸਥਿਤੀ ਵਿੱਚ ਕੋਈ ਬਹੁਤਾ ਬਦਲਾਵ ਨਹੀਂ ਆਇਆ, ਸਗੋਂ ਲਿਤਾੜੇ ਜਾਣ ’ਤੇ ਕਰੂਰਤਾ ਦੇ ਢੰਗਾਂ ਵਿੱਚ ਵਾਧਾ ਹੀ ਹੋਇਆ ਹੈ। ਕੁਝ ਅਜਿਹੇ ਹੀ ਭਾਵਾਂ ਨਾਲ ਮਨੁੱਖਾਂ ਦੇ ਅਣਮਨੁੱਖੀ ਵਤੀਰਿਆਂ ਦੀ ਹੱਦ ਪਾਰ ਕਰਕੇ ਜਾਂਦੀਆਂ ਘਟਨਾਵਾਂ ਦਾ ਬਿਆਨ ਜਸਵੀਰ ਸਿੰਘ ਰਾਣਾ ਦੀ ਕਹਾਣੀ ‘ਪੈੜਚਾਲ’ ਵਿੱਚ ਮਿਲਦਾ ਹੈ। ਪਿੰਡਾਂ ਵਿੱਚ ਰਾਜਨੀਤੀ ਦੀ ਪਹਿਲੀ ਪੌੜੀ ’ਤੇ ਖੜੇ ਸਰਪੰਚ ਆਪਣੇ ਆਪ ਨੂੰ ਪਿੰਡਾਂ ਦੇ ਬੇਤਾਜ ਬਾਦਸ਼ਾਹ ਨਾ ਸਿਰਫ਼ ਸਮਝਦੇ ਹਨ, ਸਗੋਂ ਆਪਣਾ ਵਿਰੋਧ ਕਰਨ ਵਾਲਿਆਂ ਨੂੰ ਹਰ ਹੀਲੇ-ਹਵਾਲੇ ਰਾਹੀਂ ਇਹ ਸਿੱਧ ਕਰਨ ਵਿੱਚ ਗੁਰੇਜ਼ ਨਹੀਂ ਕਰਦੇ ਕਿ ਉਨ੍ਹਾਂ ਦਾ ਕਹਿਣਾ ਤੇ ਚਾਹੁਣਾ ਹੀ ਕਾਨੂੰਨ ਹੈ। ਸੰਤੋਖ ਸਿੰਘ ਦਾ ਕਸੂਰ ਸਿਰਫ਼ ਇਹ ਨਹੀਂ ਕਿ ਉਹ ਨੀਵੀਂ ਜਾਤ ਦਾ, ਆਰਥਿਕ ਪੱਖੋਂ ਮਾੜਾ, ਉਮਰ ਦਾ ਬਜ਼ੁਰਗ ਸੀਰੀ ਹੈ, ਜਿਸ ਨੂੰ ਲਿਤਾੜਣ ਦਾ ਅਧਿਕਾਰ ਪਿੰਡ ਦੇ ਸਰਪੰਚ ਤੇ ਜੱਟ ਜ਼ਿਮੀਂਦਾਰਾਂ ਨੂੰ ਹੈ, ਸਗੋਂ ਉਸ ਦਾ ਸਭ ਤੋਂ ਵੱਡਾ ਕਸੂਰ ਇਹ ਹੈ ਕਿ ਉਹ ਧਰਮ ਦੀ ਬੇਅਦਬੀ ਹੁੰਦੀ ਦੇਖ ਚੁੱਪ ਨਹੀਂ ਰਹਿ ਪਾਉਂਦਾ, ਉਹ ਹਰ ਨਾਜਾਇਜ਼ ਗੱਲ ’ਤੇ ਕਿੰਤੂ ਕਰਦਾ ਹੈ। ਉਸਨੂੰ ਹਰ ਕਿੰਤੂ ਦਾ ਗੰਭੀਰ ਪਰਿਣਾਮ ਭੁਗਤਣਾ ਪੈਂਦਾ ਹੈ। ਪਿੰਡ ਦਾ ਸਰਪੰਚ ਇਹ ਬਰਦਾਸ਼ਤ ਨਹੀਂ ਕਰ ਪਾਉਂਦਾ ਕਿ ਉਸ ਦਾ ਸੀਰੀ ਉਸਦੇ ਖਿਲਾਫ਼ ਬੋਲਣ ਦੀ ਜੁਰਤ ਕਰੇ। ਇਸ ਜੁਰਤ ਬਦਲੇ ਜੋ ਕਹਿਰ ਸਰਪੰਚ ਤੇ ਉਸਦਾ ਜਵਾਨ ਮੁੰਡਾ ਸ਼ੈਟੀ ਉਸ ਬਜ਼ੁਰਗ ’ਤੇ ਢਾਹੁੰਦੇ ਹਨ, ਉਸ ਨਾਲ ਸਰੀਰ ਵਿੱਚ ਇੱਕ ਸਨਸਨੀ ਜਿਹੀ ਫੈਲ ਜਾਂਦੀ ਹੈ। ਇੱਥੋਂ ਤੱਕ ਕਿ ਉਹ ਸੰਤੋਖ ਸਿੰਘ ਨੂੰ ਹਰ ਪਾਸੇ ਪਾਗਲ ਕਹਿ ਕੇ ਪ੍ਰਚਾਰਿਤ ਕਰਨ ਨਾਲ ਉਸ ਦੀ ਬਜ਼ੁਰਗ ਪਤਨੀ ਦੀ ਸਰੀਰਕ ਬੇਇੱਜ਼ਤੀ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ। ਉਸਦੀ ਮਰ ਚੁੱਕੀ ਧੀ ਦਾ ਮੁਰਦਾ ਪਿੰਡ ਦੇ ਮਸਾਣਾ ਵਿੱਚ ਨਾ ਫੂਕਣ ਦੇਣ ਦੀ ਧਮਕੀ ਵੀ ਸਰਪੰਚ ਸੰਤੋਖ ਸਿੰਘ ਨੂੰ ਦਿੰਦਾ ਹੈ।

ਦਲਿਤ ਸਾਹਿਤ ਨਾਲ ਸੰਬੰਧਿਤ ਬੜੀਆਂ ਕਹਾਣੀਆਂ ਜਾਤੀਗਤ ਸੰਸਕਾਰਾਂ ਨੂੰ ਬੜੀ ਸ਼ਿੱਦਤ ਨਾਲ ਉਭਾਰਦੀਆਂ ਹਨ ਕਿ ਉੱਚੀਆਂ-ਨੀਵੀਆਂ ਦੋਵਾਂ ਹੀ ਜਾਤਾਂ ਦੇ ਧਾਰਣੀ ਆਪਣੇ ਜਨਮਜਾਤ ਸੰਸਕਾਰਾਂ ਤੋਂ ਅਜੇ ਵੀ ਨਿਜ਼ਾਤ ਨਹੀਂ ਪਾ ਸਕੇ। ਜਿੱਥੇ ਉੱਚੀਆਂ ਜਾਤੀਆਂ ਦੀ ਆਕੜ, ਸਵੈਮਾਣ, ਰੋਹਬਦਾਬ ਕਿਸੇ ਵਿਸ਼ੇਸ਼ ਅਧਿਕਾਰ ਅਧੀਨ ਨਾ ਹੁੰਦੀ ਹੋਏ ਵੀ ਆਪਮੁਹਾਰਾ ਬੋਲਦੇ ਹਨ, ਉਥੇ ਦਲਿਤਾਂ ਦੀ ਹੀਣ-ਭਾਵਨਾ ਸਿੱਖਿਆ ਤੇ ਆਰਥਿਕ ਪੱਖੋਂ ਮਜ਼ਬੂਤ ਹੋਣ ਦੇ ਬਾਵਜੂਦ ਅਤੇ ਤੱਕ ਗਈ ਨਹੀਂ। ਉਹ ਅਜੇ ਵੀ ਆਪਣੇ ਆਪ ਨੂੰ ਬੜਾ ਨੀਵਾਂ ਤੇ ਕਮਜ਼ੋਰ ਸਮਝਦਾ ਹੈ, ਉਨ੍ਹਾਂ ਦੇ ਚਰਿੱਤਰ ਵਿੱਚ ਅਜੇ ਉਹ ਦਲੇਰੀ ਨਹੀਂ ਆ ਸਕੀ, ਜੋ ਉਸਦੀ ਹੀਣ ਭਾਵਨਾ ਨੂੰ ਦੂਰ ਕਰ ਸਕੇ।

ਇਸ ਸੰਬੰਧ ਵਿੱਚ ਵੱਖ-ਵੱਖ ਕਹਾਣੀਆਂ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਪ੍ਰੇਮ ਪ੍ਰਕਾਸ਼ ਦੀ ‘ਲੱਛਮੀ’ , ਜਿੰਦਰ ਦੀ ‘ਸੌਰੀ’, ‘ਨਾਗਮੁੰਡਾ’ ਮਨਮੋਹਨ ਬਾਵਾ ਦੀ, ਲਾਲ ਸਿੰਘ ‘ਅੱਧੇ-ਅਧੂਰੇ’ ਤੇ ਪ ਪੌੜੀ, ਮੋਹਨ ਭੰਡਾਰੀ ਦੀ ‘ਗੰਗਾਜਲ’ ਸ਼ਾਮਿਲ ਹਨ। ਇਨ੍ਹਾਂ ਸਾਰੀਆਂ ਕਹਾਣੀਆਂ ਦਾ ਥੀਮ, ਕਥਾਨਕ, ਕਲਾਤਮਕ ਸਿਰਜਣਾ ਇਕਦਮ ਵੱਖਰੇ ਹਨ, ਪਰ ਕੁਝ ਗੱਲਾਂ ਦੀ ਬੜੀ ਸਾਂਝ ਵੀ ਹੈ। ਇੱਕ ਤਾਂ ਇਨ੍ਹਾਂ ਕਹਾਣੀਆਂ ਰਾਹੀਂ ਚੇਤਨਾ ਪੱਧਰ ਤੇ ਵਿਕਾਸ ਕਰ ਚੁੱਕੇ ਦਲਿਤ-ਪਾਤਰਾਂ ਨਾਲ ਜਾਣ-ਪਛਾਣ ਹੁੰਦੀ ਹੈ, ਜਿਹੜੇ ਆਪਣੀ ਪੜ੍ਹਾਈ ਤੇ ਨੌਕਰੀਆਂ ਸਦਕਾ ਸ਼ਹਿਰਾਂ ਵਿੱਚ ਰਹਿਣ ਲੱਗ ਪਏ ਹਨ ਤੇ ਕਾਫ਼ੀ ਹੱਦ ਤੱਕ ਆਪਣਾ-ਆਪ ਛੁਪਾ ਕੇ ਸ਼ਹਿਰੀ ਮੱਧ ਸ਼੍ਰੇਣੀ ਵਿੱਚ ਸ਼ਾਮਿਲ ਹੋ ਕੇ ਕਾਮਯਾਬ ਹੋ ਗਏ ਹਨ। ਪਰ ਇਸ ਦੇ



ਬਾਵਜੂਦ ਇੱਕ ਡਰ ਅੰਦਰੋਂ ਹੀ ਅੰਦਰੀਂ ਉਨ੍ਹਾਂ ਨੂੰ ਡਰਾਈ ਵੀ ਰੱਖਦਾ ਹੈ।

ਜਿੰਦਰ ਦੀ ਕਹਾਣੀ ‘ਸੌਰੀ’ ਵੀ ਇੱਕ ਅਜਿਹੀ ਸਥਿਤੀ ਨੂੰ ਬਿਆਨ ਕਰਦੀ ਹੈ, ਜਿੱਥੇ ਪਾਤਰ ਇਕੋ ਹੀ ਸਮੇਂ ਕੁੰਠਾ ਤੇ ਸੰਘਰਸ਼ ਵਿਚਲੀ ਮਨੋਸਥਿਤੀ ਵਿੱਚੋਂ ਗੁਜ਼ਰਦਾ ਹੈ। ਜਾਤ-ਪਾਤ ਦੇ ਆਧਾਰ ’ਤੇ ਪਈ ਸਾਡੀ ਸਮਾਜਿਕ ਬਣਤਰ ਅਜਿਹੀ ਹੈ ਜਿਸ ਵਿੱਚ ਵੱਖ-ਵੱਖ ਧਰਮਾਂ ਸੂਬਿਆਂ ਦੇ ਲੋਕ ਆਪਣੀ ਜਾਤੀ ਦੀ ਉੱਚਤਾ ਰੱਖਦੇ ਹੋਏ ਸਮਾਨਤਾ ਦੇ ਆਧਾਰ ’ਤੇ ਕਿਸੇ ਗਲੀ-ਮੁਹੱਲੇ ਵਿੱਚ ਇਕੱਠੇ ਰਹਿ ਸਕਦੇ ਹਨ ਪਰ ਕਿਸੇ ਨੀਵੇਂ ਪੱਧਰ ਦੇ ਲੋਕਾਂ ਨਾਲ ਉਹ ਕਿਸੇ ਪ੍ਰਕਾਰ ਦੀ ਮਿਲਵਰਤਣ ਜਾਂ ਸਾਂਝ ਰੱਖਣਾ ਪਸੰਦ ਨਹੀਂ ਕਰਦੇ। ਉਸ ਵੇਲੇ ਉਨ੍ਹਾਂ ਸਾਰਿਆਂ ਦੀ ਸੋਚ ਇਕੋ ਜਿਹੀ ਹੁੰਦੀ ਹੈ।

ਕਹਾਣੀ ਦਾ ਲੱਧੜ ਸਾਹਿਬ ਅਰਥਾਤ ‘ਮੈਂ’ ਪਾਤਰ ਨੀਵੇਂ ਪੱਧਰ ਦੀ ਹੋਣ ਦੇ ਬਾਵਜੂਦ ਆਪਣੀ ਨਿੱਜੀ ਮਿਹਨਤ, ਲਗਨ ਤੇ ਲਿਆਤਕ ਸਦਕਾ ਸਮਾਜ ਵਿੱਚ ਆਪਣੀ ਚੰਗੀ ਹੈਸੀਅਤ ਬਣਾ ਲੈਂਦਾ ਹੈ ਪਰ ਸਮਾਜਕ ਪੱਧਰ ’ਤੇ ਮੇਲ-ਜੋਲ ਬਣਾਏ ਰੱਖਣ ਲਈ ਉਹ ਆਪਣੀ ਅਸਲ ਜਾਤ ਉਨ੍ਹਾਂ ਤੋਂ ਲੁਕੋ ਕੇ ਰੱਖਦਾ ਹੈ। ਸਾਡੇ ਸਮਾਜ ਵਿੱਚ ਧਨ-ਦੌਲਤ ਮਗਰੋਂ ਸਮਾਜਿਕ ਰੁਤਬਾ ਜਾਤੀਆਂ ਦੇ ਸਮੀਕਰਣ ਵਿੱਚ ਉੱਚ ਜਾਤੀਆਂ ਨੂੰ ਹੀ ਪ੍ਰਾਪਤ ਹੈ।

ਘਰਾਂ ਵਿੱਚ ਕੰਮ ਕਰਨ ਵਾਲੀ ਬੰਤੋਂ ਦਾ ਮੁੰਡਾ ਦੇਸਰਾਜ ਪੜ੍ਹਾਈ ਵਿੱਚ ਮੁਹੱਲੇ ਦੇ ਬਾਕੀ ਬੱਚਿਆਂ ਤੋਂ ਅੱਗੇ ਹੋਵੇ, ਇਹ ਗੱਲ ਹਜ਼ਮ ਕਰਨਾ ਮੁਹੱਲੇ ਵਾਲਿਆਂ ਲਈ ਕਠਿਨ ਹੁੰਦਾ ਹੈ। ਇਸ ਲਈ ਸਾਰਾ ਮੁਹੱਲਾ ਇਕੱਠਾ ਹੋ ਕੇ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਦੇਸਰਾਜ ਚੋਰ ਹੈ ਤੇ ਉਨ੍ਹਾਂ ਮਾਂ-ਪੁੱਤਰ ਨੂੰ ਇਸ ਮੁਹੱਲੇ ’ਚੋਂ ਕੱਢ ਦੇਣਾ ਚਾਹੀਦਾ ਹੈ। ‘ਮੈਂ’ ਪਾਤਰ ਬੰਤੋਂ ਤੇ ਦੇਸਰਾਜ ਦੀ ਹਿਮਾਇਤ ਇਸ ਲਈ ਕਰਦਾ ਹੈ, ਕਿਉਂਕਿ ਉਹ ਆਪ ਵੀ ਇਸੇ ਸਥਿਤੀ ਵਿੱਚੋਂ ਗੁਜ਼ਰ ਚੁੱਕਾ ਹੈ। ਉਹ ਦਿਲੋਂ ਇਹ ਗੱਲ ਜਾਣਦਾ ਹੈ ਕਿ ਦੇਸਰਾਜ ਚੋਰ ਨਹੀਂ ਹੋ ਸਕਦਾ, ਇਹ ਸਿਰਫ਼ ਈਰਖਾ ਵੱਸ ਹੀ ਕਿਹਾ ਜਾ ਰਿਹਾ ਹੈ। ਇਹ ਉੱਚੀਆਂ ਜਾਤ ਵਾਲਿਆਂ ਦੀ ਉਨ੍ਹਾਂ ਦੇ ਖਿਲਾਫ਼ ਇੱਕ ਸਾਜ਼ਿਸ਼ ਹੈ। ਜਿਸ ਵਿੱਚ ਮੁਹੱਲੇਦਾਰੀ ਕਾਰਣ ‘ਮੈਂ’ ਪਾਤਰ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਪੈਂਦੀ ਹੈ। ਹਾਲਾਂਕਿ ਉਹ ਜਾਣਦਾ ਹੈ ਕਿ ਦੇਸ ਰਾਜ ਉਸ ਦੇ ਆਪਣੇ ਪੁੱਤਰ ਤੋਂ ਵੀ ਪੜ੍ਹਾਈ ਵਿੱਚ ਅੱਗੇ ਹੈ, ਉਹ ਉਸ ਦੀ ਹਰ ਤਰ੍ਹਾਂ ਨਾਲ ਮਦਦ ਵੀ ਕਰਨਾ ਚਾਹੁੰਦਾ ਹੈ, ਪਰ ਸਮਾਜ ਵਿੱਚ ਪਰਿਸਥਿਤੀ ਦੇ ਪ੍ਰਤਿਕੂਲ ਹੋਣ ’ਤੇ ਮਾਮਲਾ ਕਾਫ਼ੀ ਉਲਝ ਜਾਂਦਾ ਹੈ, ਸਗੋਂ ਉਸ ਸਾਹਮਣੇ ਸੰਕਟ ਦੀ ਸਥਿਤੀ ਆ ਜਾਂਦੀ ਹੈ।

ਲਿਓਅਨ ਅਨੁਸਾਰ, ਸੰਘਰਸ਼ ਵਿੱਚ ਫਸੇ ਹੋਏ ਮਨੁੱਖ ਸਾਹਮਣੇ ਤਿੰਨ ਸਥਿਤੀਆਂ ਵਿੱਚੋਂ ਤੀਜੀ ਸਥਿਤੀ ਸਭ ਤੋਂ ਵੱਧ ਕਠਿਨ ਹੁੰਦੀ ਹੈ, ਜਿਸ ਵਿੱਚ ਇਕੋ ਹੀ ਸਮੇਂ ਉਸ ਨੂੰ ਸੁਖਦ ਤੇ ਦੁਖਦ ਪਹਿਲੂਆਂ ਨੂੰ ਅਪਨਾਉਣਾ ਪੈਂਦਾ ਹੈ। ਉਹ ਜਦੋਂ ਇੱਕ ਵੱਲ ਵੱਧਦਾ ਹੈ ਤਾਂ ਦੂਜਾ ਪਹਿਲੂ ਉਸਨੂੰ ਪਿੱਛੇ ਧਕੇਲ ਦਿੰਦਾ ਹੈ। ਇਸ ਤਰ੍ਹਾਂ ਮਨੁੱਖ ਇਕੋ ਹੀ ਸਮੇਂ ਸਕਾਰਾਤਮਕ ਰੂਪ ਤੇ ਨਕਾਰਤਮਕ ਰੁੱਖ ਵਿੱਚ ਫਸ ਕੇ ਦਵੰਦ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਵਿਚਲਾ ਪਾਤਰ ਜੇ ਮੁੱਹਲੇ ਵਾਲਿਆਂ ਸਾਹਮਣੇ ਬੰਤੋਂ ਤੇ ਦੇਸਰਾਜ ਦੀ ਵਾਧੂ ਹਿਮਾਇਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਆਪਣੀ ਜਾਤੀ ਦਾ ਪੋਲ ਖੁੱਲ੍ਹ ਜਾਣ ਦਾ ਡਰ ਰਹਿੰਦਾ ਹੈ। ਇਸ ਲਈ ਨੀਵੀਂ ਜਾਤ ਬਾਰੇ ਬੜੀਆਂ ਮਾੜੀਆਂ ਗੱਲਾਂ ਸੁਣ ਕੇ ਉਹ ਬੌਖਲਾ ਜਾਂਦਾ ਹੈ, ਪਰ ਛੇਤੀ ਹੀ ਸੰਭਲ ਦੇ ਸੌਰੀ-ਸੌਰੀ ਕਹਿ ਕੇ ਆਪਣਾ ਆਪ ਲੁਕਾਉਣ ਦਾ ਜਤਨ ਕਰਦਾ ਹੈ।

ਭਾਰਤੀ ਸਮਾਜ ਵਿੱਚ ਦਲਿਤਾਂ ਵਲੋਂ ਵਿਦਿਆ ਦੇ ਪ੍ਰਚਾਰ-ਪ੍ਰਸਾਰ ਕਾਰਣ ਜਿੱਥੇ-ਜਿੱਥੇ ਵੀ ਹੰਭਲੇ ਮਾਰੇ ਗਏ ਹਨ, ਉਹ ਨਿੱਜੀ ਪੱਧਰ ’ਤੇ ਹੋਏ ਹਨ, ਸਮਾਜਿਕ ਪੱਧਰ ’ਤੇ ਅਜੇ ਉਹ ਪ੍ਰਵਾਨਗੀ ਹਾਸਲ ਨਹੀਂ ਹੋਈ, ਜਿਸ ਦੇ ਹੱਕਦਾਰ ਉਹ ਆਪਣੀ ਲਿਆਕਤ ਤੇ ਹੁਨਰ ਸਦਕਾ ਬਣਦੇ ਹਨ। ਇੱਥੇ ਲਿਆਕਤ ਤੇ ਪ੍ਰਤਿਸ਼ਠਾ ਦਾ ਦੂਸਰਾ ਨਾਂ ਉਚੇਰੀ ਜਾਤੀ ਜਾਂ ਢੇਰ ਸਾਰੇ ਧਨ ਦਾ ਹੋਣਾ ਹੈ। ਵਿਦਿਆ ਰਾਹੀਂ ਕਿਸੇ ਵੀ ਖੇਤਰ ਵਿੱਚ ਮਿਹਨਤ ਕਰਕੇ ਨਾਮਣਾ ਖੱਟਣਾ ਜਾਂ ਉੱਚਾ ਅਹੁਦਾ ਪ੍ਰਾਪਤ ਕਰ ਲੈਣਾ ਬਾਕੀ ਲੋਕਾਂ ਦੀ ਨਜ਼ਰ ਵਿੱਚ ਕੋਈ ਖਾਸ ਅਹਿਮੀਅਤ ਨਹੀਂ ਰੱਖਦਾ। ਸਮਾਜ ਵਿੱਚ ਹਰ ਕੋਈ ਜਿੱਥੇ ਤੱਕ ਮੌਕਾ ਲੱਗੇ ਦੂਸਰੇ ਦੀ ਦੁਖਦੀ ਰਗ ਨੂੰ ਛੇੜ ਕੇ ਆਪਣਾ ਹੀ ਵੱਡਪਣ ਤੇ ਰੋਹਬ ਵਿਖਾ ਕੇ ਦੂਸਰੇ ਦੀ ਲਿਆਕਤ ਨੂੰ ਨਾ ਮਤਰ ਦਰਸਾਉਣ ਦਾ ਜਤਨ ਕਰਦਾ ਹੈ। ਜਿੱਥੇ ਤੱਕ ਹੋ ਸਕੇ ਉਸ ਲਿਆਕਤ ਨੂੰ ਨੀਵਾਂ ਵਿਖਾਉਣ ਦੀ ਕੋਸ਼ਸ਼ ਕੀਤੀ ਜਾਂਦੀ ਹੈ।

ਮੋਹਨ ਲਾਲ ਫਿਲੌਰੀਆਂ ਦੀ ਕਹਾਣੀ ‘ਲਾਗੀ’ ਤੇ ਲਾਲ ਸਿੰਘ ਦੀ ‘ਅੱਧੇ-ਅਧੂਰੇ’ ਤੇ ‘ਪੌੜੀ’ ਕੁਝ ਇਨ੍ਹਾਂ ਹੀ ਭਾਵਾਂ ਤੇ ਮਨੋਵਿਕਾਰਾਂ ਦੀਆਂ ਕਹਾਣੀਆਂ ਹਨ।

‘ਅੱਧੇ-ਅਧੂਰੇ’ ਦਾ ਰਾਮਪਾਲ ਪਛੜੀ ਜਾਤੀ ਦਾ ਹੋ ਕੇ ਆਪਣੀ ਮਿਹਨਤ ਸਦਕਾ ਰਿਜ਼ਰਵ ਖਾਤੇ ਵਿੱਚੋਂ ਪਹਿਲਾਂ ਮਾਸਟਰ ਤੇ ਫਿਰ ਹੈੱਡ ਮਾਸਟਰ ਲੱਗ ਗਿਆ। ਪਰ ਸਕੂਲ ਦੇ ਬਾਕੀ ਅਧਿਆਪਕਾਂ ਨੇ ਕਦੇ ਵੀ ਉਸ ਨੂੰ ਹੈੱਡਮਾਸਟਰ ਵਾਲਾ ਇੱਜ਼ਤ-ਮਾਣ ਨਾ ਦਿੱਤਾ। ਵਿਸ਼ੇਸ਼ ਕਰਕੇ ਪੀ. ਟੀ. ਆਈ. ਸਰਦਾਰ ਗਿੱਲ ਵਰਗਾ ਅਧਿਆਪਕ ਸਕੂਲ ਨੂੰ ਆਪਣੀ ਜਗੀਰ ਸਮਝ ਆਪਣੀ ਮਰਜ਼ੀ ਨਾਲ ਆਉਂਦਾ-ਜਾਂਦਾ ਸੀ। ਉਸ ਨੇ ਹੈੱਡਮਾਸਟਰੀ ਦੇ ਅਹੁਦੇ ਨੂੰ ਆਪਣੀ ਉੱਚਜਾਤੀ ਦੇ ਰੋਹਬ ਹੇਠ ਦਬਾ ਕੇ ਰੱਖਿਆ ਹੋਇਆ ਸੀ। ਜਦੋਂ ਰਾਮਪਾਲ ਨੇ ਆਪਣੇ ਅਹੁਦੇ ਦਾ ਪ੍ਰਭਾਵ ਵਿਖਾ ਗਿੱਲ ਨੂੰ ਸਮਝਾਉਣਾ ਚਾਹਿਆ ਤਾਂ ਗਿੱਲ ਨੇ ਕੀ ਸਮਝਣਾ ਸੀ, ਸਗੋਂ ਸਕੂਲ ਦੇ ਚੌਕੀਦਾਰ ਸਾਧੂ ਨੇ ਹੈੱਡਮਾਸਟਰ ਨੂੰ ਹਮਜਾਤੀ ਦਾ ਹੋਣ ਕਾਰਣ ਇਹ ਸਲਾਹ ਦੇ ਦਿੱਤੀ ਕਿ ਜੇ ਉਸ ਸਕੂਲ ਵਿੱਚ ਬਣੇ ਰਹਿਣਾ ਹੈ ਤਾਂ ਗਿੱਲ ਨਾਲ ਪਾਇਆ ਵੈਰ ਉਸਨੂੰ ਬੜਾ ਮਹਿੰਗਾ ਪੈ ਸਕਦਾ ਹੈ। ਗਿੱਲ ਦਾ ਕੁਝ ਨਹੀਂ ਜਾਣਾ, ਪਰ ਹੈੱਡ ਮਾਸਟਰ ਦੀ ਬਦਲੀ ਜ਼ਰੂਰ ਕਿਸੇ ਦੂਰ ਮਾੜੀ ਥਾਂ ’ਤੇ ਹੋ ਸਕਦੀ ਹੈ। ਇਸ ਨੇਕ ਸਲਾਹ ਨੂੰ ਨਾ ਮੰਨਣ ਦੇ ਇਵਜ਼ ਵਿੱਚ ਦੂਰਗਾਮੀ ਮਾੜੇ ਪਰਿਣਾਮ ਵਿੱਚ ਹੈੱਡਮਾਸਟਰ ਦੀ ਵਿਦਿਅਕ ਯੋਗਤਾ ਤੇ ਅਹੁਦੇਦਾਰੀ ਦੇ ਦੂਜੇ ਪਾਸੇ ਪਿੰਡ ਦੇ ਸਰਦਾਰਾਂ ਦੇ ਰੋਹਬ ਹੇਠ ਦੱਬੇ ਜਾਣ ਦੀ ਛਟਪਟਾਹਟ, ਬੌਖਲਾਹਟ ਤੇ ਕੁਝ ਨਾ ਕਰ ਸਕਣ ਦੀ ਤਿਲਮਿਲਾਹਟ ਇਸ ਅਧੀਨ ਉਤਰੀ ਕਸ਼ਮਕਸ਼, ਅੰਤਹਕਰਣ ਦਵੰਦ ਤੇ ਹੀਣ ਭਾਵਨਾ ਦਾ ਬਿਆਨ ਜਿੱਥੇ ਇਸ ਕਹਾਣੀ ਵਿੱਚ ਸਜੀਵਤਾ ਲਿਆਉਂਦਾ ਹੈ, ਉੱਥੇ ਸਾਨੂੰ ਦਲਿਤਾਂ ਦੀ ਹੋਣੀ ਭੋਗਣ ਦੀ ਮਜ਼ਬੂਰੀ ਦਾ ਵੀ ਸਜੀਵ ਚਿਤਰਣ ਮਿਲਦਾ ਹੈ ਕਿ ਕੋਈ ਵੀ ਸਰਦਾਰ ਜੱਟ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੋਈ ਦਲਿਤ ਉਸ ’ਤੇ ਅਫਸਰੀ ਕਰੇ।

ਉਹ ਸਰਕਾਰੀ ਨੌਕਰੀ ਕਾਰਣ ਉਸ ਦੇ ਮਾਤਹਤ ਕੰਮ ਕਰਨ ਲਈ ਮਜ਼ਬੂਰ ਜਰੂਰ ਹੁੰਦਾ ਹੈ ਪਰ ਹਰ ਹੀਲੇ ਅਹੁਦੇਦਾਰ ’ਤੇ ਆਪਣੀ ਸਰਦਾਰੀ ਦੀ ਹੈਂਕੜੀ ਬਣਾਏ ਰੱਖਣ ਦਾ ਜਤਨ ਕਰਦਾ ਰਹਿੰਦਾ ਹੈ। ਉਹ ਹਰ ਮੌਕੇ ’ਤੇ ਅਹੁਦੇਦਾਰ ਅਫਸਰ ਹੋਵੇਗਾ ਤਾਂ ਸਰਕਾਰ ਲਈ, ਉਸ ਲਈ ਤਾਂ ਉਹ ਮਾੜਚੂ ਜਿਹਾ ਨੀਵੀਂ ਪੱਧਰ ਵਾਲਾ ਹੀ ਹੈ, ਜਿਸ ਨੂੰ ਸਦਾ ਹੀ ਉਸ ਵਰਗੇ ਸਰਦਾਰਾਂ ਜਾਂ ਸਰਕਾਰ ਵੱਲੋਂ ਰਾਖਵੀਆਂ ਸੀਟਾਂ ਦੀ ਮਿਹਰਬਾਨੀ ਦੀ ਲੋੜ ਪੈਂਦੀ ਹੈ। ਰੈੱਡਮਾਸਟਰ ਰਾਮਪਾਲ ਤੇ ਪੀ. ਟੀ. ਆਈ. ਅਧਿਆਪਕ ਗਿੱਲ ਦੇ ਦਬਦਬੇ ਕਾਰਣ ਅ.ਫਸਰੀ ਦੇ ਜੋਸ਼ ਮਾਰਨ ’ਤੇ ਵੀ ਸਦੀਆਂ ਤੋਂ ਜੜ੍ਹ ਜਮਾਏ ਡਰ ਕਾਰਣ ਸਵੈਵਿਸ਼ਵਾਸ ਦੀ ਪਕੜ ਡਾਵਾਂ ਡੋਲ ਹੋ ਜਾਂਦੀ ਹੈ। ਉਨ੍ਹਾਂ ਨੂੰ ਇਹ ਸੱਚ ਸਵੀਕਾਰ ਕਰਨ ਵਿੱਚ ਸਮਾਂ ਨਹੀਂ ਲੱਗਦਾ ਕਿ ਸਰਕਾਰੀ ਤੌਰ ’ਤੇ ਭਾਵੇਂ ਕਿੰਨਾ ਹੀ ਬਰਾਬਰੀ ਦਾ ਡੰਕਾ ਪਿਟਿਆ ਜਾਏ, ਸਮਾਜਿਕ ਵਰਤਾਰਾ ਉਨ੍ਹਾਂ ਨਾਲ ਕਦੇ ਬਰਾਬਰੀ ਦਾ ਨਹੀਂ ਹੋ ਸਕਦਾ। ਰਹਿਣਾ ਉਨ੍ਹਾਂ ਨੇ ਸਮਾਜ ਵਿੱਚ ਹੁੰਦਾ ਹੈ ਨਾ ਕਿ ਸਰਕਾਰ ਦੇ ਨਿਰਜਿੰਦ ਨੇਮ ਲਿਖਤਾਂ ਤੇ ਕਾਨੂੰਨਾਂ ਵਿੱਚ ਇਸ ਹਿਸਾਬ ਨਾਲ ਰਾਮਪਾਲ ਰੈੱਡਮਾਸਟਰ ਹੋ ਕੇ ਵੀ ਚੌਕੀਦਾਰ ਸਾਧੂ ਨਾਲ ਇਕੋ ਪੱਧਰ ’ਤੇ ਜਾ ਰਲਦਾ ਹੈ। ਪਰ ਜਿੱਥੇ ਸਾਧੂ ਆਪਣੀ ਸਥਿਤੀ ਨੂੰ ਸਹਿਜਤਾ ਨਾਲ ਸਵੀਕਾਰ ਕਰਕੇ, ਸਮਝੌਤੇ ਕਰਕੇ ਜਿਉਂਦਾ ਹੈ, ਉੱਥੇ ਰਾਮਪਾਲ ਨੂੰ ਆਪਣੀ ਜ਼ਿੰਦਗੀ ਦਾ ਮਿਆਰ ਉੱਚਾ ਕਰਨ ਦੇ ਬਾਵਜੂਦ ਅਣਚਾਹੇ ਤੌਰ ’ਤੇ ਸਮਝੌਤੇ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਹ ਸਹਿਜਤਾ-ਅਸਹਿਜਤਾ ਦਾ ਪੱਧਰ ਦੋਵੇਂ ਪਾਤਰਾਂ ਦੀ ਵਿਦਿਆਕ ਯੋਗਤਾ ਤੇ ਅਹੁਦੇਦਾਰੀ ਵਿਚਲੇ ਫਰਕ ਨੂੰ ਦਰਸਾਉਂਦਾ ਹੈ, ਭਾਵੇਂ ਜਾਤੀ ਪੱਧਰ ਦੋਵਾਂ ਦਾ ਇਕੋ ਹੀ ਹੁੰਦਾ ਹੈ। ਪਰ ਇਸ ਦੇ ਬਾਵਜੂਦ ਉੱਚੀ ਜਾਤ ਵਾਲੇ ਅਧਿਆਪਕਾਂ ਦੀ ਕੋਸ਼ਸ਼ ਰਾਮਪਾਲ ਨੂੰ ਉਨ੍ਹਾਂ ਦੀਆਂ ਲੱਤਾਂ ਤੋਂ ਖਿੱਚ ਕੇ ਚੌਕੀਦਾਰ ਵਰਗੇ ਦੀਨ-ਬੇਬਸ ਨਾਲ ਹੀ ਮਿਲਾਉਣ ਦੀ ਕੋਸ਼ਿਸ਼ ਹੀ ਕੀਤੀ ਜਾਂਦੀ ਹੈ ਤਾਂ ਕਿ ਉਸ ਦਾ ਉੱਚਾ ਅਹੁਦਾ ਉਨ੍ਹਾਂ ਦੇ ਸਿਰਾਂ ਬਰਾਬਰ ਨਾ ਪਹੁੰਚ ਸਕੇ।

ਇਹੀ ਲੱਤਾਂ ਤੋਂ ਖਿੱਚਕੇ ਹੇਠਾਂ ਡਿਗਾਉਣ ਦੀ ਸਾਜ਼ਿਸ਼ ‘ ਪੌੜੀ’ ਵਿੱਚ ਨਜ਼ਰ ਆਉਂਦਾ ਹੈ। ਪਛੜੀ ਜਾਤੀ ਦਾ ਗੁਰਪਾਲ ਸਿਰ.ਫ ਵਿਦਿਅਕ ਖੇਤਰ ਵਿੱਚ ਹੀ ਨਹੀਂ ਸਗੋਂ ਕਾਲਜ ਦੀਆਂ ਹੋਰ ਸਰਗਰਮੀਆਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦਾ ਸੀ। ਪਰ ਪ੍ਰੋਫੈਸਰ ਸ਼ਰਮਾ ਤੇ ਮਿਸ ਗੁਪਤਾ ਵਿਚਕਾਰਲੇ ਸੰਬੰਧਾਂ ਦੇ ਸੱਚ ਨੂੰ ਉਜਾਗਰ ਕਰਨ ਬਦਲੇ ਉਸ ਨੂੰ ਕਸੂਰਵਾਰ ਨਾ ਹੁੰਦੇ ਹੋਏ ਵੀ ਜਾਤੀ ਵੰਡ ਦਾ ਦੰਡ ਭੁਗਤਣਾ ਪਿਆ। ਪ੍ਰੋ. ਸ਼ਰਮਾ ਦੇ ਉੱਚ ਜਾਤੀ ਨਾਲ ਸੰਬੰਧਿਤ ਹੋਣ ਕਾਰਣ ਇਹ ਗੱਲ ਕਿਵੇਂ ਬਰਦਾਸ਼ਤ ਹੋ ਸਕਦੀ ਸੀ ਕਿ ਕੋਈ ਨੀਵੀਂ ਜਾਤ ਵਾਲਾ ਉਸ ਦੇ ਚਰਿੱਤਰ ’ਤੇ ਉਂਗਲ ਚੁੱਕੇ। ਉਸਨੇ ਇੱਕ ਹੋਣਹਾਰ ਵਿਦਿਆਰਥੀ ਦਾ ਭਵਿੱਖ ਹਨ੍ਹੇਰਮਈ ਕਰਨ ਵਿੱਚ ਟਿੱਲ ਨਾ ਲਾਇਆ। ਉਸਨੇ ਆਪਣੀ ਅਹੁਦੇਦਾਰੀ ਤੇ ਉੱਚ ਜਾਤੀ ਹੇਠ ਸੱਚ ਨੂੰ ਆਸਾਨੀ ਨਾਲ ਝੂਠ ਦਾ ਜਾਮਾ ਪੁਵਾ ਕਾਲਜ ਤੋਂ ਕਢਵਾ ਦਿੱਤਾ। ਪੜ੍ਹਾਈ ਦੇ



ਅਧੂਰੇਪਨ ਕਾਰਣ ਗੁਰਪਾਲ ਨੂੰ ਡਰਾਈਵਰੀ ਦੇ ਕਿੱਤੇ ਨੂੰ ਰੋਜ਼ਗਾਰ ਵਜੋਂ ਅਪਨਾਉਣਾ ਪਿਆ।

ਪੜ੍ਹ-ਲਿਖ ਕੇ ਬੈਂਕ ਵਿੱਚ ਮੈਨੇਜਰ ਦੇ ਅਹੁਦੇ ਤੱਕ ਪਹੁੰਚ ਜਾਣਾ ਇੱਕ ਗੱਲ ਹੈ, ਪਰ ਆਪਣੇ ਮੱਥੇ ਤੋਂ ‘ਲਾਗੀ’ ਦਾ ਲੇਬਲ ਹਟਾ ਸਕਣਾ ਆਪਣੇ ਵੱਸ ਦੀ  ਗੱਲ ਨਹੀਂ ਹੋ ਸਕਦੀ। ਬਚਪਨ ਤੋਂ ਲੰਬੜਦਾਰਾਂ ਦਾ ਪੁੱਤਰ ਬਲਕਾਰ ਨਾਲ ਪੜ੍ਹਾਈ ਤੇ ਦੋਸਤੀ ਜਾਰੀ ਰੱਖਣਾ ਦੋਸਤਾਂ ਦੀ ਆਪਸੀ ਸਾਂਝ ਹੈ। ਪਰ ਦੋਸਤ ਦੇ ਰਿਸ਼ਤੇਦਾਰ ਵੀ ਇਸ ਨੂੰ ਦੋਸਤੀ ਦੀ ਨਜ਼ਰ ਤੋਂ ਦੇਖਦੇ ਹਨ ਜਾਂ ਜਾਤ ਦੇ ਨਜ਼ਰੀਏ ਤੋਂ ਪਰਖਦੇ ਹਨ ਤਾਂ ਜਾਤ ਦਾ ਅਜਗਰ ਮੂੰਹ ਖੋਲ੍ਹਕੇ ਸਭ ਕੀਤੇ-ਕਰਾਏ ਨੂੰ ਆਪਣੇ ਅੰਦਰ ਨਿਗਲ ਲੈਂਦਾ ਹੈ। ‘ਲਾਗੀ’ ਵਿਚਲਾ ‘ਮੈਂ’ ਪਾਤਰ ਆਪਣੇ ਅਨੁਭਵ ਦੱਸਦੇ ਹੋਏ ਇਹ ਬਿਆਨ ਕਰਦਾ ਹੈ ਕਿ ਲੰਬੜਦਾਰ ਦੇ ਪੁੱਤਰ ਦਾ ਦੋਸਤ ਤੇ ਬੈਂਕ ਦਾ ਮੈਨੇਜਰ ਹੋਣ ਕਰਾਨ ਉਹ ਜੱਟਾਂ ਦੇ ਘਰਾਂ ਵਿੱਚ ਪੂਰਾ ਇੱਜ਼ਤ-ਮਾਣ ਮਾਣ ਸਕਦਾ ਹੈ, ਉਚੇਚੇ ਢੰਗ ਨਾਲ ਖਾਤਿਰਦਾਰੀ ਵੀ ਕਰਵਾ ਸਕਦਾ ਹੈ ਪਰ ਪੁਰਾਣੀ ਪੀੜ੍ਹੀ ਦੇ ਲੋਕਾਂ ਸਾਹਮਣੇ ਇਹ ਸਭ ਕੁਝ ਕੋਈ ਮਾਅਨੇ ਨਹੀਂ ਰੱਖਦਾ। ਉਨ੍ਹਾਂ ਨੇ ਘੋਖ-ਘੋਖ ਕੇ ਜਾਤ-ਬਿਰਾਦਰੀ ਪੁੱਛ ਹੀ ਲੈਣੀ ਹੈ ਤੇ ਜੋ ਪਤਾ ਲੱਗ ਜਾਏ ਕਿ ਜਵਾਈ ਦਾ ਦੋਸਤ ਚਮਾਰਾਂ ਦਾ ਮੁੰਡਾ ਹੈ ਤਾਂ ਉਹ ਸ਼ਗਨ ਜਿਸ ਨੂੰ ਦੋਸਤ ਦੇ ਸਹੁਰੇ ਪਹਿਲੀ ਵਾਰ ਜਾਣ ’ਤੇ ਉਹ ਮਾਣ ਨਾਲ ਸਵੀਕਾਰ ਕਰਦਾ, ਉਹ ਇੱਕ ‘ਲਾਗੀ’ ਦੀ ਲਾਗ’ ਬਣ ਉਸ ਦੇ ਮੱਥੇ ’ਚ ਘਸੁੰਨ ਵਾਂਗ ਲੱਗਦਾ ਹੈ, ਕਿਉਂਕਿ ਬਜ਼ੁਰਗ ਪੀੜ੍ਹੀ ਦਾ ਵਿਚਾਰ ਹੈ ਕਿ ਲਾਗੀ ਨੂੰ ਕਦੇ ਖ਼ਾਲੀ ਹੱਥ ਨਹੀਂ ਤੋਰਨਾ ਚਾਹੀਦਾ। ਮੈਂ ਪਾਤਰ ਦਾ ਕਹਿਣਾ ਹੈ ਕਿ ,

“ਮੇਰੀ ਮੈਨੇਜਰੀ ਮੇਰੇ ਮੱਥੇ ਤੋਂ ਬਹੁਤ ਦੇਰ ਦੀ ਲੱਥ ਕੇ ਜ਼ਮੀਨ ’ਤੇ ਡਿੱਗ ਪਈ ਸੀ।”

ਕੰਬਲ ਤੇ ਰੁਪਏ ਉਹੀ ਸ਼ਗਨ ਜੋ ਪਹਿਲਾਂ ਸ਼ਗਨ ਵਜੋਂ ਦਿੱਤੇ ਜਾ ਰਹੇ ਸਨ ਪਰ ਬਜ਼ੁਰਗ ਬੇਬੇ ਦੀ ਭਾਵਨਾ ਨੇ ਉਸਨੂੰ ਸ਼ਗਨ ਨਾ ਰਹਿਣ ਦਿੱਤਾ, ਸਗੋਂ ਕਿਸੇ ਦੀਨ-ਗਰੀਬ ਦੀ ਫੈਲੀ ਤਲੀ ਤੇ ਦਇਆ-ਉਪਕਾਰ ਕਰਕੇ ਆਪਣੀ ਖ਼ੁਸੀ ਨਾਲ ਦਿੱਤੀ ਜਾਣ ਵਾਲੀ ਦਿਆਨਤਦਾਰੀ ਦੀ ਲਾਗ ਬਣਾ ਕੇ ਰੱਖ ਦਿੱਤਾ।

ਇਸ ਤਰ੍ਹਾਂ ਇਹ ਕਹਾਣੀ ਜੜ੍ਹ ਜਮਾਈ ਉਸ ਮਾਨਸਿਕਤਾ ਨੂੰ ਬਿਆਨ ਕਰਦੀ ਹੈ, ਜਿਸ ਦੀ ਸੋਝੀ ਕੁੜੀ ਨੂੰ ਛੋਟੀ ਉਮਰ ਵਿੱਚ ਹੋ ਜਾਂਦੀ ਹੈ। ਜਿਸ ਕਾਰਣ ਉਹ ਜਾਤ-ਪਾਤ ਵਿੱਚ ਬੜਾ ਯਕੀਨ ਰੱਖਦੀ ਹੈ। ਬੇਸ਼ੱਕ ਮੈਂ ਪਾਤਰ ਸ਼ਹਿਰ ਵਿੱਚ ਕੋਠੀ ਪਾ ਕੇ ਰਹਿਣ ਵਾਲਾ ਹੈ, ਪਰ ਹੈ ਤਾਂ ਨੀਵੀਂ ਜਾਤ ਦਾ। ਗਰੀਬੀ ਦੀ ਮਾਰ ਸਹਿੰਦੀ ਲੱਛਮੀ ਭੁੱਖੀ-ਪਿਆਸੀ ਰਹਿ ਕੇ ਵੇ ਇੱਕ ਨੀਵੀਂ ਜਾਤ ਵਾਲੇ ਦੇ ਘਰੋਂ ਕੁਝ ਖਾ ਕੇ ਆਪਣਾ ਧਰਮ ਗਵਾਉਣ ਲਈ ਤਿਆਰ ਨਹੀਂ ਹੁੰਦੀ।

ਮੋਹਨ ਭੰਡਾਰੀ ਦੀ ਕਹਾਣੀ ‘ਗੰਗਾਜਲ’ ਵਿਚਲਾ ਬ੍ਰਾਹਮਣ ਪਾਤਰ ਬੱਸ ਵਿੱਚ ਇੱਕ ਸ਼ੂਦਰ ਯਾਤਰੀ ਨੂੰ ਆਪਣੇ ਨਾਲ ਬਿਠਾਉਣ ਤੋਂ ਕਤਰਾਉਂਦਾ ਹੈ ਤੇ ਇੱਕ ਸੁੰਦਰ ਨੌਜਵਾਨ ਦੇ ਨਾਲ ਬੈਠਣ ’ਤੇ ਖੁਸ਼ ਹੋ ਜਾਂਦਾ ਹੈ। ਗੱਲਾਂ ਬਾਤਾਂ ਰਾਹੀਂ ਪਤਾ ਲੱਗਦਾ ਹੈ ਕਿ ਨੌਜਵਾਨ ਹਿੰਦੀ ਦੀ ਅਧਿਆਪਕ ਹੈ ਤੇ ਸੰਸਕ੍ਰਿਤ ਦਾ ਵੀ ਜਾਣੂੰ ਹੈ। ਇਹ ਸੁਣ ਕੇ ਬ੍ਰਾਹਮਣ ਬੜਾ ਖੁਸ਼ ਹੁੰਦਾ ਹੈ। ਬੱਸ ਵਿੱਚ ਲੱਗਦੇ ਝਟਕਿਆਂ ਕਾਰਣ ਉਹ ਕਈ ਵਾਰ ਨੌਜਵਾਨ ਨਾਲ ਟਕਰਾਉਂਦਾ ਹੈ। ਪਰ ਜਦੋਂ ਨੌਜਵਾਨ ਬੱਸ ’ਚੋਂ ਉਤਰਣ ਵੇਲੇ ਉਸ ਸ਼ੂਦਰ ਨੂੰ ਜੋ ਕਿ ਉਸ ਦੀ ਅਗਲੀ ਸੀਟ ’ਤੇ ਬੈਠਾ ਹੈ। ਇਕ ਸ਼ੂਦਰ ਨਾਲ ਜਿਸਮ ਖਹਿਸਰਣ ਕਾਰਣ ਉਹ ਆਪਣੇ ਆਪ ਨੂੰ ਸ਼ੁੱਧ ਕਰਨ ਲਈ ਆਪਣੀ ਇੱਕ ਸ਼ੀਸ਼ੀ ਵਿੱਚੋਂ ਗੰਗਾਜਲ ਦੇ ਛਿੱਟੇ ਆਪਣੇ ਉੱਪਰ ਪਾਉਂਦਾ ਹੈ।

ਸਾਡੇ ਸਮਾਜ ਵਿੱਚ ਮਨੁੱਖ-ਮਨੁੱਖ ਵਿਚਲਾ ਭੇਦ ਸੰਕੀਰਣਤਾ ਦੀ ਹੱਦ ਤੱਕ ਹੈ। ਵਿਸ਼ੇਸ਼ ਕਰ ਬ੍ਰਾਹਮਣਵਾਦ ਨੇ ਇਸ ਜਾਤਪਾਤ ਦੇ ਭੇਦ ਨੂੰ ਨਰਕੀ ਬਣਾ ਦਿੱਤਾ ਹੋਇਆ ਹੈ। ਕਹਿਣ ਨੂੰ ਇਹ ਬ੍ਰਾਹਮਣ, ਪੰਡਤ ਵੇਦਾਂ, ਉਪਨਿਸ਼ਦਾਂ ਦੇ ਵਿਆਖਿਆਕਾਰ ਤੇ ਗਿਆਤਾ ਬਣਦੇ ਹਨ, ਪਰ ਜਿਸ ਰੱਬ ਦੀ ਉਹ ਪੂਜਾ ਕਰਦੇ ਹਨ, ਉਸੇ ਰੱਬ ਦੇ ਬਣਾਏ ਬੰਦਿਆਂ ਨਾਲ ਐਨਾ ਮਾੜਾ ਵਰਤਾਰਾ ਕਰਦੇ ਹਨ। ਕੀ ਸੱਚਮੁੱਚ ਰੱਬ ਇਨ੍ਹਾਂ ਦੀ ਪੂਜਾ ਤੇ ਸ਼ਰਧਾ ਨੂੰ ਸਵੀਕਾਰ ਕਰ ਲੈਂਦਾ ਹੋਏਗਾ? ਅਜਿਹੀ ਸੰਕਰੀਣ ਸੋਚ ਵਾਲੇ ਬੰਦੇ ਬ੍ਰਹਿਮੰਡ ਜਿਹੇ ਵਿਸ਼ਾਲ ਰੱਬ ਦੇ ਸੰਕਲਪ ਨੂੰ ਆਪਣੀ ਸੌੜੀ ਸੋਚ ਵਾਂਗ ਵੀ ਘੇਰੇ ਵਿੱਚ ਬੰਨਣ ਦਾ ਜਤਨ  ਕਰਦੇ ਹਨ। ਇਹ ਸਿਰ.ਫ ਉਸ ਬ੍ਰਾਹਮਣ ਦੀ ਆਪਣੇ-ਆਪ ਨੂੰ ਤਸੱਲੀ ਦੇਣ ਵਾਲੀ ਗੱਲ ਸੀ ਕਿ ਉਹ ਗੰਗਾਜਲ ਦੇ ਛਿੱਟਿਆਂ ਰਾਹੀਂ ਪਵਿੱਤਰ ਹੋ ਜਾਏਗਾ। ਨੌਜਵਾਨ ਤਨੋ-ਮਨੋ ਸਾ.ਫ ਸੁਥਰਾ ਸੀ, ਪਰ ਬ੍ਰਾਹਮਣ ਦਾ ਆਪਣਾ ਮਨ ਦੇ ਭੇਦਭਾਵ ਦੀ ਸੌੜੀ ਵਲਗਣ ਵਿੱਚ ਘਿਰਿਆ ਹੋਇਆ ਸੀ। ਜੇ ਉਹ ਚਮੜਾ ਚੁੱਕੇ ਆਪਣੇ ਬਾਪ ਨੂੰ ਨਾ ਬੁਲਾਉਂਦਾ ਤਾਂ ਸ਼ਾਇਦ ਬ੍ਰਾਹਮਣ ਨੂੰ ਉਸ ਨੌਜਵਾਨ ਦੀ ਅਸਲ ਜਾਤ ਦਾ ਪਤਾ ਨਾ

ਲੱਗਦਾ, ਕਿਉਂਕਿ ਵੇਖਣ ਵਿੱਚ ਨੌਜਵਾਨ ਸੁੰਦਰ ਤੇ ਪੜ੍ਹਿਆ ਲਿਖਿਆ ਇੱਕ ਸ਼ਹਿਰੀ ਮੱਧਵਰਗੀ ਹੀ ਜਾਪ ਰਿਹਾ ਸੀ।

ਪੜ੍ਹੇ-ਲਿਖੇ ਤੇ ਡਾਕਟਰੀ ਤੱਕ ਅਪੜੇ ਇੱਕ ਹੋਰ ਦਲਿਤ ਨੌਜਵਾਨ ਦੀ ਕਹਾਣੀ ਨਛੱਤਰ ਦੀ 'ਹਾਰ ਜਿੱਤ' ਹੈ। ਪਿੰਡ ਇਕੱਠੇ ਪੜ੍ਹਣ ਵਾਲੇ ਗੁਰਤੇਜ ਤੇ ਸਿਮਰਨ ਕਿਸ਼ੋਰ ਅਵਸਥਾ ਵਿੱਚ ਇੱਕ-ਦੂਜੇ ਪ੍ਰਤੀ ਅਕਾਰਸ਼ਿਤ ਵੀ ਹੋਏ। ਪਰ ਕਿਸ਼ੋਰ ਅਵਸਥਾ ਬਾਅਦ ਜਦੋਂ ਉਹ ਮਿਲੇ ਤਾਂ ਉਨ੍ਹਾਂ ਦਾ ਮੇਲ ਡਾਕਟਰ ਮਰੀਜ਼ ਦੇ ਰੂਪ ਵਿੱਚ ਹੋਇਆ। ਗੁਰਤੇਜ ਨੇ ਸਿਮਰਨ ਦਾ ਇਲਾਜ ਕੀਤਾ। ਸਿਮਰਨ ਦੀ ਜਾਨ ਬਚ ਜਾਣ ਦੀ ਖ਼ੁਸ਼ੀ ਹੋਣ ਦੇ ਬਾਵਜੂਦ ਉਸ ਦੇ ਦਾਦੇ ਬਖ਼ਤੌਰ ਸਿੰਘ ਦੇ ਸੰਘੋਂ ਇਹ ਸੱਚਾਈ ਨਹੀਂ ਲੰਘ ਰਹੀ ਸੀ ਕਿ ਉਸ ਦਾ ਅਪਰੇਸ਼ਨ ਕੈਲੇ ਕਾ ਤੇਜੂ ਨੇ ਕੀਤਾ ਹੈ। ਉਸ ਲਈ ਉਹ ਨਿੱਕੀ-ਸੁੱਕੀ ਜਾਤ ਦਾ ਤੇਜੂ ਹੀ ਸੀ। ਉਹ ਇਸ ਗੱਲ ਦਾ ਕਿੱਧਰੇ ਜ਼ਿਕਰ ਵੀ ਕਰਨ ਲਈ ਤਿਆਰ ਨਹੀਂ ਸੀ ਕਿ ਨੀਵੀਂ ਜਾਤ ਦੇ ਡਾਕਟਰ ਨੇ ਉਸ ਦੀ ਪੋਤਰੀ ਦਾ ਅਪਰੇਸ਼ਨ ਕੀਤਾ ਹੈ।

ਪੁਰਾਣੀ ਪੀੜ੍ਹੀ ਦੇ ਲੋਕਾਂ ਵਿੱਚ ਅਜੇ ਵੀ ਆਪਣੀਆਂ ਉੱਚੀਆਂ ਜਾਤਾਂ ਦਾ ਗਰੂਰ ਤੇ ਮੋਹ ਘੱਟ ਨਹੀਂ ਹੋਇਆ। ਉਹ ਤਹਿ ਦਿਲੀ ਨਾਲ ਇਸ ਗੱਲ ਨੂੰ ਸਵੀਕਾਰ ਹੀ ਨਹੀਂ ਕਰਨਾ ਚਾਹੁਦੇ ਕਿ ਨੀਵੀਆਂ ਜਾਤਾਂ ਦੇ ਮੁੰਡੇ-ਕੁੜੀਆਂ ਪੜ੍ਹ-ਲਿਖ ਕੇ ਉੱਚਿਆ ਅਹੁਦਿਆਂ ਤੱਕ ਪਹੁੰਚ ਵੀ ਸਕਦੇ ਹਨ। ਜੇ ਪਹੁੰਚ ਵੀ ਜਾਣ, ਜਾਨਣ ਵਾਲੇ ਸਦਾ ਉਸ ਦੀ ਜਾਤ ਨੂੰ ਮੂਹਰੇ ਰੱਖਦੇ ਹਨ ਤੇ ਉਸੇ ਅਹੁਦੇ ਤੇ ਲਿਆਕਤ ਨੂੰ ਨੀਵਾਂ ਪਾਉਣਾ ਚਾਹੁੰਦੇ ਹਨ। ਇਹੋ ਜਿਹੇ ਵਿਚਾਰ ਰੱਖਣ ਵਾਲੇ ਸਵਰਨ ਜਾਤੀਆਂ ਦੇ ਲੋਕ ਆਪ ਹੀ ਹੀਣ ਭਾਵਨਾ ਵਿੱਚ ਗ੍ਰਸਦੇ ਜਾਂਦੇ ਹਨ। ਇਹ ਗੱਲ ਉਨ੍ਹਾਂ ਦੇ ਬਰਦਾਸ਼ਤ ਤੋਂ ਬਾਹਰ ਜਾਪਦੀ ਹੈ ਕਿ ਜਿੰਨਾਂ ਨੂੰ ਦਬਾਉਣ ਦਾ ਹੱਕ ਸਿਰਫ਼ ਉਨ੍ਹਾਂ ਕੋਲ ਸੀ ਉਹ ਹੁਣ ਉਨ੍ਹਾਂ ਦੇ ਸਿਰਾਂ ਤੋਂ ਉਤਾਂਹ ਹੋ ਰਹੇ ਹਨ। ਇਹ ਵੀ ਇੱਕ ਮਨੋਵਿਗਿਆਨਕ ਪੀੜਾ ਹੈ ਜੋ ਜਾਤੀਗਤ ਤਸੱਲੀ ਵੀ ਦਿੰਦੀ ਹੈ ਤੇ ਕਦੇ-ਕਦੇ ਕਚੀਚੀਆਂ ਵੱਢਣ ਦੀ ਪੀੜਾ ਵੀ। ਉਨ੍ਹਾਂ ਨੂੰ ਲੱਗਦਾ ਹੈ ਜਿਵੇਂ ਉਨ੍ਹਾਂ ਹੱਥਾਂ 'ਚੋਂ ਕੋਈ ਰਾਜ ਖੁਸਦਾ ਜਾਂਦਾ ਹੈ, ਜਦਕਿ ਗੱਲ ਸਿਰਫ਼ ਫੋਕੇ ਤੇ ਖੋਖਲੇ ਅਭਿਮਾਨ ਦੀ ਹੈ।

ਇਸ ਫੋਕੇ ਤੇ ਖੋਖਲੇ ਅਭਿਮਾਨ ਕਾਰਣ ਹੀ ਉੱਚੀਆਂ ਜਾਤਾਂ ਵਾਲੇ ਇਸ ਗੱਲ ਨੂੰ ਰੱਬੀ ਦਾਤ ਸਮਝਦੇ ਹਨ ਕਿ ਕੰਮੀ ਲੋਕ ਸਿਰਫ਼ ਉਨ੍ਹਾਂ ਦੇ ਕੰਮ ਕਰਨ ਲਈ ਹੀ ਬਣੇ ਹਨ। ਇਸ ਲਈ ਹਰ ਵੇਲੇ ਉਨ੍ਹਾਂ ਨੂੰ ਦਬਕਾ ਮਾਰਕੇ ਨਾਦਰਸ਼ਾਹੀ ਢੰਗ ਨਾਲ ਕੰਮ ਲੈਣਾ ਉਨ੍ਹਾਂ ਦਾ ਅਲਿਖਤ ਹੱਕ ਹੈ। ਪ੍ਰੇਮ ਗੋਰਖੀ ਦੀ 'ਜੜ੍ਹ ਸੰਸਕਾਰ' ਵਿਚ ਗੁਰਮੇਲ ਨੂੰ ਇਸ ਲਈ ਚੱਠਾ ਸਾਹਿਬ ਘਰ ਬੇਗਰ ਕਰਨੀ ਪੈਂਦੀ ਸੀ, ਕਿਉਂਕਿ ਉਸਦਾ ਪਿਉ ਉਨ੍ਹਾਂ ਦਾ ਪੁਰਾਣਾ ਕਾਮਾ ਰਿਹਾ ਸੀ। ਪਿਓ ਦੇ ਮਰਨ ਮਗਰੋਂ ਵੀ ਉਸ ਦਾ ਛੁਟਕਾਰਾ ਨਾ ਹੋ ਸਕਿਆ। ਇਹ ਜ਼ਰੂਰ ਸੀ ਕਿ ਉਸ ਨੂੰ ਚੱਠਾ ਸਾਹਿਬ ਦੀ ਧੀ ਪਿੰਕੀ ਨੇ ਉਸਦੇ ਪੜ੍ਹੇ-ਲਿਖੇ ਹੋਣ ਕਾਰਨ ਆਪਣੇ ਬਾਪ ਨੂੰ ਕਹਿ-ਕੁਹਾ ਕੇ ਉਸਦੀ ਸਰਕਾਰੀ ਦਫ਼ਤਰ ਵਿੱਚ ਨੌਕਰੀ ਲਗਵਾ ਦਿੱਤੀ ਸੀ। ਪਰ ਇਸ ਦੇ ਬਾਵਜੂਦ ਗੁਰਮੇਲ ਨੂੰ ਹਰ ਸਾਮ ਇਸ ਅਹਿਸਾਨ ਦੇ ਬਦਲੇ ਚੱਠਾ ਸਾਹਿਬ ਦੇ ਘਰ ਰਸੋਈ ਦਾ ਕੰਮ ਕਰਨਾ ਪੈਂਦਾ ਸੀ। ਇੱਕ ਪਾਸੇ ਚੱਠਾ ਸਾਹਿਬ ਜਿਹੇ ਲੋਕ ਖੂਬ ਖੁਵਾ-ਪਿਲਾ ਕੇ ਆਹੂਜਾ ਤੋਂ ਕੰਮ ਕਢਵਾਉਣਾ ਚਾਹੁੰਦੇ ਹਨ, ਦੂਜੇ ਪਾਸੇ ਉਸ ਕਥਾਵਾਚਕ ਜਿਹੇ ਲੋਕ ਹਨ ਜੋ ਢਿੱਡ ਦੀ ਖਾਤਰ ਪਿੰਡ-ਪਿੰਡ ਨਚਾਰ ਮੁੰਡਿਆਂ ਨੂੰ ਲੈ ਕੇ ਫਿਰਦੇ ਹਨ, ਪਰ ਫਿਰ ਵੀ ਪੈਸੇ ਦੀ ਖਾਤਿਰ ਆਪਣੇ ਧਰਮ, ਆਪਣੇ ਮਰਯਾਦਾ ਤੋਂ ਹੇਠਾਂ ਡਿੱਗਣਾ ਸਵੀਕਾਰ ਨਹੀਂ ਕਰਦੇ। ਗੁਰਮੇਲ ਨੂੰ ਪਹਿਲਾਂ ਤਾਂ ਲੱਗਦਾ ਹੈ ਕਿ ਇਹ ਸਾਰੇ ਉੱਚੀਆਂ ਜਾਤੀਆਂ ਦੇ ਲੋਕ ਇਕੋ ਜਿਹੇ ਹੀ ਹੁੰਦੇ ਹਨ ਭਾਵੇਂ ਚੱਠਾ ਹੋਵੇ ਜਾਂ ਕਥਾਵਾਚਕ ਜਿਨ੍ਹਾਂ ਲਈ ਧਰਮ-ਮਰਯਾਦਾ ਦੀਆਂ ਗੱਲਾਂ ਐਵੇਂ ਫ਼ਜ਼ੂਲ ਜਿਹੀਆਂ ਹਨ। ਪਰ ਅਚਨਚੇਤ ਹੀ ਉਸ ਨੂੰ ਲੱਗਦਾ ਹਾ ਕਿ ਕਥਾਵਾਚਕ ਜਿਹੇ ਅਡੋਲ ਬੰਦਿਆਂ ਦੇ ਸਿਰ 'ਤੇ ਹੀ ਇਹ ਧਰਤੀ ਕਾਇਮ ਹੈ, ਜੋ ਪੈਸੇ ਖਾਤਿਰ ਕਦੇ ਹੇਠਾਂ ਨਹੀਂ ਡਿੱਗਦੇ।

ਦਬਕਾ ਮਾਰ ਕੰਮ ਲੈਣ ਦੀ ਗੱਲ ਹੋਰ ਵੀ ਕਈ ਕਹਾਣੀਆਂ ਵਿੱਚ ਨਜ਼ਰ ਆਉਂਦੀ ਹੈ। ਬਲਦੇਵ ਸਿੰਘ ਦੀ 'ਬਿਸਨੂੰ ਮਰ ਗਿਆ' ਤੇ ਜਸਵਿੰਦਰ ਸਿੰਘ ਦੀ 'ਘਰ ਦਾ ਜੀਅ' । ਕੰਮ ਲੈਣ ਵੇਲੇ ਉੱਚੇ ਘਰਾਂ ਦੇ ਲੋਕ ਪਿਆਰ ਤੇ ਅਪਣਾਪਨ ਵਿਖਾਉਣ ਦੀ ਰਣਨੀਤੀ ਵੀ ਅਪਨਾ ਲੈਂਦੇ ਹਨ। ਸਰਦਾਰਨੀ ਤੇਜ ਕੌਰ ਨੂੰ ਆਪਣੇ ਖੇਤਾਂ ਵਿੱਚ ਮਿਰਚਾਂ ਤੋੜਨ ਲਈ ਦਿਹਾੜੀਦਾਰ ਤੇ ਸੀਰੀਆਂ ਦੀ ਲੋੜ ਹੋਣ ਕਾਰਣ ਉਸਨੂੰ ਪਿੰਡ ਦੀਆਂ ਠੱਠੀਆਂ ਵੱਲ ਜਾਣ ਵਿੱਚ ਵੀ ਗੁਰੇਜ਼ ਨਹੀਂ। ਭਾਵੇਂ ਉੱਥੋਂ ਦੀ ਬਦਬੂ, ਚਿੱਕੜ, ਗੰਦ ਕਾਰਣ ਉਸ ਦਾ ਦਿਲ ਖਰਾਬ ਹੁੰਦਾ ਜਾਂਦਾ ਹੈ, ਪਰ 'ਕਰਮੇ ਦੇ ਸਰਾਜ' ਨੂੰ ਬੜੇ ਪਿਆਰ



ਨਾਲ ਬੁਲਾਉਂਦੀ ਤੇ ਕੰਮ ਤੇ ਕੰਮ ਵੇਲੇ ਵਾਰ-ਵਾਰ ਉਸਨੂੰ 'ਘਰ ਦਾ ਜੀਅ' ਕਹਿ ਕੇ ਸੰਬੋਧਿਤ ਕਰਦੀ ਹੈ। ਉਸ ਤੇ ਵਾਧੂ ਦਾ ਮੋਹ ਵਰਸਾਉਂਦੀ ਫਿਰਦੀ ਹੈ। ਘਰ ਦੇ ਹਰ ਛੋਟੇ-ਮੋਟੇ ਕੰਮ ਵੇਲੇ ਸਰਾਜ ਜਾਨ ਤੋੜ ਕੇ ਕੰਮ ਕਰਦਾ ਹੈ, ਭਾਵੇਂ ਜਥੇਦਾਰਾਂ ਦਾ ਘਰ ਹੋਵੇ ਜਾਂ ਜ਼ੈਲਦਾਰਾਂ ਦਾ। ਕਣਕ ਦੀ ਗੋਡੀ ਕਰਨੀ ਹੋਵੇ ਜਾਂ ਦੀਪੇ ਦੇ ਵਿਆਹ ਵਾਲੇ ਘਰ ਦੀ ਸਾਰੀ ਭੱਜ-ਨੱਸ ਸਰਾਜ ਦੇ ਜ਼ਿੰਮੇ ਸੀ ਤੇ ਉਸਨੂੰ ਇਸ ਗੱਲ ਦਾ ਲਾਲਚ ਵੀ ਦਿੱਤਾ ਜਾ ਰਿਹਾ ਸੀ ਕਿ ਉਹ ਬਰਾਤ ਨਾਲ ਜਾਏਗਾ। ਪਰ ਅਸਲ ਵਿੱਚ ਉਸ ਨੂੰ ਘਰ ਦੀ ਰਾਖੀ ਲਈ ਛੱਡਕੇ ਜਾਣ ਬਾਰੇ ਸੋਚਿਆ ਗਿਆ ਸੀ। ਜਥੇਦਾਰਾਂ ਦੇ ਮੁੰਡੇ ਨੇ ਅੱਧੀ ਰਾਤ ਵੇਲੇ ਉਸ ਨੂੰ ਇਸ ਦੋਸ਼ੇ ਮਾਰ ਸੁੱਟਿਆ ਕਿ ਉਸਨੇ ਖਾਲਸਿਆਂ ਬਾਰੇ ਕੁਝ ਵੀ ਕਹਿਣ ਦੀ ਹਿੰਮਤ ਕਿਵੇਂ ਕੀਤੀ ਸੀ। ਸਰਦਾਰਨੀ ਤੇਜ ਕੌਰ ਨੇ ਵਿਹੜੇ ਵਿਚੋਂ ਦੇ ਲਿਆ, ਪਰ ਪੁੱਤਰ ਨੂੰ ਰੋਕਣ ਦੀ ਬਜਾਏ ਸੋਚਦੀ ਰਹੀ, ''ਕੋਈ ਨਾ.... ਅਜੇ ਮਿਰਚਾਂ ਨੂੰ ਛਿਮਾਹੀਂ ਪਈ ਆ... ਊਂ ਵੀ ਇਹ ਸਿਧਰਾ ਈ ਆ। ਮੁੜ ਪਤਿਆ ਲੂੰ।''

ਸੱਚਾਈ ਇਹ ਸੀ ਕਿ ਉਹ ਕਿਸੇ ਵੀ ਘਰ ਦਾ ਜੀਅ ਨਹੀਂ ਸੀ, ਸਿਰਫ਼ ਮੁਫ਼ਤ ਵਿੱਚ ਕੰਮ ਕਰਵਾਉਣ ਵਾਲਾ ਮਿਲਿਆ ਬੰਦਾ ਸੀ। ਜਿਸ ਨੂੰ ਰੋਟੀ, ਥੋੜ੍ਹੀ ਜਿਹੀ ਦਾਰੂ ਤੇ ਥੋੜ੍ਹੇ ਜਿਹੇ ਝੂਠੇ ਮੋਹ ਨਾਲ ਝੱਟ ਹੀ ਵਰਗਲਾ ਕੇ ਬਸ ਆਪਣੇ ਮਤਲਬ ਦੀ ਸਿੱਧੀ ਕਰ ਲਈ ਗਈ ਸੀ।

ਇੱਕ ਪਾਸੇ ਉੱਚੀਆਂ ਜਾਤਾਂ ਵਾਲੇ ਜਾਤੀ ਸੰਕੀਰਣਤਾ ਵਿੱਚ ਧੱਸੇ ਹੋਏ ਹਨ ਤੇ ਦੂਜੇ ਪਾਸੇ ਦਲਿਤ ਆਪਣੀ ਜਾਤੀਗਤ ਹੀਣਤਾ ਨਾਲ ਨੱਕੋ-ਨੱਕ ਭਰੇ ਹੋਏ ਹਨ। ਆਰਥਿਕ ਤਰੱਕੀ ਕਰਨ ਦੇ ਬਾਵਜੂਦ ਵੀ ਉਹ ਆਪਣੇ ਅੰਦਰ ਉਹ ਆਤਮ-ਵਿਸ਼ਵਾਸ ਤੇ ਦਲੇਰੀ ਮਹਿਸੂਸ ਕਰਨ ਦੇ ਸਮਰੱਥ ਨਹੀਂ ਹੋਏ, ਜੋ ਸੁਭਾਵਿਕ ਹੁੰਦੀ ਹੈ। ਆਰਥਿਕ ਪ੍ਰਪੱਕਤਾ ਵੀ ਜਾਤੀ ਵੰਡ ਨੂੰ ਦੂਰ ਕਰਨ ਵਿੱਚ ਸਫ਼ਲ ਨਹੀਂ ਹੋਈ। ਮਨਮੋਹਨ ਬਾਵਾ ਦੀ ਕਹਾਣੀ 'ਨਾਗਮੁੰਡਾ' ਵਿਚਲਾ ਪਾਤਰ ਭਾਵੇਂ ਰਾਜਸੱਤਾ ਨਾਲ ਸੰਬੰਧਿਤ ਹੈ। ਪਰ ਜਦੋਂ ਉਸ ਨੂੰ ਇਸ ਸੱਚਾਈ ਦਾ ਪਤਾ ਲੱਗਦਾ ਹੈ ਕਿ ਉਸ ਨਾਲ ਬੜਾ ਧੋਖਾ ਹੋਇਆ ਹੈ। ਹਾਲਾਂਕਿ ਉਸ ਵਿੱਚ ਰਾਜਕੁਮਾਰਾਂ ਵਾਲੇ ਉਹ ਹਰ ਹੀਲੇ ਇਹ ਗੱਲ ਮੰਨਵਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਹੈ ਕਿ ਉਹ ਸ਼ੂਦਰ ਜਾਤੀ ਦਾ ਨਹੀਂ ਹੈ।

ਇਸੇ ਤਰ੍ਹਾਂ ਦੀ ਭਾਵਨਾ ਅਜਮੇਰ ਸਿੱਧੂ ਦੀ ਕਹਾਣੀ 'ਗੌਰਜਾਂ' ਵਿੱਚ ਮਿਲਦੀ ਹੈ। ਗੌਰਜਾਂ ਜਾਤੀ ਦੇ ਜੀਤੂ ਬਾਵਾ ਨੂੰ ਆਪਣੀ ਮੰਗਖਾਣੀ ਜਾਤ ਤੋਂ ਬਚਪਨ ਵਿੱਚ ਹੀ ਨਫ਼ਰਤ ਹੋ ਗਈ। ਉਹ ਗੌਰਜਾਂ ਨਾਂ ਤੋਂ ਹੀ ਐਨੀ ਨਫ਼ਰਤ ਕਰਦਾ ਹੈ ਕਿ ਆਪਣਾ ਘਰ ਬਰਾਦਰੀ ਛੱਡ ਕੇ ਪਿੰਡ ਦੇ ਸਰਦਾਰਾਂ ਘਰ ਸੀਰੀ ਦਾ ਕੰਮ ਕਰਦੇ-ਕਰਦੇ ਉਸੇ ਘਰ ਦਾ ਹੀ ਹੋ ਕੇ ਰਹਿ ਗਿਆ। ਉਸੇ ਘਰ ਨਾਲ ਜੁੜੇ ਰਹਿਣ ਤੇ ਘਟਨਾਵਾਂ ਦਾ ਅਜਿਹਾ ਚੱਕਰ ਚਲਿਆ ਕਿ ਬਜ਼ੁਰਗ ਮਹਿੰਗਾ ਸਿੰਘ ਵਿਦੇਸ਼ਾਂ ਵਿੱਚ ਆਪਣਾ ਸਾਰਾ ਟੱਬਰ ਗਵਾਂ ਇਕੱਲਾ ਕਾਰਾ ਹੀ ਰਹਿ ਗਿਆ। ਆਪਣੀ ਜ਼ਮੀਨ-ਜਾਇਦਾਦ ਜੀਤੂ ਬਾਵੇ ਨੂੰ ਸੰਭਾਲ ਦਿੱਤੀ। ਮਹਿੰਗਾ ਸਿੰਘ ਦੀ ਸੇਵਾ ਕਰਦਿਆਂ ਉਸ ਦੀ ਜ਼ਮੀਨ ਦਾ ਮਾਲਕ ਬਣ ਉਹ ਜੀਤ ਸਿੰਘ ਤੋਂ ਜਗਜੀਤ ਸਿੰਘ ਬਣ ਗਿਆ। ਉਸ ਨੇ ਵੀ ਸੋਚਿਆ ਕਿ ਹੁਣ ਉਹ ਜੱਟ ਸਰਦਾਰ ਹੈ, ਉਸ ਦੀ ਹਰ ਪਾਸੇ ਇੱਜ਼ਤ ਹੈ, ਹੁਣ ਗੌਰਜਾਂ ਦੀ ਜਾਤ-ਬਰਾਦਰੀ ਤੋਂ ਬਹੁਤ ਦੂਰ ਆ ਚੁੱਕਾ ਹੈ, ਪਰ ਉਸ ਦਾ ਇਹ ਭਰਮ ਉਦੋਂ ਟੁੱਟ ਗਿਆ ਜਦੋਂ ਉਸ ਨੇ ਆਪਣੀ ਕੰਨੀ ਸੁਣਿਆ ਕਿ ਪਿੱਠ ਪਿੱਛੇ ਲੋਕ ਉਸ ਨੂੰ ਅਜੇ ਵੀ ਗੌਰਜਾਂ ਤੇ ਜੀਤੂ ਬਾਵਾ ਹੀ ਕਹਿ ਕੇ ਸੰਬੋਧਿਤ ਕਰਦੇ ਹਨ। ਉਸ ਦੀ ਅੰਦਰਲੀ ਹੀਣ ਭਾਵਨਾ ਨੇ ਹੀ ਉਸ ਨੂੰ ਝੰਝੋੜ ਕੇ ਰੱਖ ਦਿੱਤਾ। ਉਸ ਨੇ ਆਪਣੀ ਬਰਾਦਰੀ ਤੋਂ ਨਾਤਾ ਤੋੜਿਆ ਸੀ, ਬਰਾਦਰੀ ਨੇ ਉਸ ਨੂੰ ਆਪਣੇ ਤੋਂ ਵੱਖ ਨਹੀਂ ਕੀਤਾ ਸੀ। ਆਖਰੀ ਦਮ ਤੱਕ ਉਹ ਆਪਣੇ ਤੇ ਬੇਗਾਨਿਆਂ ਲਈ ਉਹੀ ਰਹਿਣਾ ਸੀ, ਜੋ ਉਹ ਅਸਲ ਵਿੱਚ ਸੀ। ਜਿਸ ਤਰ੍ਹਾਂ ਜੰਮਦੇ ਬੱਚੇ ਨੂੰ ਜਿਸ ਨਾਂ ਨਾਲ ਬੁਲਾਇਆ ਜਾਂਦਾ ਹੈ, ਉਸ ਨਾਂ ਉਸ ਦਾ ਪੱਕਾ ਹੋ ਜਾਂਦਾ ਹੈ । ਫਿਰ ਆਪਣੇ-ਬੇਗਾਨੇ ਉਸਨੂੰ ਉਸੇ ਨਾਂ ਤੋਂ ਹੀ ਬੁਲਾਂਦੇ ਤੇ ਯਾਦ ਕਰਦੇ ਹਨ, ਪਿੱਠ ਪਿੱਛੇ ਵੀ ਉਨ੍ਹਾਂ ਨਾਵਾਂ ਰਾਹੀਂ ਹੀ ਪਛਾਣ ਕੀਤੀ ਜਾਂਦੀ ਹੈ। ਜੀਤੂ ਬਾਵਾ ਲਈ ਉਸ ਦਾ ਇਹ ਨਾਂ ਜਨਮ ਸਮੇਂ ਤੋਂ ਹੀ ਜੁੜਿਆ ਸੀ, ਇਸ ਤੋਂ ਮੁਕਤੀ ਕਦੇ ਸੰਭਵ ਨਹੀਂ ਸੀ, ਭਰਮ-ਭੁਲਾਵੇ ਉਹ ਭਾਵੇਂ ਕਿੰਨੇ ਹੀ ਪਾਲਦਾ ਫਿਰੇ।

ਅਤਰਜੀਤ ਦੀ ਕਹਾਣੀ 'ਨੂੰਹਾਂ' ਵਿੱਚ ਵੀ ਕੁਝ ਇਸ ਤਰ੍ਹਾਂ ਦੀ ਹੀ ਘਟਨਾ ਬਿਆਨ ਕੀਤੀ ਗਈ ਹੈ। ਅਤਹਕਰਣ ਦੀ ਖਿਚੋਤਾਣ ਦੋਹਾਂ ਦੀ ਜਾਤਾਂ ਪੱਧਰਾਂ ਤੇ ਵਿਖਾਈ ਦਿੰਦੀ ਹੈ। ਮਜ਼ਬੀਆਂ ਤੇ ਰਾਮਦਾਸੀ ਜਾਤੀ ਦੇ ਪੜ੍ਹੇ ਲਿਖੇ ਦਲਿਤ ਸ਼ਹਿਰੀ ਸਭਿਆਚਾਰ ਵਿੱਚ ਚੋਪੜਾ ਤੇ ਕਟਾਰੀਆਂ ਦੇ ਨਾਂ ਤੋਂ ਜਾਣੇ-ਪਛਾਣੇ ਜਾਂਦੇ ਹਨ। ਵਕੀਲ ਕਿਤੇ ਨੂੰ ਅਪਨਾਉਂਦੇ ਹੋਏ, ਕੋਠੀਆਂ ਵਿੱਚ ਸਾਰੀਆਂ ਸਹੂਲਤਾਂ ਭੋਗਦੇ ਰਹਿੰਦੇ ਵੀ ਕਿਸੇ ਬਣਾਉਂਦੇ ਹੋਏ ਚੌਕ 'ਚੋਂ ਲਿਆਉਂਦੇ ਦਿਹਾੜੀਦਾਰਾਂ ਵਿੱਚ ਇਕ ਉਸਦੇ ਨਾਨਕੇ ਪਿੰਡ ਦੇ

ਜ਼ਿਮੀਂਦਾਰ ਦਾ ਪੋਤਰਾ ਵੀ ਹੈ। ਇੱਕ ਪਾਸੇ ਕਟਾਰੀਆਂ ਅੰਦਰੋਂ ਬੜਾ ਖੁਸ਼ ਜਾਪਦਾ ਹੈ ਕਿ ਇੱਕ ਜ਼ਿਮੀਂਦਾਰ ਦਾ ਪੋਤਰਾ ਉਸ ਦੇ ਘਰ ਦਿਹਾੜੀ ਮਜ਼ਦੂਰ ਬਣਕੇ ਆਇਆ ਹੈ। ਪਰ ਦੂਜੇ ਪਾਸੇ ਉਸ ਵਲੋਂ ਆਪਣੇ ਆਪ ਨੂੰ ਪਛਾਣੇ ਜਾਣ ਦਾ ਡਰ ਵੀ ਉਸਨੂੰ ਅੰਦਰੋਂ-ਅੰਦਰੀ ਖੋਰਦਾ ਜਾਂਦਾ ਹੈ। ਪਹਿਲਾਂ-ਪਹਿਲ ਤਾਂ ਜੱਟ ਮੁੰਡੇ ਨੇ ਦਿਹਾੜੀ ਵੇਲੇ ਸਰਦਾਰ ਦੇ ਘਰੋਂ ਰੋਟੀ ਨਾ ਖਾਣ ਬਾਰੇ ਵੀ ਸਾਫ਼ ਕਿਹਾ ਸੀ, ਪਰ ਜਦੋਂ ਉਹ ਮੁੰਡਾ ਕਟਾਰੀਆਂ ਤੇ ਉਸਦੀ ਪਤਨੀ ਨੂੰ ਪਛਾਣ ਲੈਂਦਾ ਹੈ ਤਾਂ ਅੱਧੀ ਦਿਹਾੜੀ ਕਰਕੇ ਨੂੰਹਾਂ ਲੜੇ ਜਾਣ ਦਾ ਬਹਾਨਾ ਕਰਕੇ ਉੱਥੋਂ ਖਿਸਕ ਜਾਂਦਾ ਹੈ। ਕਿੱਥੇ ਤਾਂ ਕਟਾਰੀਆਂ ਮਨ ਹੀ ਮਨ ਇਹ ਸੋਚ ਰਿਹਾ ਹੈ ਕਿ ਉਹ ਮੁੰਡੇ ਨੂੰ ਰੋਟੀ ਕਿਸ ਤਰ੍ਹਾਂ ਖਵਾਏਂਗਾ,.''ਇਹ ਮਰਜ਼ੀ ਤਾਂ ਕਟਾਰੀਆਂ ਦੀ ਚਲਣੀ ਸੀ ਕਿ ਉਸ ਨੂੰ ਰੋਟੀ ਕਿਵੇਂ ਫੜਾਵੇ। ਥਾਲੀ 'ਚ ਪਾ ਕੇ ਵੀ ਫੜਾ ਸਕਦਾ ਸੀ। ਕੌਲੀਆਂ ਪਲੇਟਾਂ 'ਚ ਵੀ। ਚਾਰ ਰੋਟੀਆਂ ਦੇ ਉੱਪਰ ਸੁੱਕੀ ਸਬਜ਼ੀ ਤੇ ਅੰਬ ਦੇ ਅਚਾਰ ਦੀ ਫਾੜੀ ਰੱਖ ਕੇ ਦੂਰੋਂ ਵਗਾਹ ਕੇ ਵੀ ਸੁੱਟ ਸਕਦਾ ਸੀ।''

ਪਰ ਕਟਾਰੀਆ ਦੀ ਇੱਛਾ ਪੂਰੀ ਨਾ ਹੋ ਸਕੀ , ਕਿਉਂਕਿ ਮੁੰਡੇ ਨੇ ਉਸਨੂੰ ਪਛਾਣ ਲਿਆ ਕਿ ਉਹ ਗੁੱਲੂ ਚਮਾਰ ਦਾ ਭਾਣਜਾ ਹੈ।

ਇਸੇ ਕਹਾਣੀ ਵਿੱਚ ਕਹਾਣੀ ਜੱਟ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਉਭਾਰਦਾ ਹੈ। ਉਨ੍ਹਾਂ ਦਾ ਕੰਮ ਤੋਂ ਘੇਸਲ ਮਾਰਨਾ, ਨਸ਼ੇ ਕਰਨਾ, ਫੋਕੀ ਆਕੜ, ਸੁਭਾਵਿਕ ਰੋਹਬ ਵਿਖਾਉਣਾ ਤੇ ਦੂਜੇ ਪਾਸੇ ਕਟਾਰੀਆਂ ਦਾ ਦਿਹਾੜੀ ਮਜ਼ਦੂਰ ਨੂੰ ਕੰਮ ਕਰਦੇ ਦੇਖ ਆਪਣੀਆਂ ਦਿਹਾੜੀਆਂ ਨੂੰ ਯਾਦ ਕਰਨਾ ਕਿ, ''ਬੱਸ ਜ਼ੋਰ ਨਹੀਂ ਲਾਉਣਾ, ਵਿਹਲੇ ਵੀ ਨਹੀਂ ਖੜ੍ਹਨਾ।''

ਇਸੇ ਲਈ ਜਦੋਂ ਉਸ ਦੀ ਘਰਵਾਲੀ ਮਜ਼ਦੂਰਾਂ ਦੇ ਘੱਟ ਕੰਮ ਕਰਨ ਬਾਰੇ ਸੌ-ਸੌ ਗੱਲਾਂ ਕਰਦੀ ਹੈ ਤਾਂ ਉਸ ਨੂੰ ਆਪਣੇ ਪੁਰਾਣੇ ਦਿਨ ਬੜੇ ਯਾਦ ਆਉਂਦੇ ਹਨ। ਸ਼ਾਇਦ ਕੰਮ ਲੈਣ ਵਾਲਿਆਂ ਤੇ ਕੰਮ ਕਰਨ ਵਾਲਿਆਂ ਦੀ ਸੋਚ ਇਕੋ ਜਿਹੀ ਹੀ ਹੁੰਦੀ ਹੈ। ਕਟਾਰੀਆਂ ਦੋਹਾਂ ਸਥਿਤੀਆਂ ਵਿੱਚੋਂ ਆਪ ਲੰਘਿਆ ਹੁੰਦਾ ਹੈ, ਇਸ ਲਈ ਉਸਨੂੰ ਆਪਣੀ ਘਰਵਾਲੀ ਦੀਆਂ ਗੱਲਾਂ ਸੱਚ ਵੀ ਲੱਗਦੀਆਂ ਹਨ ਤੇ ਕੌੜੀਆਂ ਵੀ।

ਇਸ ਕਹਾਣੀ ਵਿੱਚ ਇੱਕ ਵਾਧਾ ਇਹ ਵੀ ਹੈ ਕਿ ਜੱਟਾਂ ਦੇ ਮੁੰਡਿਆਂ ਨੂੰ ਆਪਣੇ ਨਸ਼ੇ-ਪੱਤਿਆਂ ਕਾਰਣ ਸ਼ਹਿਰਾਂ ਵਿੱਚ ਮਜ਼ਦੂਰੀ ਕਰਨੀ ਪੈ ਰਹੀ  ਹੈ ਤੇ ਪਿੰਡ ਦੇ ਚਮਿਆਰ ਦੇ ਡਰਾਈਵਰ ਬਣ ਜਾਣ 'ਤੇ , ਜੱਟ ਦੀ ਪੱਗ ਨੂੰ 20 ਰੁਪਏ ਦੇ ਇਵਜ਼ ਵਿੱਚ ਆਪਣੇ ਕੋਲ ਰਖ ਲੈਣ ਦਾ ਦਾਈਆਂ ਵੀ ਆ ਗਿਆ ਹੈ।

ਕੁਝ ਕਹਾਣੀਆਂ ਸਾਨੂੰ ਦਲਿਤ ਵਿਚਲੀਆਂ ਕਈ ਉਪਜਾਤੀਆਂ ਵਿਚਕਾਰ ਪਨਪਦੇ ਤਣਾਓ ਤੇ ਉਨ੍ਹਾਂ ਕੋੜੇ ਅਨੁਭਵਾਂ ਨਾਲ ਜਾਣੂੰ ਕਰਵਾਉਂਦੀਆਂ ਹਨ ਜੋ ਉਨ੍ਹਾਂ ਦੇ ਨਿੱਜੀ ਅਨੁਭਵਾਂ ਵਿੱਚੋਂ ਨਿਕਲਦੇ ਹਨ। ਜਿਨ੍ਹਾਂ ਨਾਲ ਦਲਿਤ ਸਾਹਿਤ ਦਾ ਘੇਰਾ ਫੈਲਣ ਦੇ ਨਾਲ ਦਲਿਤਾਂ ਦੇ ਜੀਵਨ ਅੰਦਰ ਝਾਕ ਕੇ ਉਨ੍ਹਾਂ ਦੀਆਂ ਦਿੱਕਤਾਂ, ਪਰੇਸ਼ਾਨੀਆਂ ਤੇ ਸੰਕਟਾਂ ਨੂੰ ਨੇੜਿਓ ਵੇਖਣ ਦਾ ਮੌਕਾ ਮਿਲਦਾ ਹੈ।

ਅਤਰਜੀਤ ਦੀ ਕਹਾਣੀ 'ਸਬੂਤੇ ਕਦਮ' ਵਿੱਚ ਕਹਾਣੀਕਾਰ ਜੱਟ ਜ਼ਿਮੀਦਾਰਾਂ ਰਾਹੀਂ ਕੰਮੀ-ਕਮੀਣਾਂ 'ਤੇ ਹੁੰਦੇ ਅਤਿਆਚਾਰਾਂ ਦੀਆਂ ਕਈ ਘਟਨਾਵਾਂ ਤੇ ਉਨ੍ਹਾਂ ਦੀਆਂ ਜਵਾਨ ਕੁੜੀਆਂ-ਧੀਆਂ ਤੇ ਮੈਲੀ ਨਜ਼ਰ ਪਾਉਣ ਦੀ ਘਟਨਾ ਬਿਆਨ ਕਰਕੇ ਇਹ ਵੀ ਦੱਸਦਾ ਹੈ ਕਿ ਜੱਟਾਂ ਨੇ ਨਸੀਬੇ ਦਾ ਮਾਰ-ਮਾਰ ਕੇ ਐਨਾ ਬੁਰਾ ਹਾਲ ਕਰ ਦਿੱਤਾ ਕਿ ਉਹ ਕੜੀਅਲ ਜਵਾਨ ਆਪਣੀ ਰੀੜ ਦੀ ਹੱਡੀ ਤੁੜਵਾ ਕੇ ਅੱਜ ਮੰਜੇ 'ਤੇ ਹੱਡੀਆਂ ਦੀ ਮੁੱਠ ਬਣਿਆ ਪਿਆ ਸੀ। ਉਸਨੂੰ ਪਾਸਾ ਦਿਵਾਉਣ ਲਈ ਵੀ ਉਸ ਦੇ ਪਿਓ ਗੱਜਣ ਨੂੰ ਹੀ ਤਰੱਦਦ ਕਰਨਾ ਪੈਂਦਾ ਸੀ। ਅੱਗੇ ਹੀ ਘਰ ਦੀ ਹਾਲਤ ਕੋਈ ਵਧੀਆਂ ਨਹੀਂ ਸੀ, ਹੁਣ ਤਾਂ ਹੋਲੀ-ਹੌਲੀ ਜਵਾਨ ਪੁੱਤਰ ਦੀ ਬਿਮਾਰੀ, ਪਤਨੀ ਕਰਤਾਰੋ ਦੀ ਗਠੀਏ ਦੀ ਬਿਮਾਰੀ, ਜਵਾਨ ਧੀ ਦਾ ਉੱਧਲ ਜਾਣਾ, ਛੋਟੇ ਪੁੱਤਰ ਦੇਬੇ ਦਾ ਸਰਦਾਰਾਂ ਦੇ ਮੁੰਡੇ ਪੰਮੀ ਨਾਲ ਵਾਹ ਲੱਗਦੇ ਜ਼ੋਰ ਨਾ ਚਲਣ ਤੇ ਦਾਰੋਂ ਦਾ ਹੀ ਖੂਨ ਕਰਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਜਾ ਪਹੁੰਚਣਾ। ਭਰਿਆ-ਪੂਰਿਆ ਟੱਬਰ ਝੱਟਪੱਟ ਖਤਮ ਹੋ ਗਿਆ। ਘਰ ਵਿੱਚ ਦੋਵੇਂ ਪਿਓ-ਪੁੱਤਰ ਹੀ ਬਾਕੀ ਰਹਿ ਗਏ। ਬੁੱਢਾ ਗੱਜਣ ਘਰ ਦਾ ਵੀ ਹੌਲੀ-ਹੌਲੀ ਸਾਰਾ ਕੰਮ ਕਰਦਾ ਤੇ ਆਪਣੇ ਜਵਾਨ ਪੁੱਤਰ ਨੂੰ ਰੋਜ਼ ਤਿਲ-ਤਿਲ ਮਰਦੇ ਦੇਖਦਾ, ਫਿਰ ਵੀ ਹਿੰਮਤ ਨਾ ਹਰਦਾ। ਭਾਵੇਂ ਆਪਣੇ ਬੁਢਾਪੇ ਕਾਰਣ ਉਹ ਆਪਣਾ-ਆਪ ਹੀ ਸਾਂਭਣ ਜੋਗਾ ਨਹੀਂ ਰਿਹਾ ਸੀ, ਪਰ ਆਪਣੇ ਟੁੱਟੇ-ਭੱਜੇ ਪੁੱਤਰ ਦੀ ਅਸਹਿ ਹਾਲਾਤ ਵਿੱਚ ਉਸ ਦੀ ਮਦਦ ਕਰਦਾ, ਕਦੇ ਉਸ ਦਾ ਮੂੰਹ-ਮੱਥਾ ਪੂੰਝਦਾ, ਕਦੇ ਉਸ ਦੇ ਜਿਸਮ ਦੇ ਹੇਠਲੇ ਹਿੱਸੇ ਨੂੰ, ਕਦੇ ਪਾਣੀ ਦਾ ਘੁੱਟ ਦੇਂਦਾ, ਕਦੇ ਚਾਹ ਦੀ ਚਮਚ ਪਿਲਾਂਦਾ ਕਦੇ ਉਸਦੇ ਭਿੱਜੇ ਪਏ ਬਿਸਤਰੇ ਦੀ ਚਾਦਰ ਚੁੱਕ ਕੇ ਠੀਕ ਕਰਦਾ, ਉਸਦੇ ਗੰਦੇ ਪਏ ਕੱਪੜੇ ਧੋਂਦਾ, ਕਦੇ ਉਸ ਦੇ ਬਿਸਤਰ ਨੂੰ, ਉਸ ਨੂੰ, ਧੁੱਪ ਵਿਖਾਉਣ ਲਈ ਬੜਾ ਕਸ਼ਟ ਸਹਿ ਕੇ ਬਾਹਰ ਮੰਜੇ ਤੇ ਚੁੱਕ ਕੇ ਲਿਆਉਂਦਾ। ਹਰ ਉਹ



ਕੰਮ ਗੱਜਣ, ਨਸੀਬੇ ਲਈ ਕਰਦਾ, ਜੋ ਉਸ ਦੇ ਸਰੀਰ ਤੇ ਬੋਝ ਪਾਉਂਦਾ, ਪਰ ਉਹ ਹਿੰਮਤ ਰੱਖਦਾ। ਜਦੋਂ ਨਸੀਬੇ ਨੇ ਲੱਡੂ ਖਾਣ ਦੀ ਇੱਛਾ ਕੀਤੀ ਤਾਂ ਗੱਜਣ ਨੇ ਆਪਣੇ ਡੁੱਬਦੇ ਜਾਂਦੇ ਦਿਲ ਨੂੰ ਕਾਬੂ ਕੀਤਾ ਤੇ ਪੁੱਤਰ ਲਈ ਲੱਡੂ ਭਾਲਣ ਪਿੰਡ ਵਿੱਚ ਚਲਾ ਗਿਆ। ਪਰ ਉਸ ਨੂੰ ਪਿੰਡ ਦੀ ਕਿਸੇ ਦੁਕਾਨ ਤੋਂ ਲੱਡੂ ਨਾ ਮਿਲੇ। ਲੱਡੂਆਂ ਦੇ ਢੇਰ ਜ਼ਿੰਮੀਦਾਰ ਜੱਟ ਦੀ ਹਵੇਲੀ ਬਾਹਰ ਲੱਗੇ ਹੋਏ ਸਨ। ਕਿਉਂਕਿ ਉਸਦੀ ਧੀ ਪਿੰਕੀ ਦਾ ਵਿਆਹ ਸੀ।

ਉਹ ਲੱਡੂ ਚਾਹੁੰਦਾ ਵੀ ਸੀ, ਜ਼ਿੰਮੀਂਦਾਰ ਦੀ ਹਵੇਲੀ 'ਚੋਂ ਮੰਗੇ ਹੋਏ ਲੱਡੂ ਨਹੀਂ। ਉਹ ਮੁੰਡੇ ਦੀ ਆਖਰੀ ਤਮੰਨਾ ਪੂਰੀ ਵੀ ਕਰਨਾ ਚਾਹੁੰਦਾ ਸੀ, ਤਾਂ ਕਿ ਉਸ ਦੀ ਆਤਮਾ ਨਾ ਭਟਕੇ। ਪਰ ਗੱਜਣ ਨੇ ਲੱਡੂ ਨਾ ਮੰਗੇ ਤੇ ਸੋਚਦਾ-ਵਿਚਾਰਦਾ ਆਪਣੇ ਟੁੱਟੇ ਛਿੱਤਰਾਂ ਦੀ ਘਿਰਚ-ਘਿਰਚ ਤੇ ਸੋਟੀ ਦੀ ਠਕ-ਠਕ ਨਾਲ ਤੁਰਦਾ ਆਪਣੇ ਫੈਸਲੇ ਤੋਂ ਡੋਲਿਆ ਨਹੀਂ, ਸਗੋਂ ਆਪਣੇ ਸਬੂਤੇ ਕਦਮਾਂ ਤੇ ਕਾਇਮ ਰਿਹਾ। ਉਸਨੇ ਆਪਣੇ ਦੁਸ਼ਮਣ ਜ਼ਿੰਮੀਂਦਾਰ ਦੇ ਘਰੋਂ ਮਰਦੇ ਜਾਂਦੇ ਪੁੱਤਰ ਦੀ ਆਖਰੀ ਇੱਛਾ ਨੂੰ ਪੂਰਾ ਕਰਨ ਲਈ ਗੋਡੇ ਟੇਕਣਾ ਮੁਨਾਸਿਬ ਨਾ ਸਮਝਿਆ। ਉਸਦੀ ਅਣਖ ਕਾਇਮ ਸੀ, ਉਸਦੇ ਸਬੂਤੇ ਕਦਮਾਂ ਦੀ ਤੋਰ ਵਾਂਗ ਹੀ।

ਆਜ਼ਾਦ ਭਾਰਤ ਵਿੱਚ ਰਾਜਨੀਤੀ ਦੀ ਸਭ ਤੋਂ ਵੱਡੀ ਖੇਡ ਵੋਟਾਂ ਦੀ ਹੋ ਗਈ ਹੈ। ਵੋਟਾਂ ਦੀ ਰਾਜਨੀਤੀ ਨੇ ਦਲਿਤਾਂ ਨੂੰ ਆਪਣਾ ਮੁੱਲ ਪਾਉਣਾ ਸਿਖਾ ਦਿੱਤਾ। ਹਰੀਜਨ ਨਾਂ ਦੇ ਕੇ ਮਹਾਤਮਾ ਗਾਂਧੀ ਨੇ ਵੋਟਾਂ ਲਈ ਪਹਿਲੀ ਚਾਲ ਖੇਡ ਕੇ ਇਸ ਦੀ ਸ਼ੁਰੂਆਤ ਕੀਤੀ ਸੀ, ਉਹ ਬੀਜ ਹੁਣ ਫਲ-ਫੁੱਲ ਗਿਆ ਹੈ। ਦਲਿਤਾਂ ਨੇ ਵੋਟਾਂ ਦੇ ਮੋਹਰੇ ਨੂੰ ਵਰਤਣ ਦੀ ਜਾਂਚ ਸਿੱਖ ਲਈ ਹੈ। ਇਸ ਕਰਕੇ ਉਹ ਆਪ ਵੀ ਪਿੰਡਾਂ ਵਿੱਚ ਰਾਜਨੀਤੀ ਦੀ ਇਹ ਖੇਡ ਵੋਟਾਂ ਦੇ ਸਿਰ ਤੇ ਖੇਡਣ ਲੱਗ ਪਏ ਹਨ। ਰਾਜਨੀਤੀ ਦੇ ਅਰੰਭਕ ਦੌਰ ਦੀ ਚੋਣ ਸਰਪੰਚੀ ਦੀ ਪੱਧਰ ਲਈ ਹੁੰਦੀ ਹੈ। ਪਿੰਡਾਂ ਵਿੱਚ ਹਮੇਸ਼ਾਂ ਤੋਂ ਸਰਪੰਚ ਜਿੰਮੀਂਦਾਰ ਤੇ ਸਰਦਾਰ ਜੱਟ ਹੀ ਰਹੇ ਹਨ। ਪਰ ਪੜ੍ਹੇ ਲਿਖੇ ਨੌਜਵਾਨ ਦਲਿਤਾਂ ਨੇ ਹੁਣ ਉੱਚੀਆਂ ਜਾਤਾਂ ਨਾਲ ਆਪਣੇ ਵਿਦਰੋਹ ਦਾ ਪ੍ਰਗਟਾਵਾ ਕਰਨ ਲਈ ਆਪ ਵੀ ਮੈਦਾਨ ਵਿੱਚ ਉਤਰਣ ਦਾ ਫੈਸਲਾ ਕਰ ਲਿਆ ਹੈ। ਵੱਡੇ ਪੈਮਾਨੇ ਤੇ ਸ਼ਹਿਰਾਂ ਵਿੱਚ ਚੋਣਾਂ ਦੌਰਾਨ ਕੀ ਹੁੰਦਾ ਹੈ, ਇਸ ਨੂੰ ਭੁਲ ਜਾਣਾ ਚਾਹੀਦਾ ਹੈ, ਪਿੰਡਾਂ ਵਿੱਚ ਇਹ ਅਜੇ ਵੀ ਇੱਜ਼ਤ ਤੇ ਜਾਨ ਤੋਂ ਵੱਧ ਦਾ ਮਾਮਲਾ ਬਣੀ ਹੋਈ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਜੱਟ-ਜਿਮੀਂਦਾਰ ਇਹ ਗੱਲ ਹੀ ਬਰਦਾਸ਼ਤ ਨਹੀਂ ਕਰ ਪਾਉਂਦੇ ਕਿ ਦਲਿਤ ਉਨ੍ਹਾਂ ਅੱਗੇ ਖੜੇ ਹੋ ਕੇ ਚੋਣ ਲੜਣ। ਜੇ ਕਿੱਧਰੇ ਉਹ ਜੱਟਾਂ ਨਾਲ ਪੰਗਾ ਲੈ ਹੀ ਬਹਿੰਦੇ ਹਨ ਤਾਂ ਹਰ ਹੀਲੇ ਉਨ੍ਹਾਂ ਨੂੰ ਉਹ ਆਪਣੇ ਹੱਕ ਵਿੱਚ ਬਿਠਾਉਣ ਦੀ ਕੋਸ਼ਿਸ਼ ਕਰਦੇ ਹਨ। ਜੇ ਇੰਜ ਗੱਲ ਨਹੀਂ ਬਣਦੀ ਤਾਂ ਫਿਰ ਪੈਸੇ ਦੇ ਬਲ ਤੇ ਸ਼ਰਾਬ ਦੇ ਦਰਿਆ ਵਗਾ ਕੇ ਵੋਟਾਂ ਤੋੜ ਲਈਆਂ ਜਾਂਦੀਆਂ ਹਨ। ਪਰ ਜੇ ਕਦੇ ਇਕਮੁੱਠ ਹੋ ਕੇ ਦਲਿਤ ਆਪਣੇ ਕਿਸੇ ਸਾਥੀ ਨੂੰ ਚੋਣ ਜਿੱਤਾ ਹੀ ਦੇਂਦੇ ਹਨ ਤਾਂ ਵੀ ਉਨ੍ਹਾਂ ਦਾ ਹਸ਼ਰ ਮਾੜਾ ਹੀ ਹੁੰਦਾ ਹੈ। ਜੱਟ ਨਾ ਤਾਂ ਪੰਚਾਇਤ ਦਾ ਫੈਸਲਾ ਮੰਨਦੇ ਹਨ ਨਾ ਸਰਕਾਰ ਦਾ। ਗੱਲ ਕੀ, ਉਹ ਕਿਸੇ ਪਾਏ ਤੇ ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਪੀੜੀਆਂ ਤੋਂ ਉਨ੍ਹਾਂ ਦੇ ਘਰਾਂ ਵਿੱਚ ਰਹੇ ਕੰਮੀ-ਕਮੀਣ ਉਨ੍ਹਾਂ ਨਾਲ ਇੱਕ ਥਾਵੇਂ ਖਲੋ ਸਕਣ। ਉਹ ਚੋਣਾਂ ਜਿੱਤ ਕੇ ਬਣੇ ਦਲਿਤਾਂ ਨੂੰ ਨਾ ਸਰਪੰਚ ਮੰਨਦੇ ਹਨ ਤੇ ਨਾ ਹੀ ਪੰਚਾਇਤ ਵੱਲੋਂ ਕੀਤੇ ਕਿਸੇ ਵੀ ਫੈਸਲੇ ਨੂੰ ਮੰਨਦੇ ਹਨ ਸਗੋਂ ਮੰਨਣ ਤੋਂ ਸਾਫ਼ ਇਨਕਾਰ ਕਰ ਪੰਚਾਇਤ ਦੀ ਤੌਹੀਨ ਵੀ ਕਰਦੇ ਹਨ। ਅਜਿਹੀਆਂ ਹੀ ਕੁਝ ਘਟਨਾਵਾਂ ਦਾ ਪ੍ਰਗਟਾਓ ਕਰਦੀਆਂ ਕਹਾਣੀਆਂ ਭਗਵੰਤ ਰਸੂਲਪੁਰੀ ਦੀਆਂ ' ਫੈਸਲਾ', 'ਸ਼ਾਮਲਾਟ ' ('ਗੜੀ ਪਿੰਡ ਦੀ ਕਹਾਣੀ' ਬਦਲਿਆ ਹੋਇਆ ਨਾਂ) ਹੈ।

'ਫੈਸਲਾ' ਵਿੱਚ ਬਾਜੀਗਰ ਘੀਲੇ ਦਾ ਲੇਲਾ ਅਚਾਨਕ ਆਏ ਝੱਖੜ ਕਾਰਣ ਗੁਆਚ ਗਿਆ। ਬਥੇਰਾ ਲੱਭਣ ਤੇ ਵਿਰਕਾਂ ਦੇ ਢੇਰਾਂ ਕੋਲ ਲੇਲੇ ਦੀਆਂ ਹੱਡੀਆਂ ਮਿਲੀਆਂ। ਉਸ ਦੇ ਪੁੱਤਰ ਮਾਘੀ ਨੂੰ ਪੱਕਾ ਨਿਸ਼ਚਾ ਸੀ ਕਿ ਉਨ੍ਹਾਂ ਦਾ ਕਾਲਾ ਲੇਲਾ ਵਿਰਕਾਂ ਦੇ ਮੁੰਡਿਆ ਨੇ ਝਟਕਾ ਕੇ ਖਾ ਲਿਆ ਹੈ। ਪਿੰਡ ਵਿੱਚ ਲੋਕਾਂ ਮੂੰਹੋਂ ਇਸ ਗੱਲ ਦੀ ਤਸਕੀਨ ਵੀ ਹੋ ਗਈ। ਪੰਚਾਇਤ ਤੋਂ ਪਹਿਲਾਂ ਮੰਗੀ ਦੇ ਪਿਓ ਵਿਰਕ ਨੇ ਘੀਲੇ ਨੂੰ ਮਾਮਲਾ ਰਫਾ-ਦਫ਼ਾ ਕਰਨ ਲਈ ਇੱਕ ਹਜ਼ਾਰ ਰੁਪਿਆ ਦੇਣਾ ਚਾਹਿਆ। ਘੀਲਾ ਮੰਨਣ ਲਈ ਤਿਆਰ ਸੀ, ਪਰ ਮਾਘੀ ਤੇ ਉਸਦੇ ਵਿਹੜੇ ਦੇ ਮਿੱਤਰ-ਬੇਲੀ ਇਸ ਗੱਲ ਲਈ ਤਿਆਰ ਨਹੀਂ ਸਨ। ਪੰਚਾਇਤ ਵਿੱਚ ਗਵਾਹਾਂ ਦੇ ਬਿਆਨਾਂ ਤੇ ਜਦ ਸੱਚਾਈ ਸਾਹਮਣੇ ਆ ਹੀ ਗਈ ਤਾਂ ਵਿਰਕਾਂ ਦੇ ਤਿੰਨਾਂ ਪਰਿਵਾਰਾਂ ਨੂੰ 500-500 ਰੁਪਏ ਜੁਰਮਾਨਾ ਦੇ ਭਰਨ ਨਾਲ, ਘੀਲੇ ਤੋਂ ਮਾਫ਼ੀ

ਮੰਗਣ ਦਾ ਫੈਸਲਾ ਸੁਣਾਇਆ ਗਿਆ। ਇਹ ਫੈਸਲਾ ਸੁਣ ਕੇ ਜਿੱਥੇ ਮਾਘੀ ਤੇ ਵਿਹੜੇ ਦੇ ਹੋਰ ਲੋਕ ਬੜੇ ਖੁਸ਼ ਹੋ ਗਏ, ਉਥੇ ਵਿਰਕਾ ਨੇ ਇਸ ਫੈਸਲੇ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ,

''ਅਹੀਂ ਨਹੀਂ ਮੰਨਦੇ ਇਹ ਫੈਸਲਾ... ਐਨੀ ਨੇਰ ਗਰਦੀ... ਹੱਦ ਹੋ ਗਈ ਤੁਹਾਡੀ... ਪੰਚਾਇਤ ਈ ਰੱਬ ਹੋਗੀ, ਉਏ ਅਹੀਂ ਜ਼ਮੀਨਾਂ ਦੇ ਮਾਲਕ, ਟਕੇ-ਟਕੇ ਦੀਆਂ ਚੋਰੀਆਂ ਵਿੱਚ ਸਾਡਾ ਨਾਂ ਲੱਗੇ।... ਸਾਨੂੰ ਪਰਵਾਹ ਨ੍ਹੀਂ ਭਾਵੇਂ ਹਜ਼ਾਰਾਂ ਰੁਪਏ ਲੱਗ ਜਾਣ, ਅਹੀਂ ਟਕੇ-ਟਕੇ ਦੇ ਬੰਦਿਆਂ ਥੱਲੇ ਨਹੀਂ ਲੱਗਣਾ।''

'ਸ਼ਾਮਲਾਟ (ਗੜ੍ਹੀ ਪਿੰਡ ਦੀ ਕਹਾਣੀ) ਵਿੱਚ ਗੁਲਜ਼ਾਰੀ ਰਾਮ ਚਾਹਲ ਨੇ ਪੰਦਰਾਂ ਸਾਲਾਂ ਤੋਂ ਪਿੰਡ ਦੇ ਬਣੇ ਆ ਰਹੇ ਸਰਪੰਚ ਨੱਥਾ ਸਿੰਘ ਤੋਂ ਸਰਪੰਚੀ ਇਸ ਆਧਾਰ ਤੇ ਖੋਹ ਲਈ, ਕਿਉਂਕਿ ਉਸ ਦੀਆਂ ਕਾਰਸਤਾਨੀਆਂ ਦੀਆਂ ਸ਼ਿਕਾਇਤਾਂ ਜਿਵੇਂ ਸਰਕਾਰੀ ਗ੍ਰਾਂਟਾਂ ਨੂੰ ਅਧਿਕਾਰੀਆਂ ਨਾਲ ਰਲਕੇ ਖਾ ਜਾਣਾ, ਅਲਾਟ ਕੀਤੇ ਮਕਾਨਾਂ ਨੂੰ ਆਪਣਿਆਂ ਨੂੰ ਦੇ ਦੇਣਾ ਜਿੱਥੇ ਉਹ ਆਪਣੇ ਡੰਗਰ ਬੰਨਣੇ ਲੱਗੇ ਆਦਿ ਪੱਖਪਾਤੀ ਤੇ ਗ਼ੈਰ ਜ਼ਿੰਮੇਦਾਰਾਨਾ ਕੰਮਾਂ ਦਾ ਕੱਚਾ ਚਿੱਠਾ ਉਸਨੇ ਪਿੰਡ ਦੇ ਲੋਕਾਂ ਸਾਹਮਣੇ ਤੇ ਸਰਕਾਰੀ ਤੌਰ ਤੇ ਸ਼ਿਕਾਇਤ ਕਰਕੇ ਖੋਲ੍ਹ ਦਿੱਤਾ ਸੀ। ਨੌਜਵਾਨ ਹੋਣ ਦੇ ਨਾਤੇ ਸਰਪੰਚ ਬਣ ਉਹ ਆਪਣੇ ਵਿਹੜੇ ਵਾਲਿਆਂ ਤੇ ਆਪਣੀ ਜਾਤੀ-ਬਰਾਦਰੀ ਦੇ ਭਲੇ ਤੇ ਵਿਕਾਸ ਲਈ ਕੁੱਝ ਕੰਮ ਕਰਨਾ ਚਾਹੁੰਦਾ ਸੀ ਜੋ ਕਿ ਉਸ ਨੂੰ ਪਤਾ ਸੀ ਕਿ ਜੱਟਾਂ-ਜਿਮੀਂਦਾਰਾਂ ਨੇ ਕਦੇ ਨਹੀਂ ਕਰਵਾਉਣੇ ਸਨ। ਪਰ ਸਰਪੰਚੀ ਜਿੱਤ ਕੇ ਵੀ ਉਸਨੂੰ ਕੀ ਹਾਸਿਲ ਹੋਇਆ। ਨੱਥਾ ਸਿੰਘ ਨੂੰ ਆਪਣੀ ਪੁਰਾਣੀ ਜਾਣ-ਪਛਾਣ, ਉੱਚੇ ਪੱਧਰ ਤੇ ਮੰਤਰੀਆਂ ਤੇ ਐਮ. ਐਲ. ਏ. ਤੱਕ ਪਹੁੰਚ ਕਰ, ਪੈਸੇ ਦੇ ਬਲ ਤੇ ਪੁਲਿਸ ਨੂੰ ਆਪਣੇ ਹੱਥ ਪਾਉਣ ਦੇ ਤਰੀਕਿਆਂ ਵਿੱਚ ਪਰਪੱਕਤਾ ਹਾਸਿਲ ਸੀ। ਰਾਜਨੀਤੀ ਦੇ ਪੁਰਾਣੇ ਖਿਡਾਰੀ ਨੱਥਾ ਸਿੰਘ ਨੇ ਚਾਲ ਖੇਡ ਕੇ ਸ਼ਾਮਲਾਟ ਵਾਲੀ ਥਾਂ ਜਿੱਥੇ ਵਿਹੜੇ ਦੇ ਲੋਕ ਆਪਣਾ ਢੇਰ ਲਾਉਂਦੇ ਸਨ, ਨਿਸ਼ਾਨ ਸਾਹਿਬ ਗੱਡ ਕੇ ਆਪਣੇ ਕਬਜ਼ੇ ਵਿੱਚ ਕਰ ਲਈ। ਉਸਦਾ ਇਰਾਦਾ ਪ੍ਰਾਇਮਰੀ ਸਕੂਲ ਦੀ ਗਰਾਉਂਡ ਨੂੰ ਗੁਰਦਆਰੇ ਦੀ ਚਾਰ ਦੀਵਾਰੀ ਅੰਦਰ ਜਜ਼ਬ ਕਰ ਲੈਣ ਦਾ ਵੀ ਸੀ, ਕਿਉਂਕਿ ਸਕੂਲ ਵਿੱਚ ਵਿਹੜੇ ਵਾਲਿਆਂ ਦੇ ਬੱਚੇ ਪੜ੍ਹਦੇ ਸਨ। ਉਸ ਦਾ ਸੋਚਣਾ ਸੀ ਕਿ, ਕੰਮੀ ਕਮੀਣ ਲੋਕਾਂ ਦੇ ਨਿਆਣੇ ਈ ਪੜ੍ਹਦੇ ਆਂ, ਜੇ ਸਹੁਰੇ ਇਹ ਪੜ੍ਹ ਗਏ ਤਾਂ ਆਪਣੇ ਖਤਾਂ ਵਿੱਚ ਕੰਮ ਕੌਣ ਕਰੂੰ...। ਸਿਆਣੇ ਕਹਿੰਦੇ , ਅਖੇ ਚੋਰ ਨੂੰ ਨਾ ਮਾਰੋ, ਚੋਰ ਦੀ ਮਾਂ ਨੂੰ ਮਾਰੋ।''

ਸਰਪੰਚੀ ਜਿੱਤ ਕੇ ਗੁਲਜ਼ਾਰੀ ਅੱਗੇ ਮੁਸੀਬਤਾਂ ਹੀ ਮੁਸੀਬਤਾਂ ਘਿਰ ਆਈਆਂ। ਸ਼ਾਮਲਾਟ ਦੀ ਥਾਂ ਕਬਜ਼ਾ ਕਰ ਕੇ ਉਹ ਕੰਮੀ-ਕਮੀਣਾਂ ਤੇ ਹਾਵੀ ਹੋ ਗਿਆ। ਹੁਣ ਗੱਡੇ ਹੋਏ ਨਿਸ਼ਾਨ ਸਾਹਿਬ ਨੂੰ ਪੁੱਟਣ ਦੀ ਹਿੰਮਤ ਉੱਥੋਂ ਕੌਣ ਕਰੇ ? ਉਸ ਦੀ ਜਾਤ ਬਰਾਦਰੀ ਵਾਲਿਆਂ ਨੇ ਵਿਹੜੇ ਵਾਲਿਆਂ ਦਾ ਆਪਣੇ ਖੇਤਾਂ ਵਿੱਚ ਜਾਣਾ ਇਕਦਮ ਬੰਦ ਕਰ ਦਿੱਤਾ। ਇਸ ਤਰ੍ਹਾਂ ਸਮਾਜਿਕ ਤੇ ਧਾਰਮਿਕ ਦਬਾਓ ਪਾ, ਠਾਣੇ ਵਾਲਿਆਂ ਨੂੰ ਆਪਣੇ ਨਾਲ ਰਲਾ, ਨੱਥਾ ਸਿੰਘ ਨੇ ਆਪਣੀ ਕਿੜ ਕੱਢ ਲਈ। ਸਗੋਂ ਭਲਾਈ ਤੇ ਵਿਕਾਸ ਬਾਰੇ ਸੋਚਦਾ ਗੁਲਜ਼ਾਰੀ ਆਪਣੀ ਜਾਤ-ਬਰਾਦਰੀ ਲਈ ਹੋਰ ਮੁਸੀਬਤਾਂ ਪੈਦਾ ਕਰ ਬੈਠਾ। ਉਸਨੇ ਹਰ ਸਰਕਾਰੀ ਬੰਦੇ ਅੱਗੇ ਆਪਣੀ ਪਰੇਸ਼ਾਨੀ ਨੂੰ ਦੱਸਿਆ। ਪਰ ਨਤੀਜੇ ਵਜੋਂ ਉਸਨੂੰ ਹੀ ਬੀ. ਡੀ. ਓ ਤੇ ਮੰਤਰੀ ਵਲੋਂ ਸਰਪੰਚੀ ਹੱਥੋਂ ਨਿਕਲਣ ਦੀ ਧਮਕੀ ਸਰਕਾਰੀ ਦਰਬਾਰੋਂ ਮਿਲਣ ਲੱਗੀ, ਪਰ ਨਤੀਜਾ ਕੁਝ ਨਾ ਨਿਕਲਿਆ। ਕਿਉਂਕਿ ਸਰਕਾਰੀ ਦਰਬਾਰੇ, ਠਾਣਿਆਂ ਤੱਕ ਪਹੁੰਚ ਤੇ ਰੁਤਬਾ ਉੱਚੀਆਂ ਜਾਤਾਂ ਵਾਲਿਆਂ ਹੱਥ ਹੈ। ਇਹ ਸਿਆਸਤ ਇੱਕ ਅਜਿਹੀ ਸੰਗਲੀ ਵਾਂਗ ਹੈ ਜਿਸ ਦਾ ਹਰ ਕੁੰਡਾ ਜਾਂ ਕੜੀ ਉੱਚੀਆਂ ਜਾਤਾਂ ਨਾਲ ਹੀ ਬੱਝਾ ਹੁੰਦਾ ਹੈ। ਇਸ ਸੰਗਲੀ ਦੀ ਮਾਰ ਤੇ ਜਕੜ ਤੋਂ ਬਚਾਓ ਕਿਸੇ ਪੱਧਰ ਤੇ ਸੰਭਵ ਨਹੀਂ।

ਇਸੇ ਲਈ ਗੁਲਜ਼ਾਰੀ ਤੇ ਉਸਦੇ ਘਰ ਦੇ ਇਹ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ, ''ਕਾਹਨੂੰ ਇਸ ਕੁੱਤੇ ਕੰਮ 'ਚ ਪੈ ਗਿਆ। ਅਸੀਂ ਕੀ ਫੂਕਣੀ ਸੀ ਸਰਪੰਚੀ ... ਆਰਾਮ ਨਾਲ ਆਪਣੇ ਘਰ ਸੀ... ਸਾਰੇ ਜ਼ਿੰਮੀਦਾਰ ਦੁਸ਼ਮਣ ਬਣ ਗਏ... ਸਾਰੇ ਵਿਹੜੇ ਵਾਲੇ ਦੁਖੀ ਆ ਸਾਡੇ ਤੋਂ, ਉਨ੍ਹਾਂ ਦੇ ਸਾਰੇ ਕੰਮ ਰੁਕ ਗਏ ਆ।'' ਇਹ ਸਰਪੰਚੀ ਹੁਣ ਗੁਲਜ਼ਾਰੀ ਲਈ ਗਲ ਪਏ ਮਰੇ ਹੋਏ ਸੱਪ ਵਾਂਗ ਸੀ। ਕਿੱਥੇ ਉਹ ਤਰੱਕੀ ਦਾ ਚਾਹਵਾਨ ਸੀ ਤੇ ਹੁਣ ਲੋਕਾਂ ਦੀ ਦੁਸ਼ਮਣੀ ਤੇ ਦੁੱਖ ਸਹੇੜ ਬੈਠਾ ਸੀ।

ਦਲਿਤ ਚੇਤਨਾ ਸੰਬੰਧੀ ਕੀਤੇ ਭਰਪੂਰ ਅਧਿਐਨ ਮਗਰੋਂ ਉਭਰਦੇ ਨੁਕਤੇ ਕੁਝ ਇਸ ਤਰ੍ਹਾਂ



ਨਜ਼ਰ ਆਉਂਦੇ ਹਨ-

* ਵਰਣ-ਵਿਵਸਥਾ ਦੇ ਤਹਿਤ ਗਿਆਨ ਦੀਆਂ ਗੱਲਾਂ ਸੁਨਣਾ ਤੇ ਸੁਣਾਉਣਾ ਵੀ ਜਿਨ੍ਹਾਂ ਲਈ ਵਰਜਿਤ ਤੇ ਕੁਫ਼ਰ ਸੀ, ਅਜੋਕੇ ਸਮੇਂ ਵਿੱਚ ਉਨ੍ਹਾਂ ਵਲੋਂ ਸਾਹਿਤ ਸਿਰਜਣਾ ਇੱਕ ਸੁਖਦ ਅਚੰਭੇ ਦਾ ਪ੍ਰਭਾਵ ਦੇਂਦੀ ਹੈ।

* ਸਮਾਜਕ ਪੱਧਰ ਤੇ ਦਰੜਨਾ, ਲਿਤਾੜੇ ਜਾਣਾ ਤੇ ਨਫ਼ਰਤ ਦਾ ਭਾਗੀ ਬਣਨਾ ਅਜੇ ਵੀ ਰਾਹ ਮੱਲੀ ਬੈਠਾ ਹੈ।

* ਆਰਥਿਕ ਪੱਖ ਦੀ ਮਜ਼ਬੂਤੀ ਨਾਲ ਸ਼ਹਿਰੀ ਮੱਧਵਰਗੀ ਸਭਿਆਚਾਰ ਵੱਲ ਝੁਕਾ ਤੇ ਉਸ ਵਿੱਚ ਸ਼ਾਮਲ ਹੋਣ ਵਿੱਚ ਵਾਧਾ ਹੋ ਰਿਹਾ ਹੈ।

* ਪਿੱਠ ਪਿੱਛੇ ਸਦਾ ਹੀ ਨੀਵੀਂ ਜਾਤ ਦੇ ਮਿਹਣੇ ਤੇ ਵਿਅੰਗ ਤੋਂ ਤ੍ਰਹਿਣਾ ਤੇ ਚੌਕੰਨੇ ਰਹਿਣ ਦੀ ਭਾਵਨਾ ਬਣੀ ਰਹਿੰਦੀ ਹੈ।

* ਦਲਿਤਾਂ ਬਾਰੇ ਲਿਖਣਾ ਜਾਂ ਦਲਿਤਾਂ ਰਾਹੀਂ ਲਿਖਣ ਵਿਚਲਾ ਫਰਕ ਇਹ ਹੈ ਕਿ ਗ਼ੈਰ ਦਲਿਤ ਰਾਹੀਂ ਦਲਿਤ ਸੰਵੇਦਨਾ ਤੇ ਵਿਚਾਰਧਾਰਾ ਦਾ ਪ੍ਰਗਟਾਓ ਹੁੰਦਾ ਹੈ ਜਦਕਿ ਦਲਿਤਾਂ ਰਾਹੀਂ ਨਿੱਜੀ ਅਨੁਭਵਾਂ ਦੇ ਆਧਾਰ ਤੇ ਜਾਗ੍ਰਤ ਹੁੰਦੀ ਚੇਤਨਾ ਦਾ ਪ੍ਰਗਟਾਓ ਹੁੰਦਾ ਹੈ।

* ਨਿੱਜੀ ਅਨੁਭਵਾਂ ਨੇ ਦਲਿਤ ਸਾਹਿਤ ਦੇ ਘੇਰੇ ਨੂੰ ਹੋਰ ਵਿਸ਼ਾਲ ਬਣਾਉਣ ਦੇ ਰਾਹ ਖੋਲ੍ਹੇ ਹਨ, ਕਿਉਂਕਿ ਦਲਿਤ ਜਾਤੀਆਂ, ਉਪ ਜਾਤੀਆਂ ਦੀ ਆਪਣੀ ਖਿਚੋਤਾਣ, ਸੰਕਟਾਂ ਨੂੰ ਦੱਸ ਕੇ ਇਹ-ਦੂਜੇ ਤੋਂ ਆਪਣੇ ਆਪ ਨੂੰ ਸ਼੍ਰੇਸ਼ਟ ਸਾਬਿਤ ਕਰਨ ਦੀ ਕੋਸ਼ਿਸ਼ ਵੀ ਹੁੰਦੀ ਹੈ।

* ਪਛੜੀਆਂ ਜਾਤੀਆਂ ਦੀ ਪੁਰਾਣੀ ਤੇ ਨਵੀਂ ਪੀੜੀ ਦੇ ਵਿਚਾਰਾਂ ਵਿੱਚ ਵੀ 'ਜਨਰੇਸ਼ਨ ਗੈਪ' ਨਜ਼ਰ ਆਉਂਦਾ ਹੈ। ਪੁਰਾਣੀ ਪੀੜੀ ਅਜੇ ਵੀ ਜਾਤੀਗਤ ਹੀਣਤਾ ਤੋਂ ਉਭਰ ਨਹੀਂ ਸਕੀ, ਜਦਕਿ ਨੌਜਵਾਨ ਸਿੱਖਿਅਤ ਪੀੜੀ ਆਪਣਾ ਹੱਕ ਮੰਗਣ ਦੀ ਬਜਾਏ ਖੋਹ ਕੇ ਲੈਣ ਵਿੱਚ ਯਕੀਨ ਰੱਖਦੀ ਹੈ।

* ਰੀਜ਼ਰਵੇਸ਼ਨ ਤੇ ਹੋਰ ਸਰਕਾਰੀ ਸਹੂਲਤਾਂ ਨੇ ਪਛੜੀਆਂ ਜਾਤਾਂ ਦੇ ਵਿਦਿਅਕ ਤੇ ਨੌਕਰੀਆਂ ਦੇ ਖੇਤਰ ਵਿੱਚ ਕਾਫ਼ੀ ਸਹਾਇਤਾ ਦਿੱਤੀ ਹੈ।

* ਦਲਿਤ ਵੀ ਇਨ੍ਹਾਂ ਸਹੂਲਤਾਂ ਸਕਦਾ ਕਾਫ਼ੀ ਉੱਚੇ ਅਹੁਦਿਆਂ ਤੱਕ ਜਾ ਪਹੁੰਚੇ ਹਨ।

* ਹੁਣ ਦਲਿਤ ਦੋ ਭਾਗਾਂ ਵਿੱਚ ਵੰਡੇ ਨਜ਼ਰ ਆਉਂਦੇ ਹਨ ਇੱਕ ਸਿੱਖਿਅਤ ਤੇ ਚੇਤੰਨ ਵਰਗ ਤੇ ਦੂਜਾ ਅਜੇ ਵੀ ਉਸ ਪੁਰਾਣੀ ਹੀ ਨੁਹਾਰ ਦੀ ਪ੍ਰਤਿਨਿਸ਼ਤਾ ਕਰਦਾ ਕਾਮਿਆਂ ਤੇ ਸੀਰੀਆਂ ਵਾਲਾ ਵਰਗ।

* ਸ਼ਹਿਰਾਂ ਵਿੱਚ ਰਹਿੰਦੇ ਦਲਿਤ ਆਪਣੀਆਂ ਪਛੜੀਆਂ ਜਾਤਾਂ ਨੂੰ ਛੁਪਾ ਕੇ ਸ਼ਹਿਰੀ ਮੱਧਵਰਗ ਵਿੱਚ ਸ਼ਾਮਲ ਹੁੰਦੇ ਜਾਂਦੇ ਹਨ।

* ਸ਼ਹਿਰਾਂ ਤੇ ਪਿੰਡਾਂ ਵਿੱਚ ਇਨ੍ਹਾਂ ਨਾਲ ਵਰਤਾਓ ਵਿੱਚ ਬੜਾ ਫਰਕ ਹੈ। ਪਿੰਡਾਂ ਵਿੱਚ ਅਜੇ ਵੀ ਜਾਤ-ਪਾਤ ਤੇ ਸੀਰੀਆਂ, ਕਾਮਿਆਂ ਨਾਲ ਦਬਕਾ ਮਾਰੂ ਵਰਤਾਓ ਹੁੰਦਾ ਹੈ ਜਦਕਿ ਸ਼ਹਿਰਾਂ ਦੇ ਆਰਾਮਪ੍ਰਸਤ ਤੇ ਨੌਕਰੀ ਪੇਸ਼ਾ ਲੋਕ ਆਪਣੇ ਘਰਾਂ ਵਿੱਚ ਕੰਮ ਕਰਦੇ ਨੌਕਰਾਂ, ਮਿਹਰੀਆਂ, ਜਮਾਦਾਰਾਂ ਨਾਲ ਔਖਾ ਬੋਲਣ ਦੀ ਬਜਾਏ ਮਿੱਠਾ ਬੋਲ ਕੇ ਕੰਮ ਕਢਵਾਉਂਦੇ ਹਨ।

* ਰਾਜਨੀਤੀ ਨੇ ਆਪਣਾ ਰੰਗ ਉੱਚੀਆਂ-ਨੀਵੀਆਂ ਸਾਰੀਆਂ ਜਾਤਾਂ ਤੇ ਪਾਇਆ ਹੈ। ਵੋਟਾਂ ਦੀ ਅਹਿਮੀਅਤ ਨੇ ਨੀਵੀਆਂ ਜਾਤਾਂ ਨੂੰ ਆਪਣੀ ਵੋਟ ਦਾ ਮੁੱਲ ਲੈਣਾ ਸਿਖਾ ਦਿੱਤਾ ਹੈ।

* ਆਪਣੀ ਹੋਂਦ ਨੂੰ ਉਭਾਰਣ ਤੇ ਆਪਣੀ ਜਾਤ-ਪਾਤ ਦੀ ਭਲਾਈ ਦਾ ਖ਼ਾਬ ਦੇਖਣ ਲਈ ਰਾਜਨੀਤੀ ਦੇ ਮਾਰਗ ਨੂੰ ਅਪਨਾ ਕੇ ਵੀ ਨੀਵੀਆਂ ਜਾਤਾਂ ਦੇ ਹੱਥ-ਪੱਲੇ ਕੁਝ ਖਾਸ ਨਹੀਂ ਪੈਂਦਾ, ਕਿਉਂਕਿ ਸੱਤਾ ਸਦਾ ਪੂੰਜੀਦਾਰਾਂ ਦੀ ਰਖੇਲ ਰਹੀ ਹੈ। ਪੂੰਜੀਪਤੀਆਂ ਨਾਲ ਮੱਥਾ ਮਾਰਨਾ ਦਲਿਤਾਂ ਦੇ ਵੱਸ ਦੀ ਗੱਲ ਨਹੀਂ। ਕੁਝ ਕੁ ਰਾਜਨੀਤਕ ਦਲਿਤ ਪਾਰਟੀਆਂ ਦੇ ਰਾਜਨੀਤੀ ਦੇ ਮੈਦਾਨ ਵਿੱਚ ਉਤਰਣ ਦੇ ਬਾਵਜੂਦ ਇਹ ਸਿਆਸੀ ਖੇਡ ਸ਼ਾਤਿਰ ਤੇ ਅਨੁਭਵੀ ਖਿਡਾਰੀ ਹੀ ਖੇਡ ਸਕਦੇ ਹਨ, ਆਮ ਬੰਦਿਆਂ ਦੇ ਵੱਸ ਦੀ ਗੱਲ ਤਾਂ ਬਿਲਕੁਲ ਨਹੀਂ।

* 'ਸਬੂਤੇ ਕਦਮ' ਦੇ ਗੱਜਣ ਸਿੰਘ ਵਰਗੇ ਪਾਤਰ ਦੇ ਚਰਿੱਤਰ ਦੀ ਮਜ਼ਬੂਤੀ ਕੁੱਤੇ ਅਟਲ ਰਹਿਣ ਦੀ ਮਨਸ਼ਾ ਨੂੰ ਮਾਡਲ ਵਜੋਂ ਅਪਨਾਉਣਾ ਜ਼ਰੂਰੀ ਹੈ। ਇਹ ਕੋਸ਼ਿਸ਼ ਮੁਸ਼ਕਿਲ ਹੋ ਸਕਦੀ ਹੈ,

ਨਾਮੁਮਕਿਨ ਨਹੀਂ।

* ਦਲਿਤ ਸਾਹਿਤ ਵਿੱਚ ਸਿਰਫ਼ ਇੱਕ ਕਹਾਣੀ ਮਨਮੋਹਨ ਬਾਵਾ ਦੀ 'ਬਿਰਜੂ ਸ਼ੀਰ ਉਰਫ਼ ਕੁਰਬਾਨ ਅਲੀ' ਹੀ ਅਜਿਹੀ ਮਿਲਦੀ ਹੈ ਜਿਸ ਵਿੱਚ ਨੀਵੀ ਜਾਤ ਦੇ ਬੰਦੇ ਨੇ ਆਪਣਾ ਧਰਮ ਪਰਿਵਰਤਨ ਕਰ ਲਿਆ। ਧਰਮ-ਪਰਿਵਰਤਨ ਕਰਕੇ ਸਮਾਜ ਵਿੱਚ ਮਾਨਯੋਗ ਸਥਾਨ ਹਾਸਲ ਕਰਨ ਦੀ ਹੋਰ ਕੋਈ ਮਿਸਾਲ ਦਲਿਤ ਸਾਹਿਤ ਵਿੱਚ ਨਜ਼ਰ ਨਹੀਂ ਆਉਂਦੀ।

* ਦਲਿਤ ਚੇਤਨਾ ਦੇ ਇਹ ਜਿੰਨੇ ਵੀ ਹੰਭਲੇ ਤੇ ਤਰੱਕੀ ਹੋਈ ਹੈ, ਉਹ ਨਿੱਜੀ ਪੱਧਰ 'ਤੇ ਹੀ ਨਜ਼ਰ ਆਉਂਦੀ ਹੈ, ਟਾਂਵੀ-ਟਾਵੀਂ। ਸਮੂਹਿਕ ਤੌਰ ਤੇ ਇਹ ਪ੍ਰਯਾਸ ਅਜੇ ਸੰਭਵ ਨਹੀਂ ਹੋ ਸਕੇ।

* ਪੜ੍ਹੇ-ਲਿਖੇ ਤੇ ਆਰਥਿਕ ਪੱਖੋਂ ਮਜ਼ਬੂਤ ਦਲਿਤ ਪਰਿਵਾਰਾਂ ਤੇ ਉਨ੍ਹਾਂ ਦੇ ਆਪਣੇ ਬੱਚਿਆਂ ਦੀ ਜੂਨ ਜ਼ਰੂਰ ਸੁਧਰਦੀ ਨਜ਼ਰ ਆਉਂਦੀ ਹੈ।

ਇਸ ਸਾਰੀ ਚਰਚਾ ਨੂੰ ਸਮੇਟਦੇ ਹੋਏ ਇਹ ਕਹਿਣ ਨੂੰ ਮਨ ਕਰਦਾ ਹੈ ਕਿ ਜਿਸ ਦਲਿਤ ਚੇਤਨਾ ਦੀਆਂ ਗੱਲਾਂ ਅਸੀਂ ਜ਼ੋਰ-ਸ਼ੋਰ ਨਾਲ ਅਸੀਂ ਕਰਦੇ ਆਏ ਹਾਂ, ਉਸ ਦਲਿਤ ਚੇਤਨਾ ਦਾ ਸਮਾਜਿਕ ਪੱਧਰ ਤੇ ਕੋਈ ਖਾਸ ਬਦਲਾਓ ਨਹੀਂ ਹੋਇਆ। ਆਰਥਿਕ ਪੱਧਰ ਸੁਧਰਨਾ, ਪਛੜੀਆਂ ਜਾਤਾਂ ਦਾ ਸ਼ਹਿਰੀ ਮੱਧ ਵਰਗ ਸ਼੍ਰੇਣੀ ਵਿੱਚ ਸ਼ਾਮਿਲ ਹੁੰਦੇ ਜਾਣਾ, ਉੱਚੇ ਅਹੁਦੇ ਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨਾ ਦਲਿਤ ਚੇਤਨਾ ਦਾ ਇੱਕ ਬਹੁਤ ਵੱਡਾ ਕਦਮ ਨਜ਼ਰ ਆਉਂਦਾ ਹੈ ਪਰ ਰਾਜਨੈਤਿਕ ਪੱਧਰ, ਸਮਾਜਿਕ ਪੱਧਰ, ਧਾਰਮਿਕ ਪੱਧਰ ਤੇ ਇਹ ਬਦਲਾਵ ਨਾ ਦੇ ਬਰਾਬਰ ਹੈ। ਸ਼ਹਿਰਾਂ ਵਿੱਚ ਵੀ ਦਲਿਤ ਨੂੰ ਆਪਣਾ ਆਪ ਛੁਪਾ ਕੇ ਹੀ ਰਖਣਾ ਪੈਂਦਾ ਹੈ। ਉੱਚੀਆਂ ਜਾਤਾਂ ਦੇ ਲੋਕ ਆਪਣੀ ਸਰਦਾਰੀ ਨੂੰ ਕਾਇਮ ਰੱਖਣ ਲਈ ਕਿਸੇ ਤਰ੍ਹਾਂ ਦੀ ਰਣਨੀਤੀ ਨੂੰ ਵਰਤਣਾ ਆਉਂਦਾ ਹੈ।

ਪਿੰਡ ਤੇ ਸ਼ਹਿਰਾਂ ਵਿੱਚ ਸਥਿਤੀ ਕਾਫ਼ੀ ਵੱਖਰੀ ਹੈ। ਪਿੰਡਾਂ ਵਿੱਚ ਪੁਰਾਣੇ ਪੀੜ੍ਹੀ ਦੇ ਕੰਮੀ-ਕਮੀਣ ਤੇ ਸੀਰੀ ਅਜੇ ਵੀ ਜ਼ਿਮੀਂਦਾਰ ਜੱਟਾਂ ਨਾਲ ਆਢਾ ਲਾਉਣ ਤੋਂ ਘਬਰਾਉਂਦੇ ਹਨ, ਉਨ੍ਹਾਂ ਨੂੰ ਆਪਣੇ ਮਾਲਕ ਦੀ ਹੈਸੀਅਤ ਨਾਲ ਹੀ ਜਾਣਦੇ ਹਨ। ਪਰ ਨੌਜਵਾਨ ਪੀੜ੍ਹੀ ਆਪਣੇ ਪੁਰਖਿਆਂ ਤੇ ਬਜ਼ੁਰਗਾਂ ਦੀ ਸੋਚ ਤੋਂ ਉਲਟ ਸੋਚਦੀ ਹੈ। ਉਨ੍ਹਾਂ ਦਾ ਜਵਾਨ ਖੂਨ ਜੋਸ਼ ਮਾਰਦਾ ਸਵਰਨ ਜਾਤੀ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਆਪਣੇ ਥੱਲੇ ਲਾਉਣਾ ਵੇਖਣਾ ਚਾਹੁੰਦਾ ਹੈ। ਪਰ ਨੌਜਵਾਨਾਂ ਵਿਚਲਾ ਉਬਾਲ ਕਸੂਤੀ ਪਰਿਸਥਿਤੀ ਵਿੱਚ ਫਸ ਕੇ ਠੰਡਾ ਪੈ ਜਾਂਦਾ ਹੈ। ਕਾਰਣ ਉਨ੍ਹਾਂ ਕੋਲ ਅਨੁਭਵ ਦੀ ਕਮੀ ਹੈ, ਉਹ ਰਾਜਨੀਤੀ ਦੇ ਪੁਰਾਣੇ ਖਿਡਾਰੀਆਂ ਜਿਹੇ ਪੈਂਤੜੇ ਨਹੀਂ ਜਾਣਦੇ। ਇਨ੍ਹਾਂ ਪੈਂਤੜਿਆਂ ਤੇ ਚਾਲਾਂ ਦੀ ਸਹੀ ਸਮਝ ਨਾ ਹੋਣ ਕਾਰਣ ਉਹ ਜ਼ਿਆਦਾਤਰ ਰਾਜਨੀਤਕ ਪੱਧਰ ਤੇ ਚਾਲਾਂ ਦੇ ਮੋਹਰੇ ਹੀ ਬਣਦੇ ਹਨ। ਕਈ ਵਾਰ ਗੁੱਸੇ ਵਿੱਚ ਆ ਕੇ ਉਹ ਹਾਥੋਪਾਈ ਜਾਂ ਮਾਰ-ਕੁਟਾਈ ਕਰ ਬੈਠਦੇ ਹਨ, ਪਰ ਉਦੋਂ ਵੀ ਨੁਕਸਾਨ ਆਪਣਾ ਹੀ ਕਰਦੇ ਹਨ। ਕਈ ਵਾਰ ਪੈਸੇ ਵਾਲਿਆਂ ਵਲੋਂ ਗਲਤ ਕੰਮ-ਧੰਦਿਆਂ ਵਿੱਚ ਇਸਤੇਮਾਲ ਕੀਤੇ ਜਾਂਦੇ ਹਨ। ਜਿੱਥੇ ਉਨ੍ਹਾਂ ਨੂੰ ਪੈਸਾ , ਦਾਰੂ ਤਾਂ ਮਿਲ ਜਾਂਦੀ ਹੈ ਪਰ ਸਟੇਟਸ ਉਹ ਕਿਸੇ ਪੱਧਰ ਤੇ ਨਸੀਬ ਨਹੀਂ ਹੁੰਦਾ।

ਜਾਤੀ ਵੰਡ ਨੂੰ ਜੋ ਲੋਕ ਜਮਾਤੀ ਵੰਡ ਦੀ ਅਮੀਰੀ-ਗਰੀਬੀ ਤੱਕ ਹੀ ਸੀਮਤ ਸਮਝਦੇ ਹਨ, ਉਹ ਸਹੀ ਨਹੀਂ ਜਾਪਦਾ, ਕਿਉਂਕਿ ਆਪਣੀ ਬਰਾਦਰੀ ਤੇ ਭਾਈਚਾਰੇ, ਗਲੀ-ਮੁਹੱਲੇ, ਪਿੰਡ ਜਾਂ ਸ਼ਹਿਰ ਵਿੱਚ ਲੋਕ ਕਿਸੇ ਦੇ ਗਰੀਬ ਹੋਣ ਦੇ ਬਾਵਜੂਦ ਆਪਣੀ ਜਾਤ-ਬਰਾਦਰੀ ਨਾਲ ਗਰੀਬੀ ਦੇ ਬਾਵਜੂਦ ਥੋੜਾ-ਬਹੁਤ ਮੂੰਹ ਮੁਲਾਹਿਜ਼ਾ ਰੱਖਦੇ ਹੀ ਹਨ। ਉੱਥੇ ਜਮਾਤੀ ਵੰਡ ਵੀ ਜਾਤੀ ਵੰਡ ਤੇ ਭਾਰੀ ਨਹੀਂ ਪੈਂਦੀ ਪਰ ਕਿਸੇ ਐਸ. ਸੀ. ਨਾਲ ਵਰਤਣ ਲਈ ਜਿਸ ਖੁੱਲ੍ਹੇ ਦਿਲ ਤੇ ਵਿਸ਼ਾਲ ਸੋਚ ਦੀ ਲੋੜ ਹੈ ਉਹ ਪਿੰਡਾਂ ਵਿੱਚ ਤਾਂ ਬਿਲਕੁਲ ਨਹੀਂ, ਸ਼ਹਿਰਾਂ ਵਿੱਚ ਵੀ ਘੱਟ ਹੈ। ਸ਼ਹਿਰੀ ਲੋਕਾਂ ਦੀ ਹਾਲਤ ਤ੍ਰਿਸ਼ੰਕੂ ਵਰਗੀ ਹੈ। ਇਸ ਸੰਬੰਧ ਵਿੱਚ ਸੁਖਵੰਤ ਕੌਰ ਮਾਨ ਦੀ 'ਪ੍ਰਤੀਧੁਨੀਆਂ' ਤੇ ਮੋਹਨ ਲਾਲ ਫਿਲੌਰੀਆਂ ਦੀ 'ਡੁਬਕੀਆਂ' ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਜਿੱਥੇ ਮੋਹਨ ਲਾਲ ਫਿਲੌਰੀਆਂ "ਡੁਬਕੀਆਂ ' ਵਿੱਚ ਦਲਿਤਾਂ ਦੀ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸ਼ਹਿਰੀ ਦਲਿਤ ਤੇ ਬਾਕੀ ਸ਼ਹਿਰੀਆਂ ਵਿੱਚ ਖਾਣ-ਪੀਣ ਤੇ ਗੱਲਾਂ ਵਿੱਚ ਕੋਈ ਫ਼ਰਕ ਨਹੀਂ ਆਉਂਦਾ। ਉਹ ਵੀ ਦਲਿਤਾਂ ਵਿੱਚ ਆਉਂਦੀ ਜਮਾਤੀ ਵੰਡ ਜਾ ਜ਼ਿਕਰ ਪੇਸ਼ ਕਰਦਾ ਹੈ। "ਤੁਸੀਂ ਦਲਿਤਾਂ ਦੀ ਪਰਿਭਾਸ਼ਾ ਮੰਗਦੇ ਹੋ ਮੈਂ ਤੁਹਾਨੂੰ ਦਲਿਤ ਦਿਖਾ ਰਿਹਾ ਹਾਂ ਦੇਖੋ ਦਲਿਤ ਪੈਰਾਂ ਤੋਂ ਨੰਗੇ ਤਨ ਤੋਂ ਨੰਗੇ-ਸਿਰ ਤੋਂ ਨੰਗੇ ਖਾਲੀ ਪੇਟ।"



ਪਰ ਝੱਟ ਹੀ ਗੈਰ ਦਲਿਤ ਵਲੋਂ ਆਪਣਾ ਆਖਰੀ ਹਥਿਆਰ ਵਰਤ ਲਿਆ ਜਾਂਦਾ ਹੈ 'ਦਲਿਤਾਂ ਨੂੰ ਚੜੰਮ ਵੀ ਕਿਹਾ ਜਾਂਦਾ ਹੈ।" ਇਹ ਕਹਿ ਕੇ ਸਾਰੀ ਬਰਾਬਰੀ ਇਕੱਠੇ ਖਾਣਾ-ਪੀਣਾ, ਗੱਲਾਂ ਕਰਨੀਆਂ ਸਭ ਨੂੰ ਇਕਦਮ ਮਲਿਆਮੇਟ ਕਰਕੇ ਰੱਖ ਦਿੰਦੇ ਹਨ।

ਸੁਖਵੰਤ ਕੌਰ ਮਾਨ ਦੀ 'ਪ੍ਰਤਿਧੁਨੀਆਂ' ਵਿੱਚ ਇਹ ਭਾਵਨਾ ਉਭਰ ਕੇ ਆਉਂਦੀ ਹੈ ਕਿ ਕਿਸੇ ਚਮਾਰ ਦਾ ਮੁੰਡਾ ਬਿਜਲੀ ਦੇ ਮਹਿਕਮੇ ਵਿੱਚ ਲੱਗ ਜਾਏ ਤਾਂ ਨਵੀਂ ਮਾਰੂਤੀ ਕਾਰ ਲੈ ਕੇ ਆਪਣੇ ਪਿੰਡ ਵਿੱਚ ਜਾ ਕੇ ਆਪਣੀ ਜਾਤ-ਬਰਾਦਰੀ ਤੇ ਜਿੰਮੀਂਦਾਰ ਨੂੰ ਇਹ ਵਿਖਾਉਣਾ ਚਾਹੁੰਦਾ ਹੈ ਕਿ ਉਹ ਕਿੱਥੇ ਦਾ ਕਿੱਥੇ ਪਹੁੰਚ ਚੁੱਕਾ ਹੈ। ਉਹ ਜਿੰਮੀਂਦਾਰਾਂ, ਜ਼ੈਲਦਾਰ ਵਲੋਂ 'ਬਾਈ' ਅਖਵਾਇਆ ਜਾਂਦਾ ਹੈ, ਕਿਉਂਕਿ ਉਸਨੇ ਉਨ੍ਹਾਂ ਦੇ ਕੰਮ ਬਿਜਲੀ ਦੇ ਮਹਿਕਲੇ ਵਿੱਚ ਲੱਗਣ ਮਗਰੋਂ ਕਰਵਾ ਕੇ ਦਿੱਤੇ ਹਨ। ਸ਼ਾਇਦ ਆਪਣੇ ਉੱਤੇ ਕੀਤੀਆਂ ਜ਼ਿਆਦਤੀਆਂ ਦਾ ਬਦਲਾ ਉਹ ਉੱਚੀਆਂ ਜਾਤਾਂ ਤੇ ਅਹਿਸਾਨ ਕਰਕੇ ਆਪਣੇ ਆਪ ਨੂੰ ਦਿਲੀ ਤਸੱਲੀ ਮਹਿਸੂਸ ਕਰਵਾਉਂਦਾ ਹੈ।

ਦਲਿਤ ਸਾਹਿਤ ਦਾ ਅਧਿਐਨ ਸਾਡੀਆਂ ਅੱਖਾਂ ਖੋਲ੍ਹਦਾ ਹੈ। ਉਨ੍ਹਾਂ ਤੇ ਹੁੰਦੇ ਅਤਿਆਚਾਰਾਂ, ਜ਼ੁਲਮਾਂ, ਜ਼ਿਆਦਤੀਆਂ ਦੀ ਕਹਾਣੀ ਦੱਸ ਅਖੌਤੀ ਸਵਰਨ ਜਾਤੀਆਂ ਦੇ ਅਣਮਾਨਵੀ ਵਿਹਾਰਾਂ ਦੀ ਪ੍ਰਤੀਤੀ ਕਰਵਾਉਂਦਾ ਹੈ, ਜਿਸਨੂੰ ਪੜ੍ਹਕੇ ਸਾਨੂੰ ਆਪਣੇ ਆਪ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਅੱਗੇ ਤੋਂ ਅਜਿਹੀਆਂ ਕਰਤੂਤਾਂ ਕਰਨ ਤੋਂ ਤੌਬਾ ਕਰਨੀ ਚਾਹੀਦੀ ਹੈ, ਪਰ ਅਜੋਕੇ ਦੌਰ ਦੀ ਰਾਜਨੀਤੀ ਹੋਰ ਹੀ ਚਾਲਾਂ ਚਲਦੀ ਹੈ।

ਮਨੋਵਿਗਿਆਨਕ ਪੱਖੋਂ ਇਹ ਸਾਰੀਆਂ ਹੀ ਕਹਾਣੀਆਂ, ਕੁੰਠਾ, ਸੰਘਰਸ਼ ਤੇ ਫਸਟ੍ਰੇਸ਼ਨ ਦੀਆਂ ਕਹਾਣੀਆਂ ਹਨ। ਜਿਨ੍ਹਾਂ ਵਿੱਚ ਉੱਚੀਆਂ ਜਾਤੀਆਂ ਦੀ ਖੋਖਲੀ ਤਸੱਲੀ ਤੇ ਫੋਕਾ ਅਭਿਮਾਨ ਸ਼ਾਮਿਲ ਹੈ, ਇਹ ਵੀ ਫਸਟ੍ਰੇਸ਼ਨ ਦਾ ਹੀ ਇੱਕ ਰੂਪ ਹੈ, ਜ਼ਬਰਦਸਤੀ ਕਿਸੇ ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਨਾ ਭਾਵੇਂ ਉਹ 'ਗੰਗਾਜਲ' ਦਾ ਪੰਡਤ ਹੋਵੇ, 'ਹਾਰ ਜਿੱਤ' ਦਾ ਬਖਤੌਰ ਸਿੰਘ ਹੋਵੇ, 'ਪੈੜਚਾਲ' ਦਾ ਸਰਪੰਚ ਹੋਵੇ ਤੇ ਹੋਰ ਵੀ ਕਈ ਅਜਿਹੇ ਪਾਤਰ।

ਦੂਜੇ ਪਾਸੇ ਸ਼ਹਿਰਾਂ ਵਿੱਚ ਆਪਣੀ ਜਾਤ-ਗੋਤ ਛੁਪਾ ਕੇ ਸ਼ਹਿਰੀ ਸਭਿਆਚਾਰਾਂ ਵਿੱਚ ਰਹਿੰਦੇ ਸੁਖ-ਸਹੂਲਤਾਂ ਭੋਗਦੇ ਵੀ ਉਹ ਇਸ ਗੱਲੋਂ ਚੌਕੰਨੇ ਰਹਿੰਦੇ ਹਨ ਕਿ ਕਿੱਧਰੇ ਉਨ੍ਹਾਂ ਦੀ ਜਾਤ ਜਾਂ ਉਨ੍ਹਾਂ ਦੇ ਐਸ. ਸੀ. ਹੋਣ ਦਾ ਕਿਸੇ ਨੂੰ ਪਤਾ ਨਾ ਲੱਗ ਜਾਵੇ, ਭਾਵੇਂ ਉਹ ਸੌਰੀ ਵਿਚਲਾ ਲੱਧੜ ਹੋਵੇ, 'ਲਾਗੀ' ਵਿਚਲਾ ਮੈਨੇਜਰ, 'ਨੂੰਹਾਂ' ਵਿਚਲਾ ਚੋਪੜਾ ਤੇ ਕਟਾਰੀਆਂ ਜਿਹੇ ਲੋਕ ਹੋਣ, ਇੰਜ ਫਸਟ੍ਰੇਸ਼ਟ ਦੇ ਸ਼ਿਕਾਰ ਉਹ ਲੋਕ ਵੀ ਹਨ। ਕੋਈ ਨਾ ਕੋਈ ਅਹੁਦਾ ਪ੍ਰਾਪਤ ਕਰਨ ਦੇ ਬਾਵਜੂਦ ਸਮਾਜਕ ਅਹੁਦੇ ਤੇ ਬਰਾਬਰੀ ਲਈ ਤਰਸਦੇ ਆਪਣੀ ਹੋਂਦ ਨੂੰ ਛੁਪਾਉਣ ਲਈ ਮਜ਼ਬੂਰ ਹੁੰਦੇ ਹਨ। ਉਨ੍ਹਾਂ ਦੀ ਸਦੀਆਂ ਤੋਂ ਉਪਜੀ ਹੀਣ ਭਾਵਨਾ ਕਾਰਣ ਕੁੰਠਾ ਨੇ ਉਨ੍ਹਾਂ ਅੰਦਰ ਆਪਣੀ ਥਾਂ ਬਣਾ ਲਈ ਹੈ। ਇਸ ਕੁੰਠਾ ਨੇ ਉਨ੍ਹਾਂ ਤੇ ਦੋ ਤਰ੍ਹਾਂ ਨਾਲ ਪ੍ਰਭਾਵ ਪਾਇਆ ਹੈ। ਇਸ ਪਾਸੇ ਉਨ੍ਹਾਂ ਵਿੱਚ ਆਪਣੀ ਸਥਿਤੀ ਤੋਂ ਉਭਰਨ ਲਈ ਸੰਘਰਸ਼ ਕਰਨ ਦੀ ਲਗਨ ਪੈਦਾ ਕਰਕੇ ਉਸਦੇ ਸਾਕਾਰਾਤਮਕ ਰੁੱਖ ਨੂੰ ਅਪਨਾਇਆ। ਦੂਜੇ ਪਾਸੇ ਸਭਾਵਿਕ ਤੇ ਕੁਦਰਤੀ ਤੌਰ ਤੇ ਹੀਣਤਾ ਦਾ ਅਨੁਭਵ ਕਰਦੇ ਹੋਏ ਹੋਰ ਅੰਤਰਮੁਖੀ ਬਣਾਇਆ, ਜਿਸ ਕਰਾਣ ਦਲੇਰੀ ਕਰਨ ਦਾ ਸਾਹਸ ਉੱਕਾ ਹੀ ਪੈਦਾ ਨਹੀਂ ਹੋ ਸਕਿਆ। ਪਰ ਜਦੋਂ ਨੂੰਜੜ੍ਹ ਸੰਸਕਾਰ' ਦੀ ਪਿੰਕੀ ਜਿਹੇ , ਗੌਰਜਾਂ ਦੇ ਮਾਸਟਰ ਤਰਸੇਮ ਤੇ ਸਰਦਾਰ ਮਹਿੰਗਾ ਸਿੰਘ ਵਰਗੇ ਲੋਕ ਪਛੜੀਆਂ ਜਾਤਾਂ ਨੂੰ ਅੱਗੇ ਵਧਾ ਕੇ ਉਠਾ ਸਕਦੇ ਹਨ ਤਾਂ ਵਿਕਾਸ ਦੀ ਸੰਭਾਵਨਾ ਬਣੀ ਰਹੇਗੀ ਅਜਿਹੇ ਲੋਕਾਂ ਨੇ ਵੀ ਦਲਿਤਾਂ ਨੂੰ ਹਾਸ਼ੀਏ ਤੋਂ ਕੇਂਦਰ ਵਿੱਚ ਲਿਆਉਣ ਦੇ ਜਤਨ ਕੀਤੇ ਹਨ। ਇਨ੍ਹਾਂ ਜਤਨਾਂ ਨੂੰ ਹੋਰ ਵਧਾਉਣ ਲਈ ਪੜ੍ਹੇ-ਲਿਖੇ ਲੋਕਾਂ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ ਤਾਂ ਹੀ ਸਮਾਜ ਦੇ ਇਸ ਕੋੜ੍ਹ ਨੂੰ ਦੂਰ ਕਰਨ ਦਾ ਜਤਨ ਕਾਰਗਰ ਸਾਬਿਤ ਹੋ ਸਕਦੇ ਹਨ। ਜਦੋਂ ਤੱਕ ਸਾਡੇ ਘਰਾਂ ਵਿੱਚ ਵੱਖਰੇ ਗਿਲਾਸ ਤੇ ਟੁੱਟੇ ਕੱਪ ਇੱਕ ਪਾਸੇ ਪਏ ਰਹਿਣਗੇ, ਸਾਡੀਆਂ ਗੱਲਾਂ ਤੇ ਜਤਨ ਖੋਖਲੇ ਹੀ ਸਿੱਧ ਹੋਣਗੇ। ਤੁਰਨਾ ਦਲਿਤਾਂ ਨੇ ਸ਼ੁਰੂ ਕਰ ਦਿੱਤਾ ਹੈ, ਜੋ ਕਿਸੇ ਉਪਲਬੱਧੀ ਤੋਂ ਘੱਟ ਨਹੀਂ, ਲੋੜ ਉਨ੍ਹਾਂ ਨੂੰ ਸੇਧ ਦੇ ਕੇ ਮੰਜ਼ਿਲ ਤੱਕ ਪਹੁੰਚਾਉਣ ਦੀ ਹੈ। ਜਿਸ ਦਾ ਪ੍ਰਗਟਾਓ ਵੀ ਸਾਡੇ ਆਉਣ ਵਾਲੇ ਸਮੇਂ ਦੇ ਸਾਹਿਤ ਵਿੱਚ ਜ਼ਰੂਰ ਹੋਏਗਾ ਤੇ ਸਾਹਿਤ ਵਿੱਚੋਂ 'ਦਲਿਤ ਸਾਹਿਤ ' ਜਿਹਾ ਨਾਮਕਰਣ ਵੀ ਹੱਟ ਜਾਏਗਾ।

*ਮੈਂ ਸ਼ੈਤਾਨ ਤੇ ਇੰਦੂਮਣੀ' ਕਿਤਾਬ ਤੇ ਵਿਚਾਰ ਚਰਚਾ*

# *ਵਸਤੂ-ਸਥਿਤੀ ਦੇ ਸੰਕਟ ਦਾ ਬਹੁਪੱਖੀ ਚਿਤਰਨ : ਮੈਂ, ਸ਼ੈਤਾਨ ਤੇ ਇੰਦੂਮਣੀ*

**ਡਾ. ਸੁਖਵਿੰਦਰ ਸਿੰਘ ਰੰਧਾਵਾ**

*(ਪਹਿਲੀ ਮਈ 2000 ਨੂੰ ਸਾਹਿਤ ਸਭਾ ਨਿੱਝਰਾਂ (ਰਜਿ:) ਵੱਲੋਂ ਭਗਵੰਤ ਰਸੂਲਪੁਰੀ ਦੀ ਪਲੇਠੀ ਪੁਸਤਕ 'ਮੈਂ, ਸ਼ੈਤਾਨ ਤੇ ਇੰਦੂਮਣੀ' ਉੱਤੇ ਵਿਚਾਰ ਚਰਚਾ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ਹੋਈ। ਇਸ ਪੁਸਤਕ ਉੱਤੇ ਦੋ ਪੇਪਰ ਪੜ੍ਹੇ ਗਏ। ਪਹਿਲਾ ਪੇਪਰ ਡਾ: ਸੁਖਵਿੰਦਰ ਸਿੰਘ ਰੰਧਾਵਾ ਦਾ ਸੀ 'ਵਸਤੂ-ਸਥਿਤੀ ਦੇ ਸੰਕਟ ਦਾ ਬਹੁਪੱਖੀ ਚਿਤਰਨ : ਮੈਂ, ਸ਼ੈਤਾਨ ਤੇ ਇੰਦੂਮਣੀ'। ਦੂਜਾ ਪੇਪਰ ਡਾ: ਸੁਖਪਾਲ ਥਿੰਦ ਦਾ ਸੀ 'ਦਲਿਤ ਸਭਿਆਚਾਰ ਦਾ ਦੁਖਾਂਤਕ ਬੋਧ : ਮੈਂ, ਸ਼ੈਤਾਨ ਤੇ ਇੰਦੂਮਣੀ' ਪੇਪਰਾਂ ਤੋਂ ਬਾਅਦ ਹਰਵਿੰਦਰ ਭੰਡਾਲ (ਕਵੀ), ਪ੍ਰੇਮ ਪ੍ਰਕਾਸ਼ (ਕਹਾਣੀਕਾਰ), ਦੇਸ ਰਾਜ ਕਾਲੀ (ਕਹਾਣੀਕਾਰ), ਤਸਕੀਨ (ਕਵੀ ਤੇ ਕਾਲਮ ਨਵੀਸ਼), ਮੋਹਨ ਲਾਲ ਫਿਲੌਰੀਆ (ਕਹਾਣੀਕਾਰ), ਗਿਆਨ ਸਿੰਘ ਬੱਲ (ਚਿੰਤਕ) ਅਤਰਜੀਤ ਆਦਿ ਨੇ ਵਿਚਾਰ ਚਰਚਾ 'ਚ ਹਿੱਸਾ ਲਿਆ। ਸਵਾਲਾਂ ਦੇ ਉੱਤਰ ਡਾ: ਸੁਖਵਿੰਦਰ ਸਿੰਘ ਰੰਧਾਵਾ ਤੇ ਡਾ: ਸੁਖਪਾਲ ਥਿੰਦ ਨੇ ਦਿੱਤੇ। - ਆਦਾਰਾ)*

ਸਮਕਾਲ ਵਿਚ ਵਿਸ਼ਵੀਕਰਨ ਦੇ ਉਭਾਰ, ਪੂੰਜੀਵਾਦ ਦੀ ਚੜ੍ਹਤ, ਸੂਚਨਾ-ਸੰਸਾਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਅਤੇ ਚਿੰਤਨ ਤੇ ਚੇਤਨਾ ਦੇ ਖੇਤਰ ਵਿਚ ਸਾਹਮਣੇ ਆਈਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਤੇ ਮਾਡਲਾਂ ਦੇ ਫਲਸਰੂਪ ਵਿਆਪਤ ਯਥਾਰਥ ਦੀ ਹੋਂਦ ਬਹੁਤ ਅਸਥੂਲ, ਤਰਲ, ਅਨਿਸ਼ਚਤਮਈ ਤੇ ਵਿਰੋਧਾਭਾਸਕ ਸੁਭਾਅ ਵਾਲੀ ਬਣ ਗਈ ਹੈ ਜਿਸ ਵਿਚ ਅੰਤਰਮੁਖੀ ਤੇ ਬਾਹਰਮੁਖੀ ਪ੍ਰਸਥਿਤੀਆਂ ਇਕ-ਦੂਸਰੇ ਵਿਚ ਉਲਝੀਆਂ ਹੀ ਨਹੀਂ ਹੋਈਆਂ ਸਗੋਂ ਪਰਸਪਰ ਰੂਪ ਵਿਚ ਤਣਾਓ-ਸਥਿਤੀ ਵਿਚ ਵੀ ਹਨ। ਆਮ ਲੋਕਾਂ ਦੇ ਜਾਤੀ ਤੇ ਜਮਾਤੀ ਜੀਵਨ ਦੇ ਜਟਿਲ ਯਥਾਰਥ ਨੂੰ ਉਸ ਦੇ ਬਹੁਪਰਤੀ, ਬਹੁ ਪਾਸਾਰੀ ਤੇ ਪ੍ਰਮਾਣਿਕ ਸਰੂਪ ਸਹਿਤ ਕਲਾ-ਬਿੰਬ ਵਿਚ ਢਾਲਣਾ ਕਥਾਕਾਰ ਲਈ ਇਕ ਬਹੁਤ ਹੀ ਚੁਣੌਤੀਪੂਰਨ ਕਾਰਜ ਬਣਿਆ ਹੋਇਆ ਹੈ ਕਿਉਂਕਿ ਇਹ ਜੀਵਨ ਏਨੀਆਂ ਵਿਰੋਧਤਾਵਾਂ, ਤਣਾਵਾਂ, ਦਵੰਦਾਂ ਤੇ ਵਿਰੋਧਾਭਾਸਾਂ ਦਾ ਸ਼ਿਕਾਰ ਹੈ ਕਿ ਇਸ ਦੇ ਮੂਲ ਸੁਭਾਅ ਤੇ ਸਾਰ ਨੂੰ ਕਿਸੇ ਇਕ ਵਿਚਾਰਧਾਰਾਈ ਮਾਡਲ ਜਾਂ ਕਿਸੇ ਇਕੱਲੇ-ਇਕਹਿਰੇ ਸਾਮਾਨਯ ਸੂਤਰ ਦੇ ਰੂਪ ਵਿਚ ਗ੍ਰਹਿਣ ਕਰਨਾ ਸੰਭਵ ਹੀ ਨਹੀਂ। ਇਸ ਯਥਾਰਥ ਦਾ ਗਲਪਨਿਕ ਰੂਪਾਂਤਰਣ ਕਰਨ ਵੇਲੇ ਕਥਾਕਾਰ ਨੂੰ ਵਸਤੂ-ਅਨੁਭਵ ਅਨੁਕੂਲ ਕੁਝ ਅਜਿਹੀਆਂ ਕਥਾ-ਜੁਗਤਾਂ ਦਾ ਸਹਾਰਾ ਲੈਣਾ ਪੈਂਦਾ ਹੈ ਜੋ ਬਿਲਕੁਲ ਨਵੀਆਂ ਤੇ ਮੌਲਿਕ ਤਾਂ ਭਾਵੇਂ ਨਾ ਹੋਣ ਪਰ ਉਨ੍ਹਾਂ ਦੀ ਰਚਨਾਗਤ ਕਾਰਜਸ਼ੀਲਤਾ ਵਿਚ ਕੁਝ ਨਿਵੇਕਲਾਪਨ, ਕੁਝ ਨਿਆਰਾਪਨ ਤੇ ਕੋਈ ਵਿਸ਼ੇਸ਼ ਆਕਰਸ਼ਣ ਜ਼ਰੂਰ ਹੋਵੇ। ਕਲਾ-ਜੁਗਤਾਂ ਦੀ ਸਾਰਥਕਤਾ ਦਾ ਸੰਦਰਭ ਮੂਲ ਰੂਪ ਵਿਚ ਰਚਨਾਕਾਰ ਦੀ ਅਨੁਭਵਗਤ ਪ੍ਰਮਾਣਿਕਤਾ ਵਿਚੋਂ ਹੀ ਆਪਣਾ ਅਰਥ-ਵਿਵੇਕ ਪ੍ਰਾਪਤ ਕਰਦਾ ਹੈ ਜਿਸ ਕਰਕੇ ਲੇਖਕ ਦੀ ਮੁੱਢਲੀ ਟੇਕ ਤਾਂ ਫੋਕਸੀਕ੍ਰਿਤ ਵਸਤੂ-ਅਨੁਭਵ ਦੀ ਉਚਿਤ ਪ੍ਰਤੱਖਣਸ਼ੀਲਤਾ/ਗ੍ਰਹਿਣਸ਼ੀਲਤਾ ਹੀ ਬਣਦੀ ਹੈ ਭਾਵੇਂ ਕਿ ਇਸ ਪ੍ਰਕਿਰਿਆ ਦੌਰਾਨ ਇਹ ਅਨੁਭਵ ਆਪਣੇ ਕਲਾਤਮਿਕ ਪ੍ਰਗਟਾਵੇ ਦੇ ਮਾਧਿਅਮ ਤੇ ਜੁਗਤਾਂ ਦੀ ਤਲਾਸ਼ ਨਾਲ ਵੀ ਜੁੜ ਜਾਂਦਾ ਹੈ। ਇਸ ਪ੍ਰਕਾਰ ਨਵਾਂ ਕਥਾ-ਮਾਡਲ ਅਨੁਭਵ ਅਤੇ ਪ੍ਰਗਟਾਵੇ ਦੀ ਪੱਧਰ 'ਤੇ ਕੁਝ ਅਜਿਹੀ ਵਿਲੱਖਣਤਾ ਦਾ ਅਭਾਸ ਕਰਵਾਉਂਦਾ ਹੈ, ਜਿਸ ਦੇ ਅੰਤਰਗਤ ਯਥਾਰਥ ਦੀ ਜਟਿਲਤਾ ਬਿਰਤਾਂਤ ਦੀ ਜਟਿਲਤਾ ਵਿਚ ਪਰਿਵਰਤਿਤ ਹੋ ਕੇ ਆਪਣੀ ਸੰਚਾਰਯੋਗਤਾ ਦੇ ਨਵੇਂ ਆਯਾਮ ਸਿਰਜਦੀ ਹੈ। ਇਸ ਦ੍ਰਿਸ਼ਟੀ ਤੋਂ ਨਵੇਂ ਕਥਾਕਾਰਾਂ ਵਿਚੋਂ ਭਗਵੰਤ ਰਸੂਲਪੁਰੀ ਦੇ ਕਥਾ ਸੰਗ੍ਰਹਿ 'ਮੈਂ, ਸ਼ੈਤਾਨ ਤੇ ਇੰਦੂਮਣੀ' ਦਾ ਕਥਾ-ਪਾਠ ਵਿਸ਼ੇਸ਼ ਮਹੱਤਵ ਦਾ ਸੂਚਕ ਹੈ ਕਿਉਂਕਿ ਇਸ ਵਿਚ ਯਥਾਰਥ ਦੀ ਵਸਤੂ-ਸਥਿਤੀ ਦਾ ਸੰਕਟ ਇਕੋ ਵੇਲੇ ਅਨੇਕ ਪੱਖਾਂ, ਪਾਸਾਰਾਂ, ਦਿਸ਼ਾਵਾਂ ਤੇ ਕੋਣਾਂ ਤੋਂ ਪ੍ਰਕਾਸ਼ ਵਿਚ ਲਿਆਉਣ ਦਾ ਪ੍ਰਯਾਸ ਕੀਤਾ ਗਿਆ ਹੈ। ਸਰਸਰੀ ਤੌਰ 'ਤੇ ਦੇਖਿਆਂ ਇਸ ਪਾਠ ਵਿਚ ਪ੍ਰਸਤੁਤ ਵਸਤੂ-ਸਥਿਤੀ ਦਾ ਸੰਕਟ ਕੁਝ ਓਪਰਾ, ਸੱਤਈ, ਨਾ ਮੰਨਣਯੋਗ ਤੇ ਵਿਅਕਤੀਕ੍ਰਿਤ ਨਿੱਜਮੁਖੀ ਭਾਵਨਾਵਾਂ ਨਾਲ ਓਤਪੋਤ ਪ੍ਰਤੀਤ ਹੋਵੇਗਾ ਪ੍ਰੰਤੂ ਜਿਉਂ-ਜਿਉਂ ਪਾਠ ਦੀਆਂ ਪਰਤ ਦਰ ਪਰਤ ਤਹਿਆਂ ਖੁੱਲ੍ਹਦੀਆਂ ਜਾਂਦੀਆਂ ਹਨ, ਅੰਤਰਮੁਖੀ ਪ੍ਰਸਥਿਤੀਆਂ



ਦਾ ਬਾਹਰਮੁਖੀ ਯਥਾਰਥ ਨਾਲ ਘਣਾ ਸੰਬੰਧ ਆਪਣੇ ਆਂਤਰਿਕ ਵਸਤੂ-ਵਿਵੇਕ ਸਹਿਤ ਖ਼ੁਦ-ਬ-ਖ਼ੁਦ ਉਜਾਗਰ ਹੁੰਦਾ ਜਾਂਦਾ ਹੈ।

'ਮੈਂ, ਸ਼ੈਤਾਨ ਤੇ ਇੰਦੂਮਣੀ' ਤੋਂ ਪਹਿਲਾਂ ਭਗਵੰਤ ਰਸੂਲਪੁਰੀ ਨੇ ਕਥਾਕਾਰ ਦੇਸ ਰਾਜ ਕਾਲੀ ਨਾਲ ਮਿਲ ਕੇ 'ਚਾਨਣ ਦੀ ਲੀਕ' (1992) ਕਥਾ ਸੰਗ੍ਰਹਿ ਛਪਵਾਇਆ ਸੀ ਜਿਸ ਵਿਚ ਉਸ ਦੀਆਂ 6 ਕਹਾਣੀਆਂ ਸੰਮਿਲਤ ਹਨ। ਰਸੂਲਪੁਰੀ ਦੀਆਂ ਇਨ੍ਹਾਂ ਕਹਾਣੀਆਂ ਵਿਚੋਂ ਖੇਤ-ਮਜ਼ਦੂਰਾਂ ਦੇ ਕਠੋਰ ਜੀਵਨ-ਸੰਘਰਸ਼ ਦੇ ਕੁਝ ਪ੍ਰਭਾਵਸ਼ਾਲੀ ਗਲਪ-ਵੇਰਵੇ ਅਵੱਸ਼ ਪ੍ਰਾਪਤ ਹੁੰਦੇ ਹਨ ਪ੍ਰੰਤੂ ਇਹ ਵੇਰਵੇ ਗਤੀਸ਼ੀਲ ਯਥਾਰਥ ਪ੍ਰਕਿਰਿਆ ਦੇ ਚਰਿੱਤਰਗਤ ਅੰਤਰਸਾਰ ਨੂੰ ਰੂਪਮਾਨ ਕਰਨ ਵਾਲੇ ਕਿਸੇ ਬੱਝਵੇਂ ਪ੍ਰਭਾਵ ਵਾਲੇ ਇਕਾਗਰਸ਼ੀਲ ਗਲਪ-ਬਿੰਬ ਵਿਚ ਢਲਣ ਤੋਂ ਕੁਝ ਉਰਾਂ ਹੀ ਰਹਿ ਜਾਂਦੇ ਹਨ। ਇਹ ਗਲਪ-ਬਿੰਬ ਉਸ ਪ੍ਰਕਾਰ ਦੀ ਅਨੁਭਵਗਤ ਪ੍ਰਮਾਣਿਕਤਾ ਵੰਨ-ਸੁਵੰਨਤਾ, ਨਵੀਨਤਾ, ਵਿਲੱਖਣਤਾ ਤੇ ਮੌਲਿਕਤਾ ਤੋਂ ਵਿਰਵਾ ਰਹਿ ਜਾਂਦਾ ਹੈ ਜਿਸ ਤਰ੍ਹਾਂ ਕਿ ਨਵੀਂ ਕਹਾਣੀ ਤੋਂ ਤਵੱਕੋ ਕੀਤੀ ਜਾਂਦੀ ਹੈ। 'ਧੁੰਦ ਨੂੰ ਚੀਰਦਾ ਸੂਰਜ' ਵਿਚ ਤਾਂ ਰਾਜਨੀਤਕ ਚੇਤਨਾ ਪ੍ਰਗਤੀਵਾਦੀ ਮਾਡਲ ਦੀ ਤਰਜ਼ ਤੇ ਆਪਣੇ ਆਦਰਸ਼ਕ੍ਰਿਤ ਸਰੂਪ ਸਹਿਤ ਕਿਰਿਆਸ਼ੀਲ ਹੋਣ ਲੱਗਦੀ ਹੈ ਜਿਸ ਤੋਂ ਕੰਮੀਆਂ-ਕਿਰਤੀਆਂ ਦੀ ਅੰਤਿਮ ਜਿੱਤ ਦਾ ਨਿਸਚਾ ਉਜਾਗਰ ਹੁੰਦਾ ਹੈ। 'ਕੁਵੇਲੇ ਤੁਰਿਆ ਪਾਂਧੀ' ਵਿਚਲੇ 'ਬਲੌਂਦੀ' ਨਾਂ ਦੇ ਪਾਤਰ ਦੇ ਕਥਾ ਦੇ ਅੰਤ ਵਿਚ ਵਿਦਰੋਹੀ ਰੁਖ ਅਖਤਿਆਰ ਕਰਨ ਦਾ ਰਚਨਾਤਮਿਕ ਤਰਕ ਵੀ ਪੇਤਲਾ ਹੀ ਬਣਦਾ ਹੈ। ਸੁਭਾਵਿਕ ਹੈ ਕਿ ਇਹ ਰਸੂਲਪੁਰੀ ਦੀ ਕਥਾਕਾਰੀ ਦਾ ਸਿਖਾਂਦਰੂ ਪੜਾਅ ਸੀ ਪ੍ਰੰਤੂ 'ਮੈਂ, ਸ਼ੈਤਾਨ ਤੇ ਇੰਦੂਮਣੀ' ਦੇ ਰੂਪ ਵਿਚ ਉਸ ਨੇ ਜਿਵੇਂ ਆਪਣੀ ਭਰਵੀਂ ਕਥਾ ਯੋਗਤਾ ਦਾ ਪ੍ਰਮਾਣ ਪ੍ਰਸਤੁਤ ਕੀਤਾ ਹੈ, ਉਹ ਪ੍ਰਸੰਸਾਯੋਗ ਤਾਂ ਹੈ ਹੀ, ਨਾਲ ਹੀ ਡੂੰਘੇ ਅਧਿਐਨ-ਵਿਸ਼ਲੇਸ਼ਣ ਦੀ ਮੰਗ ਵੀ ਕਰਦਾ ਹੈ। ਇਸ ਪੁਸਤਕ ਵਿਚ ਲੇਖਕ ਦਲਿਤਾਂ, ਖੇਤ ਮਜ਼ਦੂਰਾਂ ਨਾਲ ਸੰਬੰਧਿਤ ਪੇਚੀਦਾ ਸਮਾਜਿਕ-ਆਰਥਿਕ ਮਸਲਿਆਂ ਤੇ ਸਮੱਸਿਆਵਾਂ ਦੇ ਨਿਰੋਲ ਬਾਹਰੀ ਸਰੂਪ ਉਤੇ ਦ੍ਰਿਸ਼ਟੀ ਕੇਂਦਰਿਤ ਕਰਨ ਦੀ ਥਾਂ ਉਨ੍ਹਾਂ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਮੂਲ ਵਰਤਾਰਿਆਂ, ਪ੍ਰੇਰਕਾਂ/ਕਾਰਜਾਂ ਤੇ ਅਮਲਾਂ ਦੇ ਵੇਗ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਨ੍ਹਾਂ ਵਰਤਾਰਿਆਂ ਦੇ ਆਰਥਿਕ, ਸਮਾਜਿਕ, ਭਾਈਚਾਰਕ, ਕਾਮੁਕ ਤੇ ਨੈਤਿਕ-ਅਨੈਤਿਕ ਪ੍ਰਸੰਗਾਂ ਨੂੰ ਉਨ੍ਹਾਂ ਦੀ ਸੱਭਿਆਚਾਰਕ ਜਟਿਲਤਾ ਤੇ ਸਮੁੱਚਤਾ ਸਹਿਤ ਗ੍ਰਹਿਣ ਕਰਨਾ ਚਾਹੁੰਦਾ ਹੈ। ਕਥਾਕਾਰ ਮਾਨਵੀ ਸੰਬੰਧਾਂ ਦੇ ਅਜਿਹੇ ਤਾਣੇ-ਪੇਟੇ ਦੀ ਸਿਰਜਣਾ ਕਰਦਾ ਹੈ ਕਿ ਆਪਣੀ ਹਉਂ ਤੇ ਹੋਂਦ ਲਈ ਜੂਝ ਰਹੇ ਪਾਤਰਾਂ ਦੀ ਮੂਲ ਭੂਤ ਸੰਕਟ ਗ੍ਰਸਤ ਵਸਤੂ-ਸਥਿਤੀ ਲਈ ਕਿਸੇ ਇਕ-ਅੱਧੇ ਫੈਕਟਰ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਪ੍ਰਕਾਰ ਸਮੱਸਿਆ ਭਾਵੇਂ ਸਾਧਨਹੀਣ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਦੀ ਹੋਵੇ ਜਾਂ ਅਵੈਧ ਸਰੀਰਕ ਸੰਬੰਧਾਂ ਦੀ ਹੋਵੇ ਜਾਂ ਕਦਰਾਂ-ਕੀਮਤਾਂ ਦੇ ਨਿਘਾਰ ਕਾਰਨ ਪੈਦਾ ਹੋਈ ਖ਼ੁਦਗਰਜ਼ੀ ਦੀ ਭਾਵਨਾ ਹੋਵੇ ਅਤੇ ਜਾਂ ਫਿਰ ਮੱਧ ਵਰਗੀ ਸ਼੍ਰੇਣੀ ਦੇ ਦੁਫੇੜ ਪੂਰਨ ਰਵੱਈਏ ਦੀ ਹੋਵੇ, ਇਸ ਸਭ ਕੁਝ ਨੂੰ ਜਾਤੀ **(Caste)** ਤੇ ਜਮਾਤੀ ਪ੍ਰਬੰਧ ਦੀ ਕਾਰਜਸ਼ੀਲਤਾ ਨੂੰ ਨਿਰਧਾਰਿਤ ਕਰਨ ਵਾਲੇ ਸਾਮਾਨਯ ਸਿਧਾਂਤ-ਸੂਤਰਾਂ ਦੇ ਆਧਾਰ 'ਤੇ ਨਹੀਂ ਸਮਝਿਆ ਜਾ ਸਕਦਾ। ਸੰਬੰਧਾਂ ਦੇ ਜਟਿਲ ਤਾਣੇ-ਪੇਟੇ ਵਿਚ ਉਲਝੇ ਇਹ ਪਾਤਰ ਕਿਸੇ ਵੱਡੀ ਸਮਾਜਿਕ ਤਬਦੀਲੀ ਜਾਂ ਕ੍ਰਾਂਤੀ ਲਈ ਨਹੀਂ ਜੂਝਦੇ ਸਗੋਂ ਉਹ ਆਪਣੇ ਪ੍ਰਤਿਕਰਮਕ ਤੇ ਪ੍ਰਤਿਰੋਧਕ ਵਤੀਰੇ ਰਾਹੀਂ ਵਿਗਠਿਤ ਹੋ ਰਹੇ ਯਥਾਰਥ ਦੇ ਸੰਦਰਭ ਵਿਚ ਵਰਜਿਤ-ਅਵਰਜਿਤ, ਨੈਤਿਕ-ਅਨੈਤਿਕ, ਠੀਕ-ਗ਼ਲਤ, ਸੱਚ-ਝੂਠ ਆਦਿ ਨੂੰ ਇਕ 'ਦਵੰਦ' ਦੇ ਰੂਪ ਵਿਚ ਉਭਾਰਦੇ ਹਨ। ਇਹ ਦਵੰਦ ਜਦੋਂ ਮਾਨਸਿਕ ਦਵੰਦ ਦੇ ਰੂਪ ਵਿਚ ਪਾਤਰਾਂ ਦੇ ਅੰਦਰ ਵੜ ਬਹਿੰਦਾ ਹੈ ਤਾਂ ਉਨ੍ਹਾਂ ਦੀ ਨੀਮ-ਪਾਗਲ ਜਾਂ ਅਰਧ ਚੇਤਨਗਤ ਕਿਰਿਆ-ਸ਼ੀਲਤਾ ਸਮੱਸਿਆ ਦੇ ਵਿਭਿੰਨ ਪਾਸਾਰ ਤੇ ਪਰਤਾਂ ਨੂੰ ਆਪਣੇ ਆਪ ਉਘਾੜਦੀ ਜਾਂਦੀ ਹੈ। 'ਕਸੂਰਵਾਰ', 'ਕੀੜਾ', 'ਜਨੇਊ', 'ਕਾਫਰ' ਤੇ 'ਪਿੰਜਰ' ਕਹਾਣੀਆਂ ਵਿਚ ਅਜਿਹਾ ਹੀ ਕਥਾਨਕੀ ਵਤੀਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਮਨੋ ਰੋਗੀ ਜਾਂ ਨੀਮ ਪਾਗਲ ਪਾਤਰਾਂ ਦੀ ਸਿਰਜਣਾ ਰਾਹੀਂ ਬਹੁ-ਪਾਸਾਰੀ ਵਸਤੂ-ਸਥਿਤੀ ਦੀ ਵਿਕਰਾਲਤਾ ਹੀ ਨਹੀਂ ਉਘਾੜੀ ਜਾਂਦੀ ਸਗੋਂ ਇਸ ਦੁਖਾਂਤ ਸਥਿਤੀ ਪਿੱਛੇ ਕਾਰਜਸ਼ੀਲ ਵਸਤੂ-ਪ੍ਰੇਰਣਾ ਦੀ ਸੂਹ ਵੀ ਮਿਲ ਜਾਂਦੀ ਹੈ। ਹੇਠ ਲਿਖੀਆਂ ਕਥਾ-ਉਕਤੀਆਂ ਤੋਂ ਇਹ ਧਾਰਨਾ ਕਾਫੀ ਸਪੱਸ਼ਟ ਹੋ ਜਾਂਦੀ ਹੈ:

*... ਜੇ ਉਨ੍ਹਾਂ ਦਿਨਾਂ 'ਚ ਦਿੱਤੂ ਢਿੱਡਲ ਦੀ ਡੇਹਰੀ ਨਾ ਜਾਂਦੀ ਤਾਂ ਟੱਬਰ ਨਾ ਬੱਝਦਾ....ਘਰ ਦੇ ਜੀਅ ਦਰ-ਦਰ ਦੀਆਂ ਠੋਕਰਾਂ ਨਾ ਖਾਂਦੇ। ਮੈਂ ਹੀ ਸਾਂ ਜਿਹਨੇ ਕੋਠੜੀਆਂ ਖੜ੍ਹੀਆਂ ਕੀਤੀਆਂ। ਮੁੰਡੇ ਦਾ ਵਿਆਹ ਕੀਤਾ। ਪਤਾ ਨ੍ਹੀਂ ਇਹ ਪੇਟ ਦਾ, ਪੈਸੇ ਦਾ ਜਾਂ ਕੋਈ ਰੂਹ ਦਾ ਰੋਗ ਏ, ਜੋ ਮੈਨੂੰ ਚਿੰਬੜਿਆ ਹੋਇਆ ਹੈ। ਜਾਂ ਮੇਰੀ ਆਦਤ, ਜੋ ਮੈਥੋਂ 'ਤੋਏ-ਤੋਏ' ਕਰਵਾਉਣ ਵਾਲੇ ਕੰਮ ਕਰਵਾਉਂਦੀ ਗਈ। ਫਿਰ ਕਿਉਂ ਮੈਨੂੰ ਪੀੜ ਉਠਾਉਣੀ ਪੈ ਰਹੀ ਹੈ। ਇਹਦੇ ਨਾਲੋਂ ਤਾਂ ਮੈਂ ਮਰ ਜਾਣਾ ਚਾਹੁੰਦੀ ਹਾਂ, ਚਾਹੇ ਰੋਮੀ ਵਾਲਾ ਦਾਤ ਹੀ ਮੇਰੇ ਮਾਰ*

*ਦਿੱਤਾ ਜਾਂਦਾ... ।*

*('ਕਸੂਰਵਾਰ' ਪੰਨਾ-14)*

*...ਮੇਰੇ ਜ਼ਿਹਨ 'ਚ ਮੁਹੰਮਦ ਤੁਗਲਕ ਦੀਆਂ ਯੋਜਨਾਵਾਂ ਆ ਜਾਂਦੀਆਂ, ਕਦੇ ਬਾਬਰ ਤੇ ਇਬਰਾਹੀਮ ਦਾ ਪਾਣੀਪਤ ਦਾ ਯੁੱਧ ਆ ਵੜਦਾ। ਵਿਚੇ ਕਾਂਤਾ ਆ ਜਾਂਦੀ। ਮੈਨੂੰ ਜਦੋਂ ਖਿਆਲ ਆਉਂਦਾ ਤਾਂ ਰਜ਼ੀਆ ਸੁਲਤਾਨ ਦਾ ਚੇਤਾ ਆ ਜਾਂਦਾ ਏ, ਜਿਹੜੀ ਯਾਕੂਤ ਨੂੰ ਸ਼ਾਹੀ ਅਸਤਬਲ ਦਾ ਅਧਿਅਕਸ਼ ਬਣਾ ਕੇ ਇਸ਼ਕ ਕਰਦੀ ਰਹੀ ਏ ਤੇ ਫਿਰ ਉਹਦੇ ਹਤਿਆਰੇ ਅਲਤੂਨੀਆ ਨਾਲ ਵਿਆਹ ਕਰਵਾ ਲੈਂਦੀ ਏ।..... (24)*

*( 'ਸ਼ੈਤਾਨ' ਪੰਨਾ-24)*

ਉਕਤ ਉਕਤੀਆਂ ਤੋਂ ਇਨ੍ਹਾਂ ਪਾਤਰਾਂ ਦੀ ਅਜਿਹੀ ਦਵੰਤਾਤਮਿਕ ਜਟਿਲ ਮਾਨਸਿਕ ਸਥਿਤੀ ਦਾ ਅਭਾਸ ਹੁੰਦਾ ਹੈ ਜਿਸ ਵਿਚ ਕੁਝ ਵੀ ਨਿਸ਼ਚਤ, ਸਥਿਰ ਤੇ ਅ ਬਦਲ ਨਹੀਂ। 'ਕਸੂਰਵਾਰ' ਕਹਾਣੀ ਵਿਚ ਰੱਜੋ ਦੇ ਕਤਲ ਲਈ ਆਪਣੇ-ਆਪ ਨੂੰ ਜ਼ਿੰਮੇਵਾਰ ਠਹਿਰਾਉਂਦਾ ਮੈਂ ਮੂਲਕ ਪਾਤਰ ਅਜੀਬ ਤਰ੍ਹਾਂ ਦੇ ਮਾਨਸਿਕ ਦਵੰਦ ਦਾ ਸ਼ਿਕਾਰ ਹੈ। ਅਹਿਸਾਸੇ ਕਮਤਰੀ ਦੀ ਭਾਵਨਾ ਅਧੀਨ ਗੁਨਾਹਗਾਰੀ ਦੇ ਬੋਝ ਥੱਲੇ ਦੱਬਿਆ ਇਹ ਪਾਤਰ ਜਦੋਂ ਰੱਜੋ ਦੇ ਕਤਲ ਲਈ ਖ਼ੁਦ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਤਾਂ ਦੁਖਾਂਤ-ਸਥਿਤੀ ਦੀਆਂ ਅਨੇਕ ਪਰਤਾਂ ਆਪਣੇ-ਆਪ ਸਾਹਮਣੇ ਆ ਜਾਂਦੀਆਂ ਹਨ। ਇਨ੍ਹਾਂ ਪਰਤਾਂ ਵਿਚੋਂ ਇਕ ਪਰਤ ਆਰਥਿਕਤਾ ਦੀ ਵੀ ਹੈ ਪ੍ਰੰਤੂ ਇਸ ਵਿਚ ਹੋਰ ਅਨੇਕਾਂ ਵਿਅਕਤੀਗਤ ਸਰੋਕਾਰ ਤੇ ਪਾਸਾਰ ਵੀ ਸ਼ਾਮਿਲ ਹਨ। ਯਥਾਰਥ ਦੀ ਆਰਥਿਕਤਾ ਵਾਲੀ ਤੰਦ ਹੋਰ ਤੰਦਾਂ ਵਿਚ ਫਸ ਕੇ ਉਲਝੀ ਹੋਈ ਹੈ ਭਾਵੇਂ ਕਿ ਕਿਸੇ ਨਾ ਕਿਸੇ ਰੂਪ ਵਿਚ ਮੈਂ ਮੂਲਕ/ਰੱਜੋ ਦੀ ਸਮੱਸਿਆ ਬੁਨਿਆਦੀ ਤੌਰ 'ਤੇ ਆਰਥਿਕਤਾ ਨਾਲ ਹੀ ਜੁੜੀ ਹੋਈ ਹੈ। ਮੈਂ ਮੂਲਕ ਪਾਤਰ ਦੀ 'ਵਲੈਤੀਆਂ ਦੇ ਘਰ' ਤੋਂ ਆਰੰਭ ਹੋਈ ਅਵੈਧ ਸਰੀਰਕ ਸੰਬੰਧਾਂ ਦੀ ਖੇਲ੍ਹ 'ਦਿੱਤੂ ਢਿੱਡਲ' ਜਾਂ 'ਕਾਂਸ਼ੀ ਬਾਬੇ' ਤੱਕ ਪਹੁੰਚਣ ਦੀ ਪ੍ਰਕਿਰਿਆ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਹ ਨਿਰਾ ਸਾਧਨ ਵੰਤ/ਸ਼ੋਸ਼ਨ ਧਿਰ ਵੱਲੋਂ ਸਾਧਨਹੀਣ/ਸ਼ੋਸ਼ਿਤ ਧਿਰ ਦੇ ਕੀਤੇ ਗਏ ਆਰਥਿਕ, ਸਮਾਜਿਕ, ਭਾਵੁਕ, ਕਾਮੁਕ, ਸ਼ੋਸ਼ਣ ਦਾ ਮਸਲਾ ਨਹੀਂ ਸਗੋਂ ਇਸ ਵਿਚ ਇਸ ਪਾਤਰ ਦੀ ਸਰੀਰਕ 'ਲੋੜ' ਤੇ 'ਮਰਜੀ' ਵੀ ਸ਼ਾਮਿਲ ਹੈ ਜੋ ਹੌਲੀ-ਹੌਲੀ 'ਆਦਤ' ਵਿਚ ਬਦਲ ਜਾਂਦੀ ਹੈ। ਸਾਡੇ ਸਮਾਜ ਵਿਚ ਸਦਾਚਾਰਕਤਾ/ਨੈਤਿਕਤਾ ਦੇ ਮਾਪਦੰਡਾਂ ਨੂੰ ਰੂੜ੍ਹ ਹੋ ਚੁੱਕੇ ਸਮਾਜ-ਸੂਤਰਾਂ ਦੇ ਆਧਾਰ 'ਤੇ ਨਿਰਪੇਖ ਰੂਪ ਵਿਚ ਲਾਗੂ ਕੀਤਾ ਜਾਂਦਾ ਹੈ ਜਦਕਿ ਇਸ ਨੂੰ ਵਸਤੂ-ਸਥਿਤੀ ਦੇ ਯਥਾਰਥ ਅਤੇ ਇਸ ਦੇ ਅੰਤਰਗਤ ਪ੍ਰਾਪਤ ਆਪਸ਼ਨਾਂ ਦੇ ਸੰਦਰਭ ਵਿਚ ਬਹੁਤ ਘੱਟ ਵਿਚਾਰਿਆ ਜਾਂਦਾ ਹੈ। ਰਸੂਲਪੁਰੀ ਨਿਰਪੇਖ ਸਦਾਚਾਰਕਤਾ ਦੇ ਆਦਰਸ਼ਕ ਮਾਡਲ-ਸੂਤਰ ਦੀ ਨਿਰਾਰਥਕਤਾ ਨੂੰ ਵਿਹਾਰਕ ਜੀਵਨ ਦੇ ਕਰੂਰ ਯਥਾਰਥ ਦੇ ਪ੍ਰਸੰਗ ਵਿਚ ਕਲਾਤਮਿਕਤਾ ਨਾਲ ਉਭਾਰਦਾ ਹੈ। ਇਹੀ ਗੱਲ 'ਕੀੜਾ' ਕਹਾਣੀ ਦੇ ਪ੍ਰਸੰਗ ਵਿਚ ਵੀ ਕਹੀ ਜਾ ਸਕਦੀ ਹੈ। ਇਸ ਕਹਾਣੀ ਦੀ ਬਿਰਤਾਂਤ ਉਸਾਰੀ ਦੇ ਕੇਂਦਰ ਵਿਚ ਲੰਮਾਂ ਸਮਾਂ ਔਰਤ ਦੇ ਸਾਥ ਦੀ ਅਣਹੋਂਦ ਵਿਚ ਰਹਿਣ ਵਾਲੇ ਵਿਅਕਤੀ ਦੇ ਮਨ ਵਿਚ ਪੈਦਾ ਹੁੰਦੀ ਇਕ ਅਜਿਹੀ ਆਂਤਰਿਕ ਗੁੰਝਲ ਹੈ ਜੋ ਅਖੀਰ ਇਕ ਵਿਕਰਾਲ ਸਮੱਸਿਆ ਦਾ ਰੂਪ ਧਾਰ ਕੇ ਉਸ ਦੇ ਘਰ ਵਾਲੀ ਤੇ ਬੱਚਿਆਂ ਪ੍ਰਤੀ ਪੈਦਾ ਹੁੰਦੇ ਹਿੰਸਕ ਵਤੀਰੇ ਰਾਹੀਂ ਸਾਹਮਣੇ ਆਉਂਦੀ ਹੈ। ਅਰਬ ਦੇਸ਼ ਵਿਚ ਲੰਮਾਂ ਸਮਾਂ ਤੀਵੀਂ ਦੇ ਸਾਥ ਤੋਂ ਵਿਰਵੇ ਰਹੇ ਰੌਸ਼ਨ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ ਜਿਸ ਕਾਰਨ ਉਹ ਘਰਵਾਲੀ, ਭਰਜਾਈ ਤੇ ਬੱਚਿਆਂ ਉੱਤੇ ਹੀ ਕਾਮੁਕ ਹਮਲੇ ਨਹੀਂ ਕਰਦਾ ਸਗੋਂ ਮਾਂ-ਪਿਓ ਨੂੰ ਵੀ ਅਬਾ-ਤਬਾ ਬੋਲਦਾ ਹੈ। ਸਾਮਾਨਯ ਦ੍ਰਿਸ਼ਟੀ ਤੋਂ ਉਸ ਦਾ ਅਜਿਹਾ ਵਤੀਰਾ ਬਹੁਤ ਅਨੈਤਿਕ ਤੇ ਸਦਾਚਾਰ ਤੋਂ ਗਿਰਿਆ ਹੋਇਆ ਜਾਪਦਾ ਹੈ ਪਰੰਤੂ ਜਦੋਂ ਅਸੀਂ ਇਸ ਦੇ ਪਿਛੋਕੜ ਵਿਚ ਕਾਰਜਸ਼ੀਲ ਵਸਤੂ-ਪ੍ਰੇਰਕਾਂ/ਕਾਰਨਾਂ ਨੂੰ ਵੇਖਦੇ ਹਾਂ ਤਾਂ ਇਹ ਵਰਤਾਰਾ ਵਸਤੂ-ਸਥਿਤੀ ਦਾ ਬਹੁਤ ਸੁਭਾਵਿਕ ਪਰਿਣਾਮ ਬਣ ਕੇ ਆਪਣੀ ਹੀ ਤਾਰਕਿਕਤਾ ਦਾ ਵਿਵੇਕ ਸਿਰਜਦਾ ਹੈ। ਸਵਾਲ 'ਠੀਕ' ਜਾਂ 'ਗਲਤ' ਦਾ ਨਹੀਂ, ਅਜਿਹੇ ਪਾਤਰਾਂ ਦੀ ਮਾਨਸਿਕਤਾ ਨੂੰ ਸਮਝਣ ਦਾ ਹੈ। ਰੌਸ਼ਨ ਵੱਲੋਂ 'ਘੜੀ ਦੀ ਵਾਇਰਲੈਸ' ਤੋਂ ਤੀਮੀਆਂ ਦੀਆਂ ਖ਼ਬਰਾਂ ਸੁਣਾਉਣਾ, ਘਰਵਾਲੀ ਦੇ ਸਰੀਰ 'ਤੇ ਨਹੁੰਦਰਾਂ/ਚੱਕ ਮਾਰਨਾ, ਭਰਜਾਈ ਫੜਨ ਪੈਣਾ, ਬੱਚਿਆਂ ਵੱਲੋਂ ਡਰ ਕਾਰਨ ਰੌਸ਼ਨ ਕੋਲ ਨਾ ਆਉਣਾ, ਔਰਤ ਦੇ 'ਛੋਟੇ ਕੱਪੜੇ' ਜਾਂ ਸਲਵਾਰ ਦਾ ਲਮਕਦਾ ਨਾਲਾ ਵੇਖ ਕੇ ਅਸੰਤੁਲਿਤ ਹੋ ਜਾਣਾ, ਔਰਤਾਂ ਦੇ ਪਾਏ ਸੂਟ 'ਜ਼ਹਿਰ' ਲੱਗਣੇ ਆਦਿ ਗਲਪ-ਵੇਰਵੇ ਇਸ ਪਾਤਰ ਦੇ ਮਨੋ ਯਥਾਰਥ ਦੀ ਅੰਤਰੀਵ ਤਹਿ ਤੱਕ ਰਸਾਈ ਕਰਨ ਦੇ ਸਮਰੱਥ ਹਨ।

ਅਸਲ ਵਿਚ ਵਿਗਠਿਤ ਯਥਾਰਥ ਵਿਚ ਹਰ ਵਿਅਕਤੀ ਦੀ ਸੋਚ ਉਲਝੀ ਤੇ ਅਸਪੱਸ਼ਟ ਹੈ ਜਿਸ ਕਾਰਨ ਉਹ ਡੂੰਘੀ ਮਾਨਸਿਕ ਪੀੜਾ, ਕੁੰਠਾ ਤੇ ਸੰਤਾਪ ਨੂੰ ਹੰਢਾਉਂਦੀ ਹੈ। ਉਸ ਦੀ ਅਜਿਹੀ ਤ੍ਰਾਸਦਿਕ ਸਥਿਤੀ



ਲਈ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਇਤਿਹਾਸਕ, ਮਿਥਿਹਾਸਕ, ਸੱਭਿਆਚਾਰਕ, ਵਿਅਕਤੀਗਤ ਗੱਲ ਕੀ ਸਭ ਹੀ ਫੈਕਟਰ ਕਿਸੇ ਨਾ ਕਿਸੇ ਕਾਰਨ ਜ਼ਿੰਮੇਵਾਰ ਹਨ। ਵਿਅਕਤੀ ਦੀ ਦਵੰਦਪੂਰਨ ਤੇ ਤਰਲ ਮਾਨਸਿਕਤਾ ਵਿਚ ਇਹ ਸਭ ਕੁਝ ਉਲਝਿਆ ਪਿਆ ਹੈ। ਉਸ ਦੀ ਇਹ ਉਲਝਾਹਟ ਨਿਰੋਲ ਅਗਿਆਨਤਾ ਜਾਂ ਪਛੜੇਪਨ ਦੀ ਦੇਣ ਨਹੀਂ ਸਗੋਂ ਇਸ ਦੀ ਤਹਿ ਵਿਚ ਹੋਰ ਵੀ ਬਹੁਤ ਕੁਝ ਪਿਆ ਹੈ। ਕੇਵਲ ਸੱਤਾ-ਤੰਤਰ ਤੇ ਸਾਧਨਸ਼ੀਲ ਵਰਗ ਹੀ ਸਾਧਨਹੀਣ ਲੋਕਾਂ ਦਾ ਸ਼ੋਸ਼ਣ ਨਹੀਂ ਕਰਦਾ ਸਗੋਂ ਇਹ ਪ੍ਰਕਿਰਿਆ ਤਾਂ ਘਰ ਵਿਚੋਂ ਹੀ ਸ਼ੁਰੂ ਹੋ ਜਾਂਦੀ ਹੈ। ਪਦਾਰਥਕ ਵਿਕਾਸ ਦੀ ਅੰਨ੍ਹੀ ਦੌੜ ਨੇ ਰਿਸ਼ਤਿਆਂ ਨਾਲੋਂ ਸਵਾਰਥ ਤੇ ਪੈਸੇ ਨੂੰ ਪ੍ਰਾਥਮਿਕ ਬਣਾ ਦਿੱਤਾ ਹੈ। ਮੌਕਾ ਮਿਲਣ 'ਤੇ ਭਰਾ, ਭਰਾ ਨੂੰ ਆਰਥਿਕ ਰਗੜਾ ਲਾਉਣ ਤੋਂ ਸੰਕੋਚ ਨਹੀਂ ਕਰਦਾ। 'ਪਿੰਜਰ' ਤੇ 'ਕਾਫਰ' ਕਹਾਣੀਆਂ ਵਰਤਮਾਨ ਜੀਵਨ ਸਾਰ ਦੇ ਇਸ ਸੱਚ ਨੂੰ ਉਘਾੜਨ ਵਾਲੀਆਂ ਕਿਰਤਾਂ ਹਨ। ਇਸ ਅਵਸਥਾ ਵਿਚ ਆਂਤਰਿਕ ਤਨਾਓ, ਦਵੰਦ ਤੇ ਪੀੜਾ ਦਾ ਸ਼ਿਕਾਰ ਮਨੁੱਖ ਧਰਮ-ਕਰਮ ਤੇ ਮਿਥਿਹਾਸ ਵਿਚੋਂ ਕਿਸੇ ਸੰਕਟ ਮੋਚਨ ਪਰਾ-ਸਰੀਰਕ ਸ਼ਕਤੀ ਦੀ ਆਸ ਕਰਦਾ ਹੈ। ਅਨਪੜ੍ਹ ਤੇ ਭੋਲਾ ਵਿਅਕਤੀ ਮਿੱਥਾਂ ਵਿਚ ਪ੍ਰਸਤੁਤ ਸੱਚ ਦੇ ਸਹਾਰੇ ਨਿਆਂ ਤੇ ਇਨਸਾਫ ਦੀ ਆਸ ਰੱਖਦਾ ਹੈ ਪ੍ਰੰਤੂ ਵਿਹਾਰਕ ਜੀਵਨ ਵਿਚ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਭਾਰੂ ਹੋਣ ਨਾਲ ਇਹ 'ਸੱਚ' ਅਪ੍ਰਸੰਗਕ ਤੇ ਖੋਖਲਾ ਹੋ ਕੇ ਰਹਿ ਗਿਆ ਹੈ। ਬਕੌਲ 'ਕਾਫਰ' ਕਹਾਣੀ ਦੇ ਪਾਤਰ ਸ਼ੇਰ ਸਿੰਘ ਦੀ ਜ਼ੁਬਾਨੀ:

*ਰੀਟਾ....ਆਪਣੇ ਮੰਦਰ ਦਾ ਪੰਡਤ ਦੱਸਦਾ ਹੁੰਦਾ, ਬਈ ਵਿਸ਼ਕਰਮਾ ਨੇ ਵੱਡੇ-ਵੱਡੇ ਦੇਵਤਿਆਂ ਵਾਸਤੇ ਵੱਡੇ-ਵੱਡੇ ਨਗਰ ਤਿਆਰ ਕੀਤੇ, ਕਹਿੰਦੇ ਸ਼ਿਵ ਜੀ ਲਈ ਕਾਂਸ਼ੀ...ਕੁਬੇਰ ਲਈ ਲੰਕਾ, ਵਿਸ਼ਨੂੰ ਲਈ ਜਗਨਾਥਪੁਰੀ ਤੇ ਇੰਦਰ ਲਈ ਵੀ ਕੋਈ ਚੀਜ਼ ਬਣਾਈ... ਫੇ ਉਨ੍ਹਾਂ ਲਈ ਹਥਿਆਰ ਬਣਾਏ....ਦੇਵਤਿਆਂ ਲਈ ਬਾਬੇ ਨੇ ਐਨਾ ਕੁਝ ਬਣਾਇਆ ਮੇਰੇ ਲਈ ਇਕ ਫੈਕਟਰੀ ਨ੍ਹੀਂ ਬਣਾ ਸਕਦਾ...ਸ਼ਾਇਦ ਬਣਾ ਹੀ ਦੇਵੇ....ਅਰਦਾਸ ਕਰਕੇ ਵੇਖ ਤਾਂ... (ਪੰਨਾ-46 )*

ਇਨ੍ਹਾਂ ਕਥਾਵਾਂ ਦੇ ਪਾਠ ਤੋਂ ਇਹ ਤੱਥ ਵੀ ਉਭਰਦਾ ਹੈ ਕਿ ਨੀਵੀਆਂ ਸ਼੍ਰੇਣੀਆਂ ਦੇ ਸ਼ੋਸ਼ਣ ਦਾ ਆਧਾਰ ਕੇਵਲ ਜਾਤਪਾਤੀ ਪ੍ਰਬੰਧ ਹੀ ਨਹੀਂ ਸਗੋਂ ਮੌਕਾ ਪੈਣ 'ਤੇ ਦਲਿਤ, ਦਲਿਤ ਨੂੰ ਲੁੱਟਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਸਾਧਨਸ਼ੀਲ ਵਿਅਕਤੀ ਭਾਵੇਂ ਨੀਵੀਂ ਸ਼੍ਰੇਣੀ ਦਾ ਹੀ ਹੋਵੇ, ਪੂੰਜੀ ਪ੍ਰਤੀ ਉਹ ਵੀ ਉਤਨੇ ਹੀ ਪ੍ਰਲੋਭਣ ਦਾ ਸ਼ਿਕਾਰ ਹੁੰਦਾ ਹੈ ਜਿੰਨਾ ਕਿ ਕੋਈ ਉੱਚੀ ਸ਼੍ਰੇਣੀ ਦਾ ਵਿਅਕਤੀ ਹੋ ਸਕਦਾ ਹੈ। ਨਿਮਨ ਸ਼੍ਰੇਣੀ ਦੇ ਵਿਅਕਤੀ ਦਾ ਜਮਾਤੀ ਦ੍ਰਿਸ਼ਟੀ ਤੋਂ ਜਿਉਂ ਹੀ ਕਾਇਆ ਕਲਪ (De Class) ਹੁੰਦਾ ਹੈ, ਉਹ ਸਾਰੇ ਲੋਟੂ ਹਥਿਆਰ ਵਰਤਣ ਲਈ ਤੱਤਪਰ ਹੋ ਜਾਂਦਾ ਹੈ ਜੋ ਕਦੇ ਉੱਚੀ ਜਾਤੀ ਦੇ ਲੋਕਾਂ ਵੱਲੋਂ ਉਸ ਦੇ ਖਿਲਾਫ ਵਰਤੇ ਗਏ ਸਨ। ਸਾਧਨਸ਼ੀਲ ਵਿਅਕਤੀ ਨੇ ਸਾਧਨਹੀਣ ਵਿਅਕਤੀ ਨੂੰ 'ਪਿੰਜਰ' ਬਣਾਉਣਾ ਈ ਬਣਾਉਣਾ ਹੈ। ਕਿਉਂਕਿ ਸ਼ੋਸ਼ਣਕਾਰੀ ਵਰਗ ਦਾ ਬੁਨਿਆਦੀ ਧਰਮ ਹੀ ਇਹ ਹੈ। ਇਸ ਦ੍ਰਿਸ਼ਟੀ ਤੋਂ 'ਪਿੰਜਰ' ਤੇ 'ਕਾਫਰ' ਕਹਾਣੀ ਤੋਂ ਇਲਾਵਾ 'ਚਾਨਣ ਦੀ ਲੀਕ' ਵਿਚ ਸ਼ਾਮਿਲ 'ਕੁਵੇਲੇ ਤੁਰਿਆ ਪਾਂਧੀ' ਵੀ ਵਿਚਾਰਨਯੋਗ ਹੈ। ਇਨ੍ਹਾਂ ਕਹਾਣੀਆਂ ਵਿਚ ਜਾਤੀ-ਚੇਤਨਾ, ਜਮਾਤੀ-ਚੇਤਨਾ ਨਾਲ ਇਕਸੁਰਤਾ ਵਾਲਾ ਸੰਬੰਧ ਸਥਾਪਿਤ ਕਰਨ ਦੀ ਦਿਸ਼ਾ ਵੱਲ ਅਗਰਸਰ ਹੁੰਦੀ ਹੈ। ਇਉਂ ਭਗਵੰਤ ਰਸੂਲਪੁਰੀ ਦੇ ਕਥਾ-ਪਾਠ ਵਿਚ ਕਾਰਜਸ਼ੀਲ ਦਲਿਤ ਚੇਤਨਾ, ਜਾਤ ਨਾਲੋਂ ਜਮਾਤ ਉਤੇ ਵਧੇਰੇ ਆਸ਼ਰਿਤ ਪ੍ਰਤੀਤ ਹੁੰਦੀ ਹੈ। ਇਸੇ ਕਰਕੇ 'ਕੁਵੇਲੇ ਤੁਰਿਆ ਪਾਂਧੀ' ਦਾ ਇਕ ਪੀੜਤ ਪਾਤਰ ਇਹ ਕਹਿਣ ਲਈ ਮਜਬੂਰ ਹੁੰਦਾ ਹੈ:

*ਕੰਜਰ ਦੀ ਸਾਡੀ ਜਾਤ ਈ ਸਾਨੂੰ ਟਿਕਣ ਨਹੀਂ ਦਿੰਦੀ-ਬਾਕੀਆਂ ਨੇ ਤਾਂ ਕੀ ਟਿਕਣ ਦੇਣਾ-ਕੁੱਤਿਆਂ ਨੂੰ ਭੱਲ ਨੀ ਪਚੀ ਹੰਕਾਰ ਗਏ ਕੁੜੀ ਜਾਬੇ-ਭੁੱਲ ਗਏ ਕਿ ਅਸੀਂ ਵੀ ਕਦੇ ਮਰੇ ਕੱਟਿਆਂ ਦੀਆਂ ਪੂਛਾਂ ਖਿੱਚਦੇ ਹੁੰਦੇ ਸੀ। (ਪੰਨਾ-107)*

'ਵਿੱਥਾਂ ਦੇ ਆਰ-ਪਾਰ' ਕਥਾ ਵਿਚ ਲੇਖਕ 'ਲੁੱਟ' ਦੇ ਸੂਤਰ ਨੂੰ ਮਨੁੱਖ ਦੀ ਬੁਨਿਆਦੀ ਫਿਤਰਤ ਨਾਲ ਜੋੜ ਕੇ ਇਸ ਨੂੰ ਨਵੇਂ ਅਰਥ-ਵਿਸਤਾਰ ਦਿੰਦਾ ਹੈ। ਲੁੱਟ ਦੀ ਭਾਵਨਾ ਦਾ ਮਾਨਵੀ ਬਿਰਤੀ ਦਾ ਹਿੱਸਾ ਬਣ ਕੇ ਸਮੂਹਕ ਪ੍ਰਵਾਨਗੀ ਹਾਸਿਲ ਕਰਨ ਦੇ ਰੁਝਾਨ ਨੂੰ ਬੜ੍ਹਾਵਾ ਦੇਣ ਵਿਚ ਲੋਕਤੰਤਰੀ ਮਾਡਲ ਦੀ ਵਿਫਲਤਾ ਤੇ ਭ੍ਰਿਸ਼ਟ ਰਾਜਨੀਤੀ ਵੀ ਆਪਣਾ ਪੂਰਾ ਯੋਗਦਾਨ ਪਾਉਂਦੀ ਹੈ। ਇਹ ਭਾਵਨਾ ਸਾਡੇ ਸੱਭਿਆਚਾਰ ਵਿਚ ਇਕ ਤਰ੍ਹਾਂ ਰਚਦੀ-ਮਿਚਦੀ ਜਾ ਰਹੀ ਹੈ। ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਾਧਨਵੰਤ ਵਿਅਕਤੀ ਦੀ ਲੁੱਟ ਹਮੇਸ਼ਾ ਪਰਦੇ ਥੱਲੇ ਕੱਜੀ ਰਹਿੰਦੀ ਹੈ ਜਦਕਿ ਮਜ਼ਦੂਰ ਸ਼੍ਰੇਣੀ ਫੜੇ ਜਾਣ 'ਤੇ ਤੁਹਮਤਬਾਜ਼ੀ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਕਹਾਣੀ ਵਿਚ ਕਿਸਾਨ, ਖੇਤ-ਮਜ਼ਦੂਰਾਂ, ਨੂੰ ਅਤੇ ਖੇਤ-ਮਜ਼ਦੂਰ ਕਿਸਾਨਾਂ ਨੂੰ ਲੁੱਟਣ ਲਈ ਆਪਣੇ-ਆਪਣੇ ਤਰੀਕੇ ਨਾਲ ਕਿਰਿਆਸ਼ੀਲ ਹਨ। ਕਣਕ ਦੀ ਵਾਢੀ ਵੇਲੇ ਮਿਹਨਤ ਦੇਣ ਮੌਕੇ ਜੇ ਕਿਸਾਨ ਡੂਢ ਖੇਤ

ਨੂੰ ਇਕ ਬਣਾਉਂਦੇ ਜਾਂ 18 ਮਗਰ ਇਕ ਭਰੀ ਦਿੰਦੇ ਹਨ ਤਾਂ ਖੇਤ ਮਜ਼ਦੂਰ ਵੀ ਦਾਅ ਲੱਗੇ ਤੋਂ ਘੱਟ ਨਹੀਂ ਕਰਦੇ। ਉਹ ਆਪਣੇ ਲਿਜਾਣ ਲਈ ਭਾਰੀਆਂ ਭਰੀਆਂ ਪਾਉਂਦੇ ਹਨ, ਹੇਰਾਫੇਰੀ ਨਾਲ ਮਿਹਨਤ ਤੋਂ ਵਾਧੂ ਭਰੀਆਂ ਵੀ ਚੁੱਕਦੇ ਹਨ ਅਤੇ ਛਿੱਟੇ ਤੋੜ ਕੇ ਘਾਹ ਵਾਲੀ ਗੱਠੜੀ ’ਚ ਲੁਕਾਉਂਦੇ ਹਨ। ਖੇਤ-ਮਜ਼ਦੂਰ ਧਿਰ ਦੇ ਨੁਮਾਇੰਦੇ ‘ਰੱਖੇ’ ਦਾ ਇਹ ਕਥਨ ਅਰਥਪੂਰਨ ਹੈ ਕਿ :

*ਲੁੱਟ ਲਓ ਸਹੁਰੀ ਦਿਆ ਨੂੰ, ਜਿੰਨਾ ਲੁੱਟ ਹੁੰਦਾ, ਅੱਜ-ਕੱਲ੍ਹ ਲੁੱਟ ਮਚੀ ਪਈ ਆ, ਚਾਰੇ ਪਾਸੇ....ਲੀਡਰ ਦੇਸ਼ ਲੁੱਟੀ ਜਾ ਰਹੇ ਆ....ਤੁਸੀਂ ਚਾਰ ਮਾਣ ਦਾਣੇ ਈ ਲੁੱਟ ਲਓ*

ਰਸੂਲਪੁਰੀ ਕੇਵਲ ਖੇਤ-ਮਜ਼ਦੂਰਾਂ ਦੇ ਕਠੋਰ ਜੀਵਨ-ਸੰਘਰਸ਼ ਅਤੇ ਇਸ ਦੇ ਫਲਸਰੂਪ ਉਭਰਦੀਆਂ ਮਾਨਸਿਕ-ਸਮਾਜਿਕ ਸੰਰਚਨਾਵਾਂ ਨੂੰ ਹੀ ਫੋਕਸ ਵਿਚ ਨਹੀਂ ਲਿਆਉਂਦਾ ਸਗੋਂ ਉਹ ਮੱਧ ਵਰਗ ਦੇ ਦੁਫੇੜ ਪੂਰਨ ਵਤੀਰੇ ਅਤੇ ਸੁਪਨਈ ਭ੍ਰਾਂਤੀਆਂ ਉਤੇ ਉਸਰੀ ਜੀਵਨ ਜਾਚ ਦੇ ਵਿਵੇਕ ਨੂੰ ਵੀ ਉਜਾਗਰ ਕਰਦਾ ਹੈ। ਮੱਧ ਵਰਗ ਦਾ ਇਹ ਦੁਫੇੜਪੂਰਨ ਵਤੀਰਾ ‘ਇੰਦੂਮਣੀ’ ਕਹਾਣੀ ਵਿਚ ‘ਕਥਨ’ ਤੇ ‘ਅਮਲ’ ਦੇ ਵਿਰੋਧ ਬਿੰਦੂ ਤੋਂ ਆਪਣੀ ਅਰਥਸ਼ੀਲਤਾ ਗ੍ਰਹਿਣ ਕਰਦਾ ਹੈ। ਇਕ ਪਾਸੇ ਤਾਂ ਇੰਦੂ ਆਪਣੇ ਪ੍ਰੇਮੀ ਅਮਰ ਨੂੰ (ਅਮਰ ਵੀ ਇੰਦੂ ਨੂੰ) ਏਨਾ ਚਾਹੁੰਦੀ ਹੈ ਕਿ ਵਿਆਹ ਤੋਂ ਪਹਿਲਾਂ ਹੋਣ ਵਾਲੇ ਬੱਚਿਆਂ ਦੇ ਨਾਂ ਵੀ ਸੋਚ ਲਏ ਜਾਂਦੇ ਹਨ ਪਰ ਜਦੋਂ ਵਿਆਹ ਦਾ ਮੌਕਾ ਆਉਂਦਾ ਹੈ ਤਾਂ ਮਾਪਿਆਂ ਸਾਹਮਣੇ ਆਪਣੀ ਇੱਛਾ ਪ੍ਰਗਟ ਕਰਨ ਦਾ ਸਾਹਸ ਨਹੀਂ ਜੁਟਾ ਪਾਉਂਦੀ। ਵਿਆਹ ਤੋਂ ਬਾਅਦ ਨਾ ਤਾਂ ਉਹ ਰਜੇਸ਼ ਨੂੰ ਸਵੀਕਾਰ ਕਰ ਪਾਉਂਦੀ ਹੈ ਅਤੇ ਨਾ ਹੀ ਰਜੇਸ਼ ਉਸ ਨੂੰ ਦਿਲੋਂ ਚਾਹੁੰਦਾ ਹੈ। ਤਲਾਕ ਹੋਣ ਉਪਰੰਤ ਉਹ ਇਸ ਭ੍ਰਾਂਤੀ ਵੱਸ ਅਮਰ ਕੋਲ ਚਲੇ ਜਾਂਦੀ ਹੈ ਕਿ ਉਹ ਹੁਣ ਵੀ ਉਸ ਨੂੰ ਸਵੀਕਾਰ ਕਰਕੇ ‘ਇੰਦੂ’ ਤੋਂ ‘ਇੰਦੂਮਣੀ’ ਬਣਾ ਦੇਵੇਗਾ ਪਰ ਅਜਿਹਾ ਸੰਭਵ ਨਹੀਂ ਹੁੰਦਾ। ਇੰਦੂ ਦੀ ਡਰੂ ਮਾਨਸਿਕਤਾ ਵਿਕਸਤ ਹੋਣ ਦਾ ਕਾਰਨ ਬਚਪਨ ਵਿਚ ਮਾਂ ਵੱਲੋਂ ਭੂਤਾਂ ਪ੍ਰੇਤਾਂ ਦੀਆਂ ਸੁਣਾਈਆਂ ਕਹਾਣੀਆਂ ਹਨ। ਇਉਂ ਆਪਣੀ ਹੀ ਸਵੈ-ਸਿਰਜਤ ਸਮੱਸਿਆ ਦੀ ਸ਼ਿਕਾਰ ਇਹ ਪਾਤਰ ਅੰਤ ਵਿਚ ਅਰਧ ਬੇਹੋਸ਼ੀ ਦੀ ਹਾਲਤ ਵਿਚ ਚੀਕਾਂ ਮਾਰਦੀ ਹੈ।

‘ਮੈਂ, ਸ਼ੈਤਾਨ ਤੇ ਇੰਦੂਮਣੀ’ ਪੁਸਤਕ ਦਾ ਕਥਾ-ਬਿਰਤਾਂਤ ਮੁੱਖ ਤੌਰ ’ਤੇ ਉਤਮ ਪੁਰਖੀ ਬਿਰਤਾਂਤ ਉਤੇ ਟੇਕ ਰੱਖਦਾ ਹੈ। ਭਾਵੇਂ ਕਿ ਅਨਯ ਪੁਰਖ ਬਿਰਤਾਂਤ-ਜੁਗਤ ਦੀ ਵਰਤੋਂ ਵੀ ਕੁਝ ਕਹਾਣੀਆਂ ਵਿਚ ਕੀਤੀ ਗਈ ਹੈ। ਉਤਮ ਪੁਰਖੀ ਬਿਰਤਾਂਤ ਵਿਚ ਮੈਂ ਮੂਲਕ ਪਾਤਰ ਦੀ ਸਿਰਜਨਾ ਰਾਹੀਂ ਵਸਤੂ-ਸਥਿਤੀ ਦਾ ਸੰਕਟ ਅਤੇ ਪਾਤਰਾਂ ਦੀ ਜਟਿਲ ਮਾਨਸਿਕਤਾ ਨੂੰ ਉਭਾਰਨ ਵਿਚ ਵਿਸ਼ੇਸ਼ ਮਦਦ ਮਿਲਦੀ ਹੈ ਜਿਸ ਕਰਕੇ ਕਥਾਕਾਰ ਬਦਲਵੇਂ ਤੇ ਬਹੁਪਰਤੀ ਫੋਕਸੀਕਰਨ ਦੀਆਂ ਵਿਧੀਆਂ ਨੂੰ ਵੀ ਪ੍ਰਯੋਗ ਵਿਚ ਲਿਆਉਂਦਾ ਹੈ। ਅਜਿਹਾ ਕਰਦਿਆਂ ਹੋਇਆਂ ਕਈ ਵਾਰ ਕਥਾਕਾਰ ‘ਮੈਂ ਮੂਲਕ ਪਾਤਰ’ ਨਾਲ ਇਕਮਿਕਤਾ ਵਾਲਾ ਸੰਬੰਧ ਵੀ ਸਥਾਪਿਤ ਕਰਨ ਲੱਗਦਾ ਹੈ ਜੋ ਰਚਨਾ ਦੀ ਤਾਕਤ ਬਣਨ ਦੀ ਥਾਂ ਕਮਜ਼ੋਰੀ ਬਣ ਜਾਂਦਾ ਹੈ। ਭਗਵੰਤ ਨੇ ਅਰਧ ਪਾਗਲ/ਨੀਮ ਪਾਗਲ ਤੇ ਅਰਧ ਚੇਤਨ ਅਵਸਥਾ ਵਿਚ ਵਿਚਰਨ ਵਾਲੇ ਪਾਤਰਾਂ ਦੀ ਸਿਰਜਣਾ ਰਾਹੀਂ ਯਥਾਰਥ ਦੇ ਤਨਾਓਸ਼ੀਲ ਤੇ ਖੌਫ਼ਨਾਕ ਸਰੂਪ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਘੱਟ ਜਾਂ ਵੱਧ, ਤਕਰੀਬਨ ਹਰ ਕਹਾਣੀ ਵਿਚ ਹੀ ਅਜਿਹੇ ਪਾਤਰਾਂ ਦੀ ਕਾਰਜਸ਼ੀਲਤਾ ਦੇਖੀ ਜਾ ਸਕਦੀ ਹੈ ਪ੍ਰੰਤੂ ‘ਕਸੂਰਵਾਰ’ ਤੇ ‘ਕੀੜਾ’ ਕਹਾਣੀਆਂ ਤਾਂ ਖਾਸ ਤੌਰ ’ਤੇ ਉਲੇਖਨੀਯ ਹਨ। ਕਈ ਵਾਰ ਇਨ੍ਹਾਂ ਪਾਤਰਾਂ ਦੀ ਕਾਰਜਸ਼ੀਲਤਾ ਸਹਿਜ ਤੇ ਨਿਰਉਚੇਚ ਰਹਿਣ ਦੀ ਬਜਾਇ ਉਚੇਚੀ ਤੇ ਆਰੋਪਿਤ ਵੀ ਲੱਗਣ ਲੱਗਦੀ ਹੈ। ਵੈਸੇ ਇਸ ਜੁਗਤ ਦੀ ਉਤਕ੍ਰਿਸਟ ਵਰਤੋਂ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਲੇਖਕ ਡੂੰਘੇ ਪ੍ਰਤੀਕਾਂ ਤੇ ਰੂਪਕਾਂ ਦੀ ਵਰਤੋਂ ਰਾਹੀਂ ਵਸਤੂ-ਯਥਾਰਥ ਦੀ ਬਹੁਪੱਖੀ, ਬਹੁਪਾਸਾਰੀ ਤੇ ਬਹੁਪਰਤੀ ਹੋਂਦ ਨੂੰ ਨਿਹਾਰਨ ਲੱਗਦਾ ਹੈ। ‘ਕਸੂਰਵਾਰ’, ‘ਕੀੜਾ’, ‘ਸ਼ੈਤਾਨ’, ‘ਪਿੰਜਰ’ ਤੇ ‘ਕਾਫਰ’ ਕਹਾਣੀਆਂ ਵਿਚ ਅਜਿਹੇ ਪ੍ਰਤੀਕਾਂ/ਰੂਪਕਾਂ ਦੀ ਭਰਮਾਰ ਹੈ। ਤਕਰੀਬਨ ਸਾਰੀਆਂ ਕਹਾਣੀਆਂ ਦੇ ਨਾਂ ਡੂੰਘੇ ਪ੍ਰਤੀਕਾਤਮਕ ਚਿੰਨ੍ਹਾਤਮਕ ਅਰਥਾਂ ਵਾਲੇ ਹਨ। ਇਹ ਪ੍ਰਤੀਕ/ਚਿੰਨ੍ਹ ਕਾਮ-ਸੰਬੰਧਾਂ ਦੇ ਬਿਆਨ ਵੇਲੇ ਬਹੁਤ ਮੁੱਲਵਾਨ ਸਾਬਤ ਹੋਏ ਹਨ। ‘ਕਸੂਰਵਾਰ’ ਤੇ ‘ਜਨੇਊ’ ਕਥਾਵਾਂ ਵਿਚ ਜਾਨਵਰਾਂ ਦੇ ਪ੍ਰਤੀਕ/ਰੂਪਕਾਂ ਰਾਹੀਂ ਪੀੜਤ ਪਾਤਰਾਂ ਦੀ ਮਨੋ ਅਵਸਥਾ ਨੂੰ ਉਘਾੜਨ ਦੀ ਚੰਗੀ ਕੋਸ਼ਿਸ਼ ਕੀਤੀ ਗਈ ਹੈ ਪਰ ਕਦੇ-ਕਦੇ ਅਜਿਹੇ ਪ੍ਰਤੀਕਾਂ/ਰੂਪਕਾਂ ਦੀ ਬਹੁਲਤਾ ਕਾਰਨ ਅਮੂਰਤੀਕਰਨ ਦੀ ਸਮੱਸਿਆ ਪੈਦਾ ਹੋ ਕੇ ਪਾਠ ਦੀ ਸੰਚਾਰਯੋਗਤਾ ਨੂੰ ਸੱਟ ਵੱਜਣ ਦੀ ਸੰਭਾਵਨਾ ਵੀ ਬਣ ਜਾਂਦੀ ਹੈ। ਇਸ ਪ੍ਰਸੰਗ ਵਿਚ ਮਿਥ-ਰੂਪਾਂਤਰਣ ਦੀ ਜੁਗਤ ਦਾ ਉਲੇਖ ਵੀ ਉਚਿਤ ਹੈ। ਆਪਣੇ ਕੁਝ ਦੂਸਰੇ ਸਮਕਾਲੀ ਕਥਾਕਾਰਾਂ ਵਾਂਗ ਭਗਵੰਤ ਰਸੂਲਪੁਰੀ ਵੀ ਮੁੱਖ ਟੈਕਸਟ ਦੇ ਥੀਮਕ ਸਾਰ ਦੀ ਪੁਸ਼ਟੀ ਹਿਤ ਜਾਂ ਇਸ ਟੈਕਸਟ ਦੇ ਅਰਥਾਂ ਨੂੰ ਗਾੜ੍ਹਾ ਤੇ ਮੰਨਣਯੋਗ ਬਣਾਉਣ ਲਈ ਮਿਥ-ਕਥਾ ਦੀ ਸਮਾਨੰਤਰ ਟੈਕਸਟ ਦੀ ਸਿਰਜਣਾ ਕਰਦਾ ਹੈ। ‘ਕਾਫਰ’ ਤੇ



‘ਇੰਦੂਮਣੀ’ ਕਥਾਵਾਂ ਵਿਚ ਉਹ ਇਸ ਜੁਗਤ ਦਾ ਵਿਆਪਕ ਪ੍ਰਯੋਗ ਕਰਦਾ ਹੈ। ‘ਇੰਦੂਮਣੀ’ ਕਹਾਣੀ ਦੇ ਅੰਤ ਤੇ ‘ਮਿਥ’ ਦੇ ਸੰਕੇਤ ਅਰਥਾਂ ਨੂੰ ਸਮਝਣ ਲਈ ਪਾਠਕ ਗੋਚਰੇ ਛੱਡਣ ਦੀ ਥਾਂ ਉਹ ਇਸ ਦੀ ਵਿਆਖਿਆ ਕਰਨ ਵੱਲ ਰੁਚਿਤ ਹੋ ਜਾਂਦਾ ਹੈ ਜਿਸ ਕਾਰਨ ਗਲਪ-ਬਿੰਬ ਦਾ ਪ੍ਰਭਾਵ ਕੁਝ ਪੇਤਲਾ ਵੀ ਹੋਣ ਲਗਦਾ ਹੈ। ਪਿੱਛੇ ਜਿਹੇ ਆਪਣੀ ਨਵੀਂ ਛਪੀ ਕਹਾਣੀ ‘ਖੋਜ’ ਵਿਚ ਡਾਇਰੀ-ਜੁਗਤ ਦੀ ਕਲਾਤਮਿਕ ਵਰਤੋਂ ਕੀਤੀ ਮਿਲਦੀ ਹੈ।

ਭਗਵੰਤ ਰਸੂਲਪੁਰੀ ਵਸਤੂ-ਸਥਿਤੀ ਦੇ ਸੰਕਟ ਦਾ ਬਹੁਪੱਖੀ/ਬਹੁਪਾਸਾਰੀ ਚਿਤਰਨ ਕਰਦਿਆਂ ਹੋਇਆਂ ਅੰਤਰਮੁਖੀ ਤੇ ਬਾਹਰਮੁਖੀ ਪ੍ਰਸਥਿਤੀਆਂ ਦਰਮਿਆਨ ਇਕ ਨਿਸ਼ਚਤ ਸੰਤੁਲਨ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਉਹ ਪਾਤਰਾਂ ਦੀ ਜਟਿਲ ਮਾਨਸਿਕਤਾ ਦੇ ਪਿਛੋਕੜ ਵਿਚ ਕਾਰਜਸ਼ੀਲ ਬਾਹਰਵਰਤੀ ਪ੍ਰਸਥਿਤੀਆਂ ਤੇ ਪ੍ਰੇਰਕਾਂ ਨੂੰ ਉਨ੍ਹਾਂ ਦੇ ਸਾਂਸਕ੍ਰਿਤਕ ਸੰਦਰਭ ਵਿਚ ਗ੍ਰਹਿਣ ਕਰਨ ਦੇ ਮਾਮਲੇ ਵਿਚ ਚੰਗੀ ਕਲਾਤਮਿਕ ਸਮਰੱਥਾ ਦਾ ਸਬੂਤ ਦਿੰਦਾ ਹੈ। ਵਿਆਪਕ ਯਥਾਰਥ ਦੀ ਗਤੀਸ਼ੀਲ ਪ੍ਰਕਿਰਿਆ ਦੇ ਅਦਭੁਤੀ ਸੁਭਾਅ ਨੂੰ ਵੇਖ ਕੇ ਉਸ ਦੀ ਕਲਾਕਾਰੀ ਨੀਝ ਕਦੇ ਇਸ ਵਿਚ ਏਨੀ ਖਚਿਤ ਹੋ ਜਾਂਦੀ ਹੈ ਕਿ ਉਹ ਵਸਤੂ-ਸਥਿਤੀ ਦੀ ਰਚਨਾਤਮਿਕ ਤਰਕਸ਼ੀਲਤਾ ਸਿਰਜਣ ਦੇ ਮਾਮਲੇ ਵਿਚ ਕਿਤੇ ਕੁਝ ਉਕ ਵੀ ਜਾਂਦਾ ਹੈ। ਇਸ ਦੀ ਵਜ੍ਹਾ ਪਾਠ ਵਿਚ ਪ੍ਰਸਤੁਤ ਵਸਤੂ-ਵੇਰਵਿਆਂ ਨੂੰ ਕੋਈ ਚਿੰਤਨੀ ਆਧਾਰ ਨਾ ਦੇ ਸਕਣ ਵਿਚ ਹੈ। ਨਵੇਂ ਗਲਪ ਵਿਚ ਅਜਿਹੇ ਚਿੰਤਨ ਦਾ ਇਕ ਚੰਗਾ ਰੁਝਾਨ ਸਾਹਮਣੇ ਆ ਰਿਹਾ ਹੈ ਜੋ ਅਨੁਸਰਨ ਕਰਨਯੋਗ ਹੈ। ਜਿਸ ਤਰ੍ਹਾਂ ਦੀ ਅਨੁਭਵਗਤ ਪ੍ਰਮਾਣਿਕਤਾ ਦਾ ਇਕ ਅਮੁੱਲ ਖਜ਼ਾਨਾ ਉਸ ਨੂੰ ਪ੍ਰਾਪਤ ਹੈ, ਜੇ ਇਸ ਵਿਚ ਚਿੰਤਨਸ਼ੀਲ ਸੁਰ ਵੀ ਸ਼ਾਮਿਲ ਹੋ ਜਾਵੇ ਤਾਂ ਇਹ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋਵੇਗੀ। ਭਵਿੱਖ ਦੇ ਸੰਭਾਵੀ ਕਹਾਣੀ-ਨਕਸ਼ਾਂ ਨੂੰ ਰਸੂਲਪੁਰੀ ਵਰਗੇ ਕਥਾਕਾਰਾਂ ਦੀਆਂ ਰਚਨਾਵਾਂ ਵਿਚੋਂ ਹੀ ਕਿਆਸਿਆ ਜਾ ਸਕਦਾ ਹੈ।

## *ਦਲਿਤ ਸੱਭਿਆਚਾਰ ਦਾ ਦੁਖਾਂਤਕ ਬੋਧ : ਮੈਂ, ਸ਼ੈਤਾਨ ਤੇ ਇੰਦੂਮਣੀ*

ਡਾ: ਸੁਖਪਾਲ ਸਿੰਘ ਥਿੰਦ

ਪੰਜਾਬੀ ਕਹਾਣੀ ਵੈਸੇ ਤਾਂ ਆਪਣੇ ਮੁਢਲੇ ਸਫ਼ਰ ਤੋਂ ਹੀ ਵਸਤੂ ਯਥਾਰਥ ਦੇ ਨਵੇਂ-ਨਵੇਂ ਪਹਿਲੂਆਂ ਨੂੰ ਵਿਭਿੰਨ ਕੋਣਾਂ ਤੋਂ ਕਲਾਤਮਿਕ ਵਿਵੇਕ ਵਿਚ ਢਾਲਣ ਦਾ ਯਤਨ ਕਰਦੀ ਰਹੀ ਹੈ ਪ੍ਰੰਤੂ ਤੀਜੀ ਪੀੜ੍ਹੀ ਦੇ ਕਥਾਕਾਰਾਂ ਨੇ ਇਸ ਕਲਾਤਮਿਕ ਸਫ਼ਰ ਨੂੰ ਨਵੀਂ ਡੂੰਘਾਈ, ਉਚਿਆਈ ਅਤੇ ਵਿਸਥਾਰ ਪ੍ਰਦਾਨ ਕੀਤਾ ਹੈ। ਪੰਜਾਬੀ ਕਹਾਣੀ ਦੇ ਬਣੇ ਇਸ ਕਲਾਤਮਿਕ ਪੱਧਰ ਕਾਰਨ ਹੀ ਨਵੇਂ ਕਥਾਕਾਰਾਂ ਲਈ ਆਪਣੀ ਨਿਵੇਕਲੀ ਪਛਾਣ ਦਾ ਅਹਿਸਾਸ ਕਰਾਉਣਾ ਡਾਢ੍ਹਾ ਮੁਸ਼ਕਿਲ ਅਤੇ ਚੁਣੌਤੀ ਭਰਪੂਰ ਕਾਰਜ ਹੈ ਪਰ ਇਸ ਸਭ ਦੇ ਬਾਵਜੂਦ ਇਸ ਰਚਨਾਤਮਿਕ ਪ੍ਰਕਿਰਿਆ ਨੂੰ ਅਗਾਂਹ ਤੋਰਨ ਲਈ ਪਿਛਲੇ ਦਹਾਕੇ ਵਿਚ ਦੋ ਦਰਜ਼ਨ ਤੋਂ ਉੱਪਰ ਕਥਾਕਾਰ ਆਪਣੀਆਂ ਭਰਪੂਰ ਸਿਰਜਣਾਤਮਿਕ ਸੰਭਾਵਨਾਵਾਂ ਸਮੇਤ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਹੀ ਭਗਵੰਤ ਰਸੂਲਪੁਰੀ ਆਪਣੇ ਨਿਵੇਕਲੇ ਰਚਨਾਵੀ ਵਸਤੂ, ਵਿਧੀ ਅਤੇ ਕਥਾ-ਵਿਵੇਕ ਦੀ ਬਦੌਲਤ ਪੰਜਾਬੀ ਦੇ ਪ੍ਰੌੜ ਪਾਠਕਾਂ ਦਾ ਧਿਆਨ ਖਿੱਚਣ ਵਿਚ ਸਫਲ ਰਿਹਾ ਹੈ। ਕਿਤਾਬੀ ਰੂਪ ਵਿਚ ਛਪਣ ਤੋਂ ਪਹਿਲਾਂ ਵੱਖ-ਵੱਖ ਮਿਆਰੀ ਪੰਜਾਬੀ ਰਸਾਲਿਆਂ ਵਿਚ ਛਪੀਆਂ ਉਸ ਦੀਆਂ ਕਹਾਣੀਆਂ ਨੇ ਉਸ ਦਾ ਇਕ ਬਿੰਬ ਬਣਾਉਣਾ ਸ਼ੁਰੂ ਕਰ ਦਿੱਤਾ ਸੀ ਜੋ ਚਰਚਾ ਅਧੀਨ ਪੁਸਤਕ ‘ਮੈਂ, ਸ਼ੈਤਾਨ ਤੇ ਇੰਦੂਮਣੀ’ ਦੇ ਛਪਣ ਉਪਰੰਤ ਠੋਸ ਰੂਪ ਵਿਚ ਪ੍ਰਪੱਕ ਹੋਇਆ ਹੈ।

ਅਸਲ ਵਿਚ ਭਗਵੰਤ ਰਸੂਲਪੁਰੀ ਦਾ ਕਥਾ-ਸੰਸਾਰ ਕੋਈ ਅਸਲੋਂ ਨਿਵੇਕਲੀ ਕਥਾ-ਧਾਰਾ ਨਹੀਂ ਸਗੋਂ ਪੰਜਾਬੀ ਵਿਚ ਦੂਜੀ-ਤੀਜੀ ਪੀੜ੍ਹੀ ਦੇ ਕਥਾਕਾਰਾਂ ਨੇ ਰਚਨਾਵੀਂ ਧਰਾਤਲ ਤੇ ਉੱਸਰਿਆ ਇਕ ਅਗਲਾ ਨਵਾਂ ਵਿਸਥਾਰ ਹੈ। ਉਹ ਪੰਜਾਬੀ ਵਿਚ ਦਲਿਤ ਸਾਹਿਤ ਦੇ ਰਚਨਾਵੀਂ ਪ੍ਰਵਾਹ ਨੂੰ ਆਪਣੇ ਨਵੇਂ ਵਸਤੂ ਅਨੁਭਵ ਰਾਹੀਂ ਕੁਝ ਇਕ ਨਵੀਆਂ ਕਲਾਤਮਿਕ ਯੁਗਤਾਂ ਵਿਚ ਢਾਲ ਕੇ ਨਵੇਂ ਰਚਨਾਵੀਂ ਸੰਸਾਰ ਨੂੰ ਪਾਠਕਾਂ ਲਈ ਰੁਸ਼ਨਾ ਦਿੰਦਾ ਹੈ। ਉਸ ਦੇ ਕਥਾ-ਸੰਸਾਰ ਦੀਆਂ ਬਿਰਤਾਂਤਕ ਪਰਤਾਂ ਵਿਚ ਪਾਤਰਾਂ ਸੰਗ ਵਿਚਰਦਿਆਂ ਪਾਠਕ ਨੂੰ ਝੁਲਸਾ ਦੇਣ ਵਾਲਾ ਸੇਕ ਮਹਿਸੂਸ ਹੁੰਦਾ ਹੈ। ਮਨੁੱਖੀ ਰਹਿਤਲ ਦੇ ਹਾਸ਼ੀਏ ’ਤੇ ਵਿਚਰਦੇ ਉਸਦੇ ਪਾਤਰਾਂ ਦੀ ਸ਼ਰੀਰਕ, ਮਾਨਸਿਕ ਅਤੇ ਆਤਮਿਕ ਗਿਰਾਵਟ ਦੀ ਦੁਖਾਂਤਕਾਰੀ ਨੂੰ ਉਸ ਨੇ ਭਰਪੂਰਤਾ ਨਾਲ ਚਿਤਰਿਆ ਹੈ। ਪੀੜ੍ਹੀ ਦਰ ਪੀੜ੍ਹੀ ਨਿਰਮੋਹੀ, ਕਰੂਰ, ਜਮੂਦਮਈ ਸਥਿਤੀਆਂ ਦੀ ਜਕੜ ਨੂੰ ਮਾਨਸਿਕ ਤੇ ਸਰੀਰਕ ਰੂਪ ਵਿਚ ਸਹਿੰਦਿਆਂ ਇਹ ਪਾਤਰ ਸਿਰਫ ਜਿਊਣ ਲਈ ਰੀਂਗਦੀਆਂ ਹੋਂਦਾਂ

ਵਿਚ ਤਬਦੀਲ ਹੋਏ ਪਏ ਹਨ। ਗਹਿਰੇ ਹਨ੍ਹੇਰਿਆਂ ਵਿਚ ਗੁਆਚੇ ਤੇ ਕਾਲਖ ਭਰੇ ਇਨ੍ਹਾਂ ਦੇ ਅਤੀਤ ਨੇ ਇਨ੍ਹਾਂ ਵਿਚਲੀ 'ਮਨੁੱਖਤਾ' ਨੂੰ ਇਨ੍ਹਾਂ ਵਿਚੋਂ ਖਾਰਜ ਕਰਕੇ ਸਿਰ਼ਫ ਜਿਊਣ ਲਈ ਮਜਬੂਰ ਅਣਹੋਏ ਮਨੁੱਖਾਂ ਵਿਚ ਤਬਦੀਲ ਕਰ ਦਿੱਤਾ ਹੈ। ਭਗਵੰਤ ਰਸੂਲਪੁਰੀ ਦੀ ਇਸ ਸੰਬੰਧ ਵਿਚ ਵਿਸ਼ੇਸ਼ਤਾ ਹੈ ਕਿ ਉਹ ਜ਼ਿਆਦਾਤਰ ਇਨ੍ਹਾਂ ਸਮੁੱਚੀਆਂ ਪ੍ਰਸਥਿਤੀਆਂ ਦੀ ਜਕੜ ਤੇ ਜਮੂਦ ਨੂੰ ਸਿਰਜਦਿਆਂ ਹੀ ਆਪਣੇ ਰਚਨਾਵੀਂ ਕਰਮ ਦੇ ਰਸਤੇ ਤੁਰਦਾ ਹੈ। ਇਸ ਰਚਨਾਵੀਂ ਕਾਰਜ ਵਿਚੋਂ ਅਚੇਤੇ ਹੀ ਇਕ ਅਜਿਹਾ ਰਚਨਾਵੀਂ ਸੰਸਾਰ ਉੱਸਰਦਾ ਹੈ ਜਿਸ ਵਿਚੋਂ ਦਲਿਤ ਮਨੁੱਖਾਂ ਦੀ ਅੰਦਰਲੀ ਪੀੜ੍ਹ, ਤੜਫ, ਲਾਚਾਰੀ, ਕਰੂਰਤਾ, ਕੋਹਜ, ਸੋਹਜ ਅਤੇ ਸ਼ਕਤੀ ਦੀਆਂ ਸ਼ੋਆਂ ਮਿਲਦੀਆਂ ਹਨ। ਉਸ ਦੀ ਕਹਾਣੀ ਵਿਚ ਸਧਾਰਣ ਮਨੁੱਖ ਆਪਣੀ ਸਮੁੱਚੀ ਸਧਾਰਣਤਾ ਵਿਚ ਦਲਿਤ ਮਨੁੱਖ ਵਿਚ ਵੱਟਦਾ, ਟੁੱਟਦਾ ਆਪਣਾ ਦਲਿਤ ਸੱਭਿਆਚਾਰ ਉਸਾਰਦਾ ਹੈ। ਇਹ ਸੱਭਿਆਚਾਰ ਆਪਣੇ ਆਂਤਰਿਕ ਵਿਵੇਕ ਵਿਚ ਸਥਿਤੀਆਂ ਦੇ ਜਮੂਦਮਈ ਵਰਤਾਰੇ ਕਾਰਨ ਦੁਖਾਂਤਕ ਬੋਧ ਦਾ ਧਾਰਨੀ ਹੀ ਬਣਦਾ ਹੈ ਪ੍ਰੰਤੂ ਇਸ ਆਂਤਰਿਕ ਵਿਵੇਕ ਤੇ ਉੱਸਰਦੀ ਸੂਝ ਵਿਚੋਂ ਹੀ ਦਲਿਤ ਮਨੁੱਖ ਦੀ ਲਾਚਾਰ ਹੋਣੀ ਨੂੰ ਬਦਲਣ ਲਈ ਨਵੇਂ ਰਸਤਿਆਂ ਦੀ ਨਿਸ਼ਾਨਦੇਹੀ ਹੋਣੀ ਹੈ।

ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਕਸੂਰਵਾਰ' ਦਾ ਮੈਂ ਪਾਤਰ ਜੋ ਕਹਾਣੀ ਵਕਤਾ ਦੇ ਤੌਰ'ਤੇ ਵੀ ਹਾਜ਼ਰ ਹੈ, ਦੀ ਪਲ ਪ੍ਰਤੀ ਪਲ ਬਦਲਦੀ ਮਾਨਸਿਕਤਾ, ਉਸ ਦੇ ਅਚੇਤ ਅਤੇ ਅਰਥ ਅਚੇਤ ਮਨ ਦੇ ਘੁਲਦੇ ਮਿਲਦੇ ਕਰਮਾਂ ਅਤੇ ਇਸ ਦੇ ਫਲਸਰੂਪ ਉਪਜਦੇ ਪ੍ਰਤੀਕਰਮਾਂ ਦੁਆਲੇ ਉੱਸਰਦੀ ਹੈ। ਇਸ ਤਰਲ ਮਾਨਸਿਕਤਾ ਨੂੰ ਪਕੜਨ ਦੇ ਆਹਰ ਵਿਚ ਬਹੁਤ ਹੀ ਜਟਿਲ ਕਿਸਮ ਦੇ ਬਿਰਤਾਂਤ ਦੀ ਸਿਰਜਣਾ ਹੁੰਦੀ ਹੈ ਜੋ ਪਾਠਕ ਦਾ ਉਚੇਚਾ ਧਿਆਨ ਖਿੱਚਦਾ ਹੈ। ਕਤਲ ਦੇ ਜ਼ਾਵੀਏ ਤੋਂ ਸ਼ੁਰੂ ਹੋਈ ਕਹਾਣੀ ਵਿਚ ਬਿਰਤਾਂਤਕਾਰ ਥਾਂ ਪੁਰ ਥਾਂ ਅਤੀਤ ਵਿਚ ਹੋਏ ਗੁਨਾਹਾਂ ਲਈ ਪਸ਼ਚਾਤਾਪ **(Confession)** ਕਰਦੀ ਜਾਪਦੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਸ਼ਚਾਤਾਪ ਨਾਲ ਉਸ ਦੀ ਅੰਤਰ ਆਤਮਾ ਦੀ ਮੈਲ ਧੁਲਣ ਦੀ ਬਜਾਇ ਉਹ ਨਿਰੰਤਰ ਗੁਨਾਹ ਭਾਵਨਾ ਨਾਲ ਭਰਦੀ ਜਾਂਦੀ ਹੈ। ਸਥਿਤੀਆਂ ਦੇ ਬੰਧੇਜ ਅਤੇ ਜਮੂਦ ਦੀ ਵਿਕਰਾਲਤਾ ਇਸ ਕਦਰ ਹੈ ਕਿ ਜਿਉਂ-ਜਿਉਂ ਬਿਰਤਾਂਤ ਅਗਲੇ ਪੜਾਵਾਂ ਵੱਲ ਵੱਧਦਾ ਹੈ ਬਿਰਤਾਂਤਕਾਰਾ ਆਪਣੀ 'ਮੁਕਤੀ' ਦੀ ਤਲਾਸ਼ ਆਪਣੇ ਕਤਲ ਵਿਚ ਤਲਾਸ਼ਦੀ ਹੈ ਪਰ ਉਸ ਦੀ ਹੋਣੀ ਇਹ ਹੈ ਕਿ ਉਸ ਨੂੰ ਇਹ ਚਾਹ ਕੇ ਵੀ ਨਸੀਬ ਨਹੀਂ:

ਮੈਨੂੰ ਵੀ ਇੰਜ ਹੀ ਮਾਰ ਦੇਣਾ ਚਾਹੀਦਾ ਹੈ.... ਭਾਵੇਂ ਲੱਛੂ ਹੀ ਮਾਰ ਦਿੰਦਾ.... ਮਰ ਤਾਂ ਜਾਣਾ ਹੀ ਸੀ ਉਸ ਨੇ ਜਾਂ ਨਾਜਰ ਹੀ ਮੇਰੀ ਧੌਣ 'ਤੇ ਟੱਕ ਲਾ ਦਿੰਦਾ। ਆਪੇ ਹੀ ਪਿੰਡ ਵਾਲਿਆਂ ਨੇ ਬਚਾ ਲੈਣਾ ਸੀ। ਜਿਵੇਂ ਹੁਣ ਰੱਜੋ ਦੇ ਘਰ ਵਾਲੇ ਨੂੰ ਪਿੰਡ ਨੇ ਬਚਾ ਲੈਣਾ ਹੈ.... ਪਰ ਕੋਈ ਮਾਰਦਾ ਤਾਂ ਸਹੀ? (1)

ਵੈਸੇ ਉਹ ਮਾਨਸਿਕ ਤੌਰ ਉਤੇ ਨਿਰੰਤਰ ਕਤਲ ਹੁੰਦੀ ਹੈ। ਬਿਰਤਾਂਤ ਦੀਆਂ ਪਰਤਾਂ ਦੀ ਜਟਿਲਤਾ ਇਸ ਗੱਲ ਵਿਚ ਹੈ ਕਿ ਬਿਰਤਾਂਤਕਾਰਾ ਦੇ ਸਮੁੱਚੇ ਸੰਦਰਭ ਵਿਚੋਂ ਉਸ ਦੇ ਘਰ ਬਾਹਰੇ ਸਰੀਰਕ ਸੰਬੰਧਾਂ ਲਈ ਚਾਰ ਆਧਾਰ ਖਿੰਡਰੇ ਪਏ ਹਨ : ਪੇਟ ਦੀ ਭੁੱਖ, ਪੈਸੇ ਦਾ ਮੋਹ, ਰੂਹ ਦਾ ਰੋਗ ਜਾਂ ਕੋਈ ਆਦਤ। ਇਨ੍ਹਾਂ ਚੌਹਾਂ ਪਾਸਾਰਾਂ ਨੂੰ ਭਗਵੰਤ ਇਸ ਤਰ੍ਹਾਂ ਉਸਾਰਦਾ ਹੈ ਕਿ ਕੋਈ ਵੀ ਇਕ ਦੂਜੇ ਤੋਂ ਸੁਤੰਤਰ ਵਿਚਰਦਾ ਨਜ਼ਰ ਨਹੀਂ ਆਉਂਦਾ। ਰਚਨਾਵੀਂ ਵਸਤੂ ਵਜੋਂ ਪੇਟ ਦੀ ਭੁੱਖ ਨੂੰ ਉਸ ਨੇ ਸਰੀਰਕ ਭੁੱਖ ਨਾਲ ਇਵੇਂ ਇਕਮਿਕ ਕੀਤਾ ਹੈ ਕਿ ਹਰ ਪਹਿਲੂ ਦਾ ਆਪਣਾ ਰਚਨਾਵੀਂ ਵਿਵੇਕ ਉੱਸਰਦਾ ਨਜ਼ਰੀਂ ਪੈਂਦਾ ਹੈ ਪ੍ਰੰਤੂ ਅੰਤਿਮ ਤੌਰ ਉਤੇ ਭਗਵੰਤ ਰਸੂਲਪੁਰੀ ਦੀ ਰਚਨਾ ਦ੍ਰਿਸ਼ਟੀ ਆਪਣੇ ਕਥਾ-ਵਿਵੇਕ ਦੀ ਤਲਾਸ਼ ਵੇਲੇ ਪਾਠਕ ਸਾਹਮਣੇ ਸਾਰਾ ਸੰਸਾਰ ਦ੍ਰਿਸ਼ਟਮਾਨ ਕਰਕੇ ਇਹ ਭਾਵ ਉਪਜਾਉਂਦੀ ਹੈ ਕਿ ਬਿਰਤਾਂਤਕਾਰਾ ਦੀ ਆਰਥਿਕ ਥੁੜ੍ਹਾਂ ਮਾਰੀ ਸਥਿਤੀ ਹੀ ਮੁਢਲਾ ਪ੍ਰੇਰਕ ਹੈ। ਬਾਕੀ ਸਭ ਕਾਰਨ ਕਾਰਜ ਕਾਰਨ ਲੜੀ ਵਜੋਂ ਉਸ ਦਾ ਹੀ ਪ੍ਰਤੀਫਲ ਹਨ। ਪ੍ਰੰਤੂ ਇਹ ਕਥਾ-ਵਿਵੇਕ ਏਨਾ ਸਹਿਜਮਈ ਵੀ ਨਹੀਂ ਹੈ ਕਿਉਂਕਿ ਇਸ ਸਭ ਵਸਤੂ ਸਥਿਤੀ ਨੇ ਬਿਰਤਾਂਤਕਾਰਾ ਦੀ ਦਲਿਤ ਸੰਸਾਰ ਵਿਚ ਹੋਣੀ ਨਿਰਧਾਰਤ ਕਰਨੀ ਹੈ। ਉਸ ਦੇ ਆਸ-ਪਾਸ ਦੀ ਦਲਿਤ ਚੇਤਨਾ ਅਜੇ ਉਸ ਦੇ ਵਿਵੇਕ ਨਾਲ ਇਕਸੁਰ ਨਹੀਂ ਹੈ। ਇਸੇ ਕਾਰਨ ਹੀ ਉਸ ਦਾ ਗੁਨਾਹ ਭਾਵਨਾ ਨਾਲ ਭਰ ਜਾਣਾ ਅਤੇ ਨੀਮ ਪਾਗਲ ਹੋ ਜਾਣ ਦੀ ਪੱਧਰ ਤੱਕ ਪਹੁੰਚ ਜਾਣਾ ਸੁਭਾਵਿਕ ਹੈ। ਇਸ ਮਾਨਸਿਕ ਸਥਿਤੀ ਵਿਚੋਂ ਹੀ ਉਸ ਨੂੰ ਆਪਣੇ ਹਰ ਪਾਸੇ ਸਧਾਰਣ ਵਸਤੂਆਂ ਵਿਚੋਂ ਵੀ ਖੂਨ ਅਤੇ ਕਤਲ ਦਾ ਝਲਕਾਰਾ ਪੈਂਦਾ ਹੈ:

ਮੈਨੂੰ ਲਗਦਾ ਹੈ ਕਿ ਜਿਵੇਂ ਪਿਸ਼ਾਬ ਨਹੀਂ ਸਗੋਂ ਲਹੂ ਡੁੱਲ੍ਹਿਆ ਹੈ.... ਡੱਬਾ ਨਹੀਂ ਸਗੋਂ ਰੱਜੋ ਦਾ ਸਿਰ ਪਿਆ ਹੈ। ਧੜ ਨਾਲੋਂ ਵੱਢਿਆ ਹੋਇਆ। (2)



ਇਸ ਤਰ੍ਹਾਂ ਭਗਵੰਤ ਰਸੂਲਪੁਰੀ ਦਾ ਆਪਣੀ ਬਿਰਤਾਂਤਕਾਰੀ ਵਿਚ ਜ਼ਿਆਦਾ ਦਬਾਅ ਮੌਜੂਦਾ ਸਮਾਜ ਦੇ ਮਾਨਵ ਵਿਰੋਧੀ ਪ੍ਰਸੰਗਾਂ ਦੇ ਸੂਤਰਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਪ੍ਰਸਥਿਤੀਆਂ ਨੂੰ ਉਘਾੜਨ ਵਿਚ ਪੈਂਦਾ ਹੈ ਜੋ ਉਸ ਦੀ 'ਮਨੁੱਖਤਾ' ਨੂੰ ਖਾਰਜ ਕਰਕੇ ਉਸ ਨੂੰ 'ਦਲਿਤ' ਬਣਾ ਦਿੰਦੀਆਂ ਹਨ। ਇਸ ਦਲਿਤ ਮਨੁੱਖ ਦੀ ਮਾਨਸਿਕ ਸੰਰਚਨਾ ਦੀ ਥਾਹ ਪਾਉਂਦਿਆਂ ਹੀ ਉਹ ਆਪਣਾ ਕਥਾ-ਵਿਵੇਕ ਤਲਾਸ਼ਦਾ ਨਜ਼ਰ ਆਉਂਦਾ ਹੈ।

ਭਗਵੰਤ ਦੇ ਰਚਨਾ-ਸੰਸਾਰ ਦਾ ਅਗਲਾ ਸੂਤਰ ਸਮੁੱਚੇ ਸਮਾਜ ਦੀ ਜਾਤੀਗਤ ਅਤੇ ਜਮਾਤੀਗਤ ਹੋਂਦ ਦੇ ਪਹਿਲੂਆਂ ਦੁਆਲੇ ਉੱਸਰਦਾ ਹੈ। ਕਹਾਣੀ 'ਵਿੱਥਾਂ ਦੇ ਆਰ-ਪਾਰ' ਇਸ ਪ੍ਰਸੰਗ ਵਿਚ ਮਹੱਤਵਪੂਰਨ ਅਤੇ ਗੌਲਣਯੋਗ ਬਿਰਤਾਂਤਕ ਪਾਠ ਦੀ ਸਿਰਜਣਾ ਕਰਦੀ ਹੈ। ਇਸ ਰਚਨਾ-ਪਾਠ ਦੇ ਅੰਦਰਲੇ ਤਰਕ ਉੱਪਰ 'ਦਲਿਤ' ਦੀ ਪਰਿਭਾਸ਼ਾ ਵੀ ਆਪਣੇ 'ਜਾਤੀਗਤ' ਪਾਸਾਰਾਂ ਤੋਂ ਅਗੇਰੇ 'ਜਮਾਤੀਗਤ' ਪਸਾਰਾਂ ਨਾਲ ਜੁੜਦੀ ਹੈ। ਇਸ ਬਿਰਤਾਂਤਕ ਟੈਕਸਟ ਵਿਚ ਸਰਕਾਰ ਅਤੇ ਆੜ੍ਹਤੀਏ ਇਕ ਪਾਸੇ ਸਥਾਪਤੀ ਅਤੇ ਸ਼ੋਸ਼ਿਕ ਧਿਰ ਵਜੋਂ ਕਹਾਣੀ ਦੀ ਧੁਨੀ ਵਿਚੋਂ ਸਥਾਪਤ ਹੁੰਦੇ ਹਨ ਅਤੇ ਦੂਜੇ ਪਾਸੇ ਕਿਸਾਨ ਅਤੇ ਭੂਮੀਹੀਣ ਖੇਤ ਮਜ਼ਦੂਰ ਵੀ ਆਪਣੀਆਂ-ਆਪਣੀਆਂ ਨਿੱਜੀਗਤ ਲਾਲਸਾਵਾਂ ਦੇ ਬਾਵਜੂਦ ਸਮੂਹਿਕ ਸਾਂਝ ਦੇ ਸੂਤਰਾਂ ਵਿਚ ਬੱਝਦੇ ਟੁੱਟਦੇ ਹਨ। ਇਸ ਤਰ੍ਹਾਂ ਕਰਦਿਆਂ ਸ਼ੋਸਿਕ ਧਿਰ ਬ੍ਰਾਹਮਣੀ ਕਲਚਰ ਸੱਭਿਆਚਾਰ ਦੀ ਘਾੜਤ ਕਰਦੀ ਹੈ ਅਤੇ ਸ਼ੋਸ਼ਿਤ ਧਿਰ ਵਜੋਂ ਦਲਿਤ ਸੱਭਿਆਚਾਰ ਦੀ ਸਿਰਜਣਾ ਹੋ ਜਾਂਦੀ ਹੈ। ਸਮੁੱਚੀ ਟੈਕਸਟ ਦਾ ਭਰਪੂਰ ਦਬਾਉ ਦਲਿਤ ਵਰਗ ਦੀ ਹੋਣੀ ਦੇ ਯਥਾਰਥ ਦੀ ਪੇਸ਼ਕਾਰੀ ਦੇ ਨਾਲ-ਨਾਲ ਇਸ ਦੇ ਇਕ ਸਮੂਹ ਵਜੋਂ ਬਣ ਕੇ ਉੱਭਰਨ ਦੇ ਰਸਤਿਆਂ ਵਿਚਲੇ ਅੜੌਕਿਆਂ ਦੁਆਲੇ ਕੇਂਦਰਿਤ ਹੈ। ਕਹਾਣੀ ਦਾ ਕਥਾ-ਵਿਵੇਕ ਇਸ ਗੱਲ ਵਿਚ ਹੈ ਕਿ ਸਦੀਆਂ ਦੀ ਲੰਮੀ ਗੁਲਾਮੀ ਅਤੇ ਕੰਗਾਲਪੁਣੇ ਨੇ ਸਮੁੱਚੇ ਕਾਮੇ (ਕਿਸਾਨ+ਖੇਤ ਮਜ਼ਦੂਰ) ਵਰਗ ਦੀ ਮਾਨਸਿਕਤਾ ਨੂੰ ਨਿੱਜੀ ਨਫੇ ਦੁਆਲੇ ਕੇਂਦਰਿਤ ਕਰ ਦਿੱਤਾ ਹੈ। ਨਿੱਜੀ ਜਾਇਦਾਦ ਅਤੇ ਇਸ ਤੋਂ ਪੈਦਾ ਹੁੰਦੇ ਨਿੱਜੀ ਨ਼ਫੇ ਨੇ ਲੋਕਾਈ ਦੇ ਸਾਰੇ ਬਸਿੰਦਿਆਂ ਨੂੰ ਪੂੰਜੀ ਮੋਹ ਦੇ ਜੰਜਾਲ ਵਿਚ ਫਸਾ ਦਿੱਤਾ ਹੈ। ਇਸ ਜੰਜਾਲ ਵਿਚ ਉਲਝੇ ਹੀ ਉਹ ਹਰ ਪਲ ਦੂਜੇ ਦੇ ਹਿਤਾਂ ਨੂੰ ਅਣਗੌਲਿਆਂ ਕਰਦੇ ਨਿਰੰਤਰ ਮੌਕੇ ਦੀ ਭਾਲ ਵਿਚ ਰਹਿੰਦੇ ਹਨ। ਨਿੱਜੀ ਹਿੱਤਾਂ ਤੋਂ ਪ੍ਰੇਰਿਤ ਚਾਲਕ ਸ਼ਕਤੀ ਹੀ ਉਨ੍ਹਾਂ ਨੂੰ ਕਿਸੇ ਸਮੂਹਿਕ ਸੰਗਠਨ ਵਿਚ ਢਲਣ ਤੋਂ ਨਿਰੰਤਰ ਰੋਕਦੀ ਉਨ੍ਹਾਂ ਦੀ ਤ੍ਰਾਸਦੀ ਨੂੰ ਨਿਰੰਤਰ ਗੂੜ੍ਹਿਆਂ ਕਰਦੀ ਹੈ। ਇਸ ਤਰ੍ਹਾਂ ਉਹ ਆਪਣੇ ਦੁਖਾਂਤਕ ਬੋਧ ਨੂੰ ਸਮਝਣ ਦੀ ਖੁੰਢੀ ਚੇਤਨਾ ਕਾਰਨ ਆਪਣੀ ਤ੍ਰਾਸਦੀ ਦੇ ਅਮੁੱਕ ਚੱਕਰ ਵਿਚ ਪਏ ਰਹਿੰਦੇ ਹਨ। ਇਸ ਕਾਰਨ ਹੀ ਖੇਤ ਮਜ਼ਦੂਰਾਂ ਤੇ ਕਿਸਾਨਾਂ ਦਾ ਸਾਂਝਾ ਸੰਗਠਨ ਸੁਪਨੇ ਨਿਆਈ ਹੀ ਜਾਪਦਾ ਹੈ। ਨਿੱਜੀ ਨ਼ਫੇ ਤੇ ਉੱਸਰੀ ਮਾਨਸਿਕਤਾ ਦਾ ਇਹ ਹਾਲ ਹੈ ਕਿ ਕੰਗਾਲਪੁਣੇ ਦੀ ਜ਼ਿੰਦਗੀ ਹੰਢਾ ਰਿਹਾ ਰੱਖੇ ਵਰਗਾ ਖੇਤ ਮਜ਼ਦੂਰ ਵੀ ਸਾਥੀ ਕਾਮਿਆਂ ਨਾਲ ਗੱਲਬਾਤ ਵੇਲੇ ਕਹਿੰਦਾ ਹੈ:

'ਲੁੱਟ ਲਓ ਸਹੁਰੀ ਦਿਆਂ ਨੂੰ, ਜਿੰਨਾ ਲੁੱਟ ਹੁੰਦਾ, ਅੱਜਕਲ੍ਹ ਲੁੱਟ ਮਚੀ ਪਈ ਆ, ਚਾਰੇ ਪਾਸੇ...ਲੀਡਰ ਦੇਸ਼ ਲੁੱਟੀ ਜਾ ਰਹੇ ਆ...ਤੁਸੀਂ ਚਾਰ ਮਣ ਦਾਣੇ ਈ ਲੁੱਟ ਲਓ।' (3)

ਇਹ ਭ੍ਰਮਗਤ ਚੇਤਨਾ ਜਿਸ ਵਿਚ ਹਰ ਕਿਸੇ ਨੂੰ ਹਰ ਕੋਈ 'ਲੋਟੂ' ਹੀ ਦਿਖਾਈ ਦੇ ਰਿਹਾ ਹੈ ਵਿਚੋਂ ਦਲਿਤ ਵਰਗ ਦੇ ਦੁਖਾਂਤਕ ਬੋਧ ਦਾ ਕੋਈ ਹੱਲ ਦਿਖਾਈ ਨਹੀਂ ਦਿੰਦਾ। ਇਸ ਦਰਜੇਬੰਦੀ ਵਿਚ ਹੀ ਲੁੱਟ ਦਾ ਇਕ ਸਿਸਟਮ ਪੈਦਾ ਹੋ ਗਿਆ ਹੈ ਜੋ ਉੱਪਰ ਤੋਂ ਥੱਲੇ ਤੱਕ ਤੁਰਦਾ ਜਾਂਦਾ ਹੈ। ਸਥਾਪਤੀ ਆਪਣੇ ਏਜੰਟਾਂ ਆੜ੍ਹਤੀਆਂ ਰਾਹੀਂ ਕਿਸਾਨਾਂ ਦੀ ਲੁੱਟ ਕਰਦੀ ਹੈ। ਕਿਸਾਨ ਘੱਟ ਮਿਹਨਤ ਤੇ ਖੇਤ ਮਜ਼ਦੂਰਾਂ ਕੋਲ ਕੰਮ ਕਰਾਉਣਾ ਚਾਹੁੰਦਾ ਹੈ। ਖੇਤ ਮਜ਼ਦੂਰ ਜਿਥੇ ਉਨ੍ਹਾਂ ਦਾ ਦਾਅ ਫੱਬੇ ਉਥੇ ਹਨ੍ਹੇਰੇ-ਸਵੇਰੇ ਕਿਸਾਨ ਨੂੰ ਰਗੜਾ ਲਾਉਂਦੇ ਹਨ। ਇਸ ਦੇ ਨਾਲ-ਨਾਲ ਹੀ ਦੇਸੀ ਖੇਤ ਮਜ਼ਦੂਰਾਂ ਨੂੰ ਬਿਹਾਰੀ ਜਾਂ ਯੂ.ਪੀ. ਦੇ ਮਜ਼ਦੂਰਾਂ ਜਾਂ ਮਸ਼ੀਨਾਂ ਦੇ ਆਉਣ ਨਾਲ ਆਪਣੀ ਕਮਾਈ 'ਤੇ ਸੱਟ ਵੱਜਦੀ ਪ੍ਰਤੀਤ ਹੁੰਦੀ ਹੈ। ਸਮੁੱਚੇ ਸਮਾਜ ਦੀ ਘਾੜਤ ਅਜਿਹੀ ਬਣ ਗਈ ਹੈ ਕਿ ਆਪਣੇ ਸ਼੍ਰੇਣੀ ਕਿਰਦਾਰ ਵਜੋਂ ਨੇੜੇ ਵਿਚਰਣ ਦੇ ਬਾਵਜੂਦ ਵੀ ਕਿਸਾਨ ਨੂੰ ਦੂਜੇ ਪਾਸੇ ਸਥਾਪਤੀ ਅਤੇ ਖੇਤ ਮਜ਼ਦੂਰ ਇਕੋ ਜਿਹੇ ਲੋਟੂ ਹੀ ਜਾਪਦੇ ਹਨ। ਕਿਸਾਨ ਤਾਰੀ ਦੇ ਮੁੰਡੇ ਦੇ ਕਣਕ ਦੀਆਂ ਭਰੀਆਂ ਚੁਕਾਉਣ ਵੇਲੇ ਖੇਤ ਮਜ਼ਦੂਰਾਂ ਨੂੰ ਕਹੇ ਬੋਲ ਧਿਆਨ ਦੇਣ ਯੋਗ ਹਨ:

'ਹੂੰ ਵਧਾ ਤੇ ਭਾਅ ਗੌਰਮਿਟ ਨੇ....ਮੰਡੀ ਜਾ ਕੇ ਦੇਖੀਂ ਕੀ ਹੁੰਦਾ ਉਥੇ, ਸਹੁਰੇ ਆੜ੍ਹਤੀਏ ਲਾਗੇ ਨ੍ਹੀਂ ਲੱਗਣ ਦਿੰਦੇ, ਮੰਡੀ ਵਾਲਿਆਂ ਨੇ ਤਾਂ ਛਿੱਲ ਲਾਹੁਣੀ ਈ ਆ, ਬਚਦੀ ਤੁਸੀਂ ਲਾਹੁਣ 'ਤੇ ਹੋਏ ਓ....।' (4)

ਇਸੇ ਤਰ੍ਹਾਂ ਦੀ ਹੀ ਭ੍ਰਮਗਤ ਚੇਤਨਾ ਨੂੰ ਭੋਗਦੇ ਹੋਏ ਖੇਤ ਮਜ਼ਦੂਰਾਂ ਨੂੰ ਕਿਸਾਨ ਕਾਰੂ ਦਾ

ਖਜ਼ਾਨਾ ਨੱਪੀ ਬੈਠੇ ਜਾਪਦੇ ਹਨ। ਉਨ੍ਹਾਂ ਨੂੰ ਕਿਸਾਨ ਕੋਲ ਭੂਮੀ ਦਾ ਹੋਣਾ ਅਤੇ ਆਪਣੇ ਬੇਜ਼ਮੀਨੇ ਹੋਣਾ ਹੀ ਸਭ ਵਿਤਕਰਿਆਂ ਅਤੇ ਸੰਕਟਾਂ ਦੀ ਵਜ੍ਹਾ ਜਾਪਦਾ ਹੈ। ਇਹ ਗੱਲਾਂ ਮੀਕੇ ਵਰਗਾ ਸੰਵੇਦਨਸ਼ੀਲ ਅਤੇ ਦਲਿਤ ਚੇਤਨਾ ਦੀਆਂ ਸੰਭਾਵਨਾਵਾਂ ਪ੍ਰਗਟ ਕਰਨ ਵਾਲੇ ਪਾਤਰ ਦੇ ਮੂੰਹੋਂ ਵੀ ਸੁਭਾਵਿਕ ਹੀ ਨਿਕਲਦੀਆਂ ਹਨ:

'ਕਾਹਦਾ ਸੁਆਦ ਤਾਇਆ, ਸੁਆਦ ਤਾਂ ਜ਼ਿਮੀਂਦਾਰ ਲੈਂਦੇ ਆ, ਦੇਖ ਲੈ, ਐਸ ਵੇਲੇ ਪੱਖਿਆਂ ਥੱਲੇ ਪਏ ਹੋਣੇ ਆ।' ਗਿੱਲੇ ਹੱਥ-ਮੂੰਹ ਪੂੰਝਦਾ ਮੀਕਾ ਬੋਲਿਆ।

'ਰਾਮ ਤਾਂ ਕਰਨਾ ਈ ਆ ਬਈ ਉਨ੍ਹਾਂ, ਜ਼ਮੀਨਾਂ ਜੋ ਹੋਈਆਂ ਉਨ੍ਹਾਂ ਦੀਆਂ।' ਸ਼ੀਰੋ ਦੀ ਮਾਂ ਝੰਡੋ ਬੋਲਣੋਂ ਨਾ ਰਹਿ ਸਕੀ। (5)

ਪ੍ਰੰਤੂ ਇਸ ਚੇਤਨਾ ਨੂੰ ਹੰਢਾਉਂਦੇ ਪਾਤਰਾਂ ਵਿਚ ਭਗਵੰਤ ਰਸੂਲਪੁਰੀ ਨੇ ਭਵਿੱਖ ਦੇ ਪਾਤਰ ਵਜੋਂ ਮੀਕੇ ਦੀ ਘਾੜਤ ਕੀਤੀ ਹੈ। ਦਲਿਤ ਚੇਤਨਾ ਦੇ ਅਗਲੇ ਪਸਾਰ ਵਜੋਂ ਪੇਸ਼ ਇਸ ਪਾਤਰ ਰਾਹੀਂ 'ਮਿਹਨਤ ਮਨੁੱਖ' ਨੂੰ ਉਹ 'ਕਾਮੇ' ਵਜੋਂ ਚਿਤਵਦਾ ਇਨ੍ਹਾਂ ਦੀ ਜਾਤੀਗਤ ਵਿਭਿੰਨਤਾ ਦੇ ਬਾਵਜੂਦ ਜਮਾਤੀਗਤ ਸਾਂਝ ਦੀ ਸੋਅ ਵੀ ਦਿੰਦਾ ਹੈ। ਕਹਾਣੀ ਵਿਚਲਾ ਪਾਤਰ ਮੀਕਾ ਸਾਥੀ ਮਜ਼ਦੂਰਾਂ ਦੁਆਰਾ ਕਿਸਾਨਾਂ ਨੂੰ ਦਾਅ ਲਾਉਣ ਸੰਬੰਧੀ ਸੋਚਦਾ ਹੈ:

'ਉਹਨੂੰ ਅਕਸਰ ਇਸ ਤਰ੍ਹਾਂ ਦੇ ਕੰਮ ਭੈੜੇ ਲੱਗਦੇ ਸਨ। ਕਿਸੇ ਮਿਹਨਤੀ ਕਾਮੇ ਨੂੰ ਲੁੱਟਣਾ ਉਹਨੂੰ ਰਤਾ ਵੀ ਚੰਗਾ ਨਹੀਂ ਲੱਗਦਾ।' (6)

ਪ੍ਰੰਤੂ ਮੀਕੇ ਦਾ ਭਵਿੱਖ ਅਜੇ ਅਨਿਸ਼ਚਤ ਹੈ। ਅਜੇ ਤਾਂ ਉਹ ਆਪਣੇ ਤੇ ਉਸ ਨੂੰ ਚਾਹੁਣ ਵਾਲਿਆਂ ਦੇ ਸੁਫਨਿਆਂ ਦਾ ਗਲਾ ਘੁੱਟ ਕੇ ਆਪਣੇ ਸਫਰ 'ਤੇ ਤੁਰਿਆ ਹੀ ਹੈ। ਅਜੇ ਤਾਂ ਸ਼ੀਰੋ ਵਰਗੀਆਂ ਨੂੰ ਹਨ੍ਹੇਰ ਭਰੀਆਂ ਕੋਠੜੀਆਂ ਵਿਚ ਆਪਣੇ ਅਰਮਾਨਾਂ ਨੂੰ ਦਫ਼ਨ ਕਰਨਾ ਪੈਣਾ ਹੈ। ਅਜੇ ਤਾਂ ਉਨ੍ਹਾਂ ਦੀਆਂ ਸਿਸਕੀਆਂ ਹੀ ਧੂੰਏਂ ਦੇ ਗੁੰਬਾਰਾਂ ਨੂੰ ਪੜ੍ਹ ਕੇ ਬਾਹਰ ਆ ਰਹੀਆਂ ਹਨ ਪਰ ਸ਼ੀਰੋ ਵਰਗੀ ਅਨਪੜ੍ਹ ਪਾਤਰ ਵੀ ਆਪਣੇ 'ਭਾਈਚਾਰੇ' ਦੇ ਦੁੱਖ ਦਲਿੱਦਰ ਦੇ ਇਕ ਦਿਨ ਦੂਰ ਹੋਣ ਲਈ ਆਸਵੰਦ ਹੈ ਅਤੇ ਇਸ ਲਈ ਉਸ ਨੂੰ ਇਸ ਮੁਕਾਮ 'ਤੇ ਮੀਕੇ ਦਾ ਪੜ੍ਹ ਜਾਣਾ ਹੀ ਸਭ ਸਮੱਸਿਆਵਾਂ ਦਾ ਹੱਲ ਜਾਪਦਾ ਹੈ:

'ਚੱਲ ਤੂੰ ਈ ਪੜ੍ਹ ਜੀ....ਘਰ ਦਾ ਦਲਿੱਦਰ ਈ ਨਿੱਕਲ ਜੂਗਾ।' (7)

'ਮੈਂ, ਸ਼ੈਤਾਨ ਤੇ ਇੰਦੂਮਣੀ' ਕਹਾਣੀ ਸੰਗ੍ਰਹਿ ਦੀਆਂ ਪਰਤਾਂ ਵਿਚੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੁੰਦੀ ਹੈ ਕਿ ਦਲਿਤ ਭਾਈਚਾਰੇ ਦੀ ਹੋਣੀ ਲਈ ਕਾਰਣ ਨਿਰਧਾਰਤ ਕਰਦੇ ਸਮੇਂ ਭਗਵੰਤ ਖਾਹ-ਮਖਾਹ ਦੀ ਜਾਤੀਗਤ ਵੰਡ ਵਿਚ ਨਹੀਂ ਪੈਂਦਾ। ਉਹ ਤਾਂ ਹਰ ਘਟਨਾ ਜਾਂ ਪ੍ਰਸਥਿਤੀ ਦੀਆਂ ਸਮੁੱਚੀਆਂ ਪਰਤਾਂ ਨੂੰ ਪਕੜਨ ਵਿਚ ਹੀ ਵਧੇਰੇ ਰੁਚੀ ਦਿਖਾਉਂਦਾ ਹੈ। ਅਜਿਹਾ ਕਰਦਿਆਂ ਦਲਿਤ ਭਾਈਚਾਰੇ ਦੇ ਆਪਣੇ ਲੋਕ ਹੀ ਨਿਕਟਵਰਤੀ ਪ੍ਰਸੰਗ ਵਿਚ ਦੁਖਾਂਤਕ ਬੋਧ ਨੂੰ ਪ੍ਰਚੰਡ ਕਰਦੇ ਜਾਪਦੇ ਹਨ। ਮਿਸਾਲ ਲਈ ਕਸੂਰਵਾਰ ਦਾ ਦਿੱਤੂ ਢਿੱਡਲ, ਬਿਰਤਾਂਤਕਾਰਾ ਦੇ ਆਪਣੇ 'ਵਿਹੜੇ' ਦਾ ਹੀ ਵਿਅਕਤੀ ਹੈ। 'ਪਿੰਜਰ' ਕਹਾਣੀ ਦਾ ਚਾਚਾ ਮੁਣਸ਼ੀ ਰਾਮ ਆਪਣੇ ਭਰਾਵਾਂ ਦੀ ਜ਼ਮੀਨ ਨੱਪ ਕੇ ਆਪਣੇ ਭਤੀਜੇ ਨੂੰ ਕੰਗਾਲਪੁਣੇ ਦੇ ਕੰਢੇ ਪਹੁੰਚਾ ਦਿੰਦਾ ਹੈ। 'ਕਾਫਰ' ਕਹਾਣੀ ਵਿਚ ਸ਼ੇਰ ਸਿੰਘ ਦਾ ਭਰਾ ਪ੍ਰੇਮ ਸਿੰਘ ਹੀ ਉਸ ਨਾਲ ਠੱਗੀ ਮਾਰ ਕੇ ਉਸ ਨੂੰ ਮਾਲਕ ਤੋਂ ਮਜ਼ਦੂਰ ਬਣਨ ਦੇ ਰਸਤੇ ਤੋਰ ਦਿੰਦਾ ਹੈ। 'ਵਿੱਥਾਂ ਦੇ ਆਰ-ਪਾਰ' ਦਾ ਠੇਕੇਦਾਰ ਕਾਮਾ ਕੇਵਲ ਕਿਸਾਨਾਂ ਨਾਲ ਹੀ ਨਹੀਂ ਸਗੋਂ ਆਪਣੇ ਹੀ ਭਰਾ ਧਰਮੇ ਤੇ ਦੂਜੇ ਸਹਿਕਾਮਿਆਂ ਨਾਲ ਪੈਰ-ਪੈਰ 'ਤੇ ਠੱਗੀਆਂ ਮਾਰਦਾ ਹੈ। ਇਸ ਹੇਰਾਫੇਰੀ ਦੀ ਬਦੌਲਤ ਤੇ ਦੂਜਿਆਂ ਨੂੰ ਠਿੱਬੀ ਲਾ ਕੇ ਆਰਥਿਕ ਤੌਰ 'ਤੇ ਦੂਜੇ ਮਜ਼ਦੂਰਾਂ ਤੋਂ ਅੱਗੇ ਨਿਕਲੇ ਇਨ੍ਹਾਂ ਵਿਅਕਤੀਆਂ ਦੀ ਜੀਵਨ ਤੋਰ ਦੇ ਵੇਰਵੇ ਵੀ ਸਮੁੱਚੀ ਟੈਕਸਟ ਦੇ ਆਰ-ਪਾਰ ਫੈਲੇ ਹੋਏ ਹਨ। ਭਗਵੰਤ ਰਸੂਲਪੁਰੀ ਆਪਣੀ ਰਚਨਾਵੀਂ ਪ੍ਰਕਿਰਿਆ ਵਿਚੋਂ ਇਹ ਗੱਲ ਪੂਰੇ ਤਰਕ ਸਮੇਤ ਉਭਾਰਨ ਵਿਚ ਪੂਰਨ ਭਾਂਤ ਸਫਲ ਰਹਿੰਦਾ ਹੈ ਕਿ ਆਪਣੇ 'ਅਖੌਤੀ ਭਾਈਚਾਰੇ' ਦੇ ਅਰਥ ਵੀ ਜਾਤੀਗਤ ਪਾਸਾਰਾਂ ਦੀ ਬਜਾਇ ਜਮਾਤੀਗਤ ਪਸਾਰਾਂ ਤੋਂ ਹੀ ਵਧੇਰੇ ਗਤੀਸ਼ੀਲਤਾ ਪ੍ਰਾਪਤ ਕਰਦੇ ਹਨ। ਆਰਥਿਕ ਤੌਰ 'ਤੇ ਅੱਗੇ ਨਿਕਲੇ ਭਾਈਚਾਰੇ ਦੇ ਵਿਅਕਤੀ ਵਿਸ਼ੇਸ਼ ਦਾ ਰਿਸ਼ਤਾ ਵੀ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਆਪਣੇ ਨਿੱਜੀ ਮੁਫਾਦ ਲਈ ਵਰਤਣ ਤੋਂ ਵਧੇਰੇ ਨਹੀਂ ਹੁੰਦਾ। ਇਸ ਲਈ ਕਦੇ ਧਰਮ ਉਸ ਦਾ ਸਹਾਰਾ ਬਣਦਾ ਹੈ ਅਤੇ ਕਦੀ ਰਾਜਨੀਤੀ। 'ਪਿੰਜਰ' ਕਹਾਣੀ ਦਾ ਬਿਰਤਾਂਤਵਕਤਾ ਜੋ ਆਪਣੇ ਚਾਚੇ ਹੱਥੋਂ ਹੀ ਸ਼ੋਸ਼ਣ ਦਾ ਸ਼ਿਕਾਰ ਹੋਇਆ ਹੈ। ਉਸ ਦੀ ਰਾਜਨੀਤੀ ਅਤੇ ਧਾਰਮਿਕ ਸ਼ਰਧਾ ਸੰਬੰਧੀ ਮਨ ਵਿਚ ਕ੍ਰਿਝਦਾ ਸੋਚਦਾ ਹੈ:



"ਜੀ ਕਰਦਾ ਕਿ ਚਾਚੇ ਨੂੰ ਸੰਘੀਉਂ ਫੜ ਕੇ ਪੁੱਛਾਂ ਕਿ ਵੱਡਿਆ ਧਰਮੀਆਂ ਦੱਸ ਆਹ ਹੀ ਤੇਰਾ ਬਾਬਾ ਦਸਦਾ....ਆਪਣੇ ਹੀ ਲਹੂ ਦੇ ਪੁੱਤ ਧੀਆਂ ਦੇ ਮੂੰਹ 'ਚੋਂ ਰੋਟੀ ਖੋਹਣੀ...ਆਹ ਹੀ ਤੇਰੀ ਪਾਰਟੀ ਦੱਸਦੀ ਆ?" ਉਨ੍ਹਾਂ ਦਿਨਾਂ 'ਚ ਚਾਚਾ ਆਪਣੇ ਅਸਰ ਰਸੂਖ ਨਾਲ 'ਬਾਬਾ ਰੈਦਾਸ' ਦੇ ਗੁਰਦੁਆਰੇ ਦਾ ਪ੍ਰਧਾਨ ਵੀ ਬਣ ਗਿਆ ਸੀ ਤੇ ਦਲਿਤਾਂ ਦੀ ਇਕ ਪਾਰਟੀ 'ਚ ਵਧ ਚੜ੍ਹ ਕੇ ਹਿੱਸਾ ਵੀ ਲੈਣ ਲੱਗ ਪਿਆ ਸੀ।' (8)

ਇਹ ਚਾਚਾ ਇਥੇ ਹੀ ਬੱਸ ਨਹੀਂ ਕਰਦਾ ਸਗੋਂ ਵੱਧ ਕੰਮ ਕਰਾਉਣ ਲਈ ਆਪਣੇ ਭਤੀਜੇ ਨੂੰ ਸ਼ਰਾਬ ਦੀ ਲੱਤ ਲਾਉਂਦਾ ਹੈ ਅਤੇ ਭਈਆਂ ਤੋਂ ਵੱਧ ਕੰਮ ਕਰਾਉਣ ਦੀ ਲਾਲਸਾ ਵਿਚ ਉਨ੍ਹਾਂ ਨੂੰ ਡੋਡਿਆਂ ਦੀ ਆਦਤ ਪਾਉਂਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਮਰਨ ਕਿਨਾਰੇ ਪਹੁੰਚਾ ਦਿੰਦਾ ਹੈ। ਇਸ ਤਰ੍ਹਾਂ ਦੇ ਵੇਰਵੇ ਸਮੁੱਚੀ ਕਥਾ ਦੀ ਸੰਰਚਨਾ ਵਿਚ ਫੈਲੇ ਹੋਏ ਹਨ।

ਭਗਵੰਤ ਰਸੂਲਪੁਰੀ ਦੇ ਕਥਾ-ਸੰਸਾਰ ਵਿਚੋਂ ਜਿਸ ਦਲਿਤ ਸਮਾਜਚਾਰੇ ਦਾ ਬਿੰਬ ਉੱਭਰਦਾ ਹੈ ਉਸ ਵਿਚਲੇ ਵਧੇਰੇ ਪਾਤਰ ਹਾਸ਼ੀਏ ਤੋਂ ਵੀ ਬਾਹਰਲੀ ਜ਼ਿੰਦਗੀ ਹੰਢਾ ਰਹੇ ਹਨ। ਉਨ੍ਹਾਂ ਦੇ ਜੀਵਨ ਅਤੇ ਪਸ਼ੂਆਂ ਦੇ ਜੀਵਨ ਵਿਚ ਵਧੇਰੇ ਅੰਤਰ ਨਜ਼ਰ ਨਹੀਂ ਆਉਂਦਾ। 'ਕਸੂਰਵਾਰ' ਕਹਾਣੀ ਦੀ ਮੈਂ ਪਾਤਰ ਨੂੰ ਆਪਣੀ ਸਮੁੱਚੀ ਸਥਿਤੀ ਆਪਣੀ ਹੀ ਪਾਲਤੂ ਕੁੱਤੀ ਰੌਮੀ ਦੇ ਸਮਵਿੱਥ ਹੀ ਜਾਪਦੀ ਹੈ। ਉਸ ਦੀ ਛਟਪਟਾਹਟ ਅਤੇ ਕੁੱਤੀ ਦੀ ਛਟਪਟਾਹਟ ਬਹੁਤ ਥਾਈਂ ਆਪਸ ਵਿਚ ਮਿਲਦੀ ਜਾਪਦੀ ਹੈ। ਦੋਨਾਂ ਦੇ ਵੇਰਵੇ ਬਾਰ-ਬਾਰ ਇਕ-ਦੂਜੇ ਨਾਲ ਅਭੇਦ ਹੁੰਦੇ ਹਨ। ਇਸ ਅਰਥਹੀਣ ਅਤੇ ਅਣਹੋਏ ਹੋਣ ਦੀ ਪ੍ਰਕਿਰਿਆ ਵਿਚ ਹੀ ਪਾਤਰਾਂ ਵਿਚ ਆਪਸੀ ਮੋਹ ਦੀਆਂ ਤੰਦਾਂ ਅਸਲੋਂ ਹੀ ਟੁੱਟੀਆਂ ਪਈਆਂ ਜਾਪਦੀਆਂ ਹਨ ਅਤੇ ਨਿਰਮੋਹ ਭਾਵਨਾ ਨੇ ਇਸ ਦੀ ਥਾਂ ਮੱਲ ਲਈ ਹੈ। ਸਥਿਤੀਆਂ ਦਾ ਬੰਧੇਜ ਇਸ ਕਦਰ ਭਾਰੂ ਹੈ ਕਿ ਜ਼ਿਆਦਾਤਰ ਪਾਤਰ ਭਾਵ ਵਿਗੋਚੇ ਦੀ ਸਥਿਤੀ ਵਿਚ ਨਸ਼ਿਆਂ ਦਾ ਸਹਾਰਾ ਲੈਂਦੇ ਹਨ। ਦਲਿਤ ਸੱਭਿਆਚਾਰ ਦੀ ਹੋਣੀ ਦਾ ਇਹ ਇਕ ਕੌੜਾ ਸੱਚ ਹੈ ਜਿਸ ਲਈ ਸਿਰਫ ਅਮਾਨਵੀਂ ਪ੍ਰਸਥਿਤੀਆਂ ਹੀ ਜ਼ਿੰਮੇਵਾਰ ਹਨ। ਆਰਥਿਕ ਕੰਗਾਲਪੁਣੇ ਤੇ ਇਸ ਕਾਰਨ ਉਪਜੀ ਮਾਨਸਿਕ ਹੀਣਤਾ ਅਤੇ ਆਤਮਿਕ ਗਿਲਾਨੀ ਦੀ ਦਾਸਤਾ ਇਹ ਪਾਤਰ ਪੀੜ੍ਹੀ ਦਰ ਪੀੜ੍ਹੀ ਹੰਢਾ ਰਹੇ ਹਨ। ਇਨ੍ਹਾਂ ਅਮਾਨਵੀ ਪ੍ਰਸਥਿਤੀਆਂ ਦੇ ਭਵਿੱਖ ਵਿਚ ਨਿਕਾਸ ਦੀ ਸੰਭਾਵਨਾ ਦੀ ਪੂਰਨ ਅਣਹੋਂਦ ਵਿਚ ਇਹ ਪਾਤਰ ਨੀਮ ਪਾਗਲ ਤੋਂ ਪਾਗਲ ਹੋਣ ਦੀ ਹੋਣੀ ਨੂੰ ਸੁਭਾਵਿਕ ਰੂਪ ਵਿਚ ਹੰਢਾਉਂਦੇ ਹਨ। ਇਹ ਤਲਖ ਪੂਰਨ ਵੇਰਵੇ ਤੇ ਇਨ੍ਹਾਂ ਨਾਲ ਜੁੜਿਆ ਕਥਾ-ਸੱਚ ਭਗਵੰਤ ਰਸੂਲਪੁਰੀ ਦੀ ਰਚਨਾ-ਪ੍ਰਕਿਰਿਆ ਵਿਚ ਅਟੁੱਟ ਵੇਰਵੇ ਵਾਂਗ ਸਮੋਇਆ ਹੋਇਆ ਹੈ। ਇਹ ਵੇਰਵੇ ਅਜਿਹੇ ਸਾਂਝੇ ਲੱਛਣ ਹਨ ਜੋ ਬਾਰ-ਬਾਰ ਬਿਰਤਾਂਤਕ ਪਾਠਾਂ ਵਿਚੋਂ ਆਪਣੇ ਸਮੁੱਚੇ ਸਾਰ ਸਮੇਤ ਪ੍ਰਗਟ ਹੋਏ ਹਨ।

'ਮੈਂ, ਸ਼ੈਤਾਨ ਤੇ ਇੰਦੂਮਣੀ' ਦੀ ਬਿਰਤਾਂਤਕਾਰੀ ਪਾਠਕ ਦਾ ਵਿਸ਼ੇਸ਼ ਧਿਆਨ ਖਿੱਚਦੀ ਹੈ। ਇਸ ਦਾ ਕਾਰਨ ਬਿਰਤਾਂਤਕ ਟੈਕਸਟ ਦੀ ਪੇਸ਼ਕਾਰੀ ਲਈ ਉੱਤਮ-ਪੁਰਖੀ ਬਿਰਤਾਂਤ ਵਕਤਾ ਦੀ ਮੌਜੂਦਗੀ ਵਿਚ ਹੈ। ਇਹ ਬਿਰਤਾਂਤ ਵਕਤਾ ਜੋ 'ਮੈਂ ਪਾਤਰ' ਵਜੋਂ ਕਥਾ ਵਿਚ ਸ਼ਾਮਲ ਹੁੰਦੇ ਹਨ ਸਮੁੱਚੇ ਘਟਨਾ-ਪ੍ਰਬੰਧ ਨੂੰ ਚੇਤਨਾ ਪ੍ਰਵਾਹ ਵਜੋਂ ਉਸਾਰਦੇ ਹਨ। ਇਨ੍ਹਾਂ 'ਮੈਂ ਪਾਤਰ' ਦੀ ਮਾਨਸਿਕਤਾ ਬੁਰੀ ਤਰ੍ਹਾਂ ਖੰਡਿਤ, ਡਾਵਾਂਡੋਲ ਅਤੇ ਪਾਰੇ ਵਾਂਗ ਥਿਰਕਵੀ ਹੁੰਦੀ ਹੈ। ਸਮਾਜੀ ਬੰਧੇਜਪੁਣੇ ਅਤੇ ਆਪਣੀ ਚੇਤਨਾ ਦੇ ਨਿਕਾਸ ਦੀਆਂ ਸਿਫ਼ਰ ਸੰਭਾਵਨਾਵਾਂ ਵਿਚ ਇਹ ਪਾਤਰ ਕਈ ਥਾਂਈਂ ਨਿਰੰਤਰ ਆਪਣੇ ਹੀ ਊਣੇ ਜਾਲ ਵਿਚ ਉਲਝ ਕੇ ਭਟਕਦੇ ਜਾਪਦੇ ਹਨ। ਜਿਨ੍ਹਾਂ ਥਾਵਾਂ 'ਤੇ ਇਨ੍ਹਾਂ ਦਾ ਪਿਛੋਕੜ ਪੂਰੀ ਕਾਰਜਸ਼ੀਲਤਾ ਅਤੇ ਸਹਿਜ ਨਾਲ ਪੇਸ਼ ਹੁੰਦਾ ਹੈ (ਜਿਵੇਂ ਕਸੂਰਵਾਰ) ਉਥੇ ਤਾਂ ਵਧੀਆ ਦ੍ਰਿਸ਼ਟੀ ਮੂਲਕ (Visual) ਬਿਰਤਾਂਤ ਦੀ ਸਿਰਜਣਾ ਹੋ ਜਾਂਦੀ ਹੈ ਅਤੇ ਜਿਥੇ ਖੰਡਿਤ ਸੰਵੇਦਨਾ ਦੇ ਪ੍ਰੇਰਕ ਪੂਰੀ ਤਰ੍ਹਾਂ ਨਹੀਂ ਉੱਘੜਦੇ ਅਤੇ ਸਮੁੱਚਾ ਬਿਰਤਾਂਤ ਪ੍ਰਬੰਧ 'ਮੈਂ ਪਾਤਰ' ਦੀ ਨਿੱਜੀ ਅਕਾਂਖਿਆ ਹੇਠ ਦੱਬਿਆ ਜਾਂਦਾ ਹੈ (ਜਿਵੇਂ ਇੰਦੂਮਣੀ, ਪਿੰਜਰ, ਜਨੇਊ) ਉਥੇ ਪੇਸ਼ ਕਥਾ-ਸੰਸਾਰ ਵੱਡੇ ਅਰਥ ਸਿਰਜਣ ਵਿਚ ਅਸਫਲ ਰਹਿੰਦਾ ਹੈ। ਮਿਸਾਲ ਲਈ 'ਇੰਦੂਮਣੀ' ਦੀ ਇੰਦੂ ਦੀ ਪਾਰੇ ਵਾਂਗ ਥਿੜਕਵੀਂ, ਥਰਕਵੀਂ ਸ਼ਖ਼ਸੀਅਤ ਕਾਰਨ ਪੈਦਾ ਹੋਇਆ ਸਮੁੱਚਾ ਸੰਕਟ ਸਮਾਜੀ ਪ੍ਰਸਥਿਤੀਆਂ ਦੀ ਬਜਾਇ ਉਸ ਦੇ ਢੁਕਵੇਂ ਸਮੇਂ 'ਤੇ ਸਹੀ ਫੈਸਲਾ ਲੈ ਸਕਣ ਦੀ ਅਯੋਗਤਾ ਵਿਚ ਨਿਰਧਾਰਤ ਹੁੰਦਾ ਹੈ। ਇਥੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਲਈ ਵੀ ਉਸ ਦਾ ਆਸਾ-ਪਾਸਾ ਹੀ ਜ਼ਿੰਮੇਵਾਰ ਹੈ ਪ੍ਰੰਤੂ ਕਹਾਣੀ ਦੀ ਧੁਨੀ ਵਿਚੋਂ ਇੰਦੂ ਵਿਰੋਧੀ ਕਥਾ-ਵਿਵੇਕ ਹੀ ਪਾਠਕ ਦੀ ਪਕੜ ਵਿਚ ਆਉਂਦਾ ਹੈ। ਉਹ ਨਿੱਜੀ ਮੁਫਾਦਾਂ ਲਈ ਪਲ-ਪਲ ਫੈਸਲੇ ਬਦਲਦੇ ਪਾਤਰਾਂ ਤੋਂ ਵੱਡਾ ਹੋਰ ਕੋਈ ਅਰਥ ਨਹੀਂ ਸਿਰਜਦੀ। ਆਪਣੀ ਇਸੇ ਅਯੋਗਤਾ ਕਾਰਨ ਹੀ ਉਹ ਅੰਤਿਮ ਤੌਰ 'ਤੇ ਪ੍ਰੇਮਿਕਾ, ਪਤਨੀ, ਧੀ ਅਤੇ ਮਾਂ ਚੌਹਾਂ ਕੋਨਿਆਂ ਵਿਚ ਹੀ ਮਾਤ

ਖਾਂਦੀ ਕੋਈ ਵਡੇਰਾ ਮੁੱਲ ਵਿਧਾਨ ਸਿਰਜਣ ਤੋਂ ਅਸਮਰਥ ਹੁੰਦੀ ਹੈ। ਉਸ ਦੀ ਚੇਤਨਾ ਕਦੇ ਚੁੰਨੀ ਨੂੰ ਅਪਨਾਉਣ ਤੇ ਕਦੇ ਵਗਾਹ ਮਾਰਨ ਦੇ ਦਾਇਰਿਆਂ ਵਿਚ ਨਿਰੰਤਰ ਟੁੱਟਦੀ ਵੱਟਦੀ ਉਸ ਨੂੰ ਘੋਰ ਵਿਸ਼ਾਦ ਦੀ ਸਥਿਤੀ ਵਿਚ ਪਹੁੰਚਾ ਦਿੰਦੀ ਹੈ।

'ਮੈਂ, ਸ਼ੈਤਾਨ ਤੇ ਇੰਦੂਮਣੀ' ਦੀ ਟੈਕਸਟ ਉੱਪਰ ਆਪਣੀ ਟੈਕਸਟ ਉਸਾਰਦਿਆਂ ਇਹ ਗੱਲ ਵੀ ਬੜੀ ਪੁਖ਼ਤਗੀ ਨਾਲ ਸਪੱਸ਼ਟ ਹੁੰਦੀ ਹੈ ਕਿ ਬਿਰਤਾਂਤ ਪੇਸ਼ਕਾਰੀ ਲਈ ਉੱਤਮ ਪੁਰਖੀ ਬਿਰਤਾਂਤ **(First Person Narrative)** ਜਾਂ ਅੱਨਯਪੁਰਖੀ ਬਿਰਤਾਂਤ **(Third Person Narrative)** ਦੀਆਂ ਯੁਗਤਾਂ ਬਰਾਬਰ ਦੇ ਮਹੱਤਵ ਦੀਆਂ ਧਾਰਨੀ ਹਨ। ਜੇ ਰਚਨਾਵੀਂ ਵਸਤ ਆਪਣੇ ਸਮੁੱਚੇ ਸਹਿਜ ਅਤੇ ਸੰਤੁਲਨ ਅਨੁਸਾਰ ਕਲਾਤਮਿਕ ਵਿਵੇਕ ਵਿਚ ਢਲੇਗੀ ਤਾਂ ਦੋਵਾਂ ਯੁਗਤਾਂ ਨਾਲ ਹੀ ਖ਼ੂਬਸੂਰਤ ਬਿਰਤਾਂਤਕ-ਪਾਠਾਂ ਦੀ ਸਿਰਜਣਾ ਹੋ ਸਕਦੀ ਹੈ ਜਿਵੇਂ 'ਕਸੂਰਵਾਰ' ਤੇ 'ਵਿਥਾਂ ਦੇ ਆਰ-ਪਾਰ' ਕਹਾਣੀਆਂ ਕ੍ਰਮਵਾਰ ਦੋਨੋਂ ਯੁਗਤਾਂ ਰਾਹੀਂ ਪੇਸ਼ ਹੋਈਆਂ ਕਾਮਯਾਬ ਕਹਾਣੀਆਂ ਹਨ। ਅਸਲ ਵਿਚ ਇਨ੍ਹਾਂ ਦੀ ਸਫਲਤਾ ਦਾ ਰਾਜ ਰਚਨਾ ਵਸਤੂ ਦੀ ਕਲਾਤਮਿਕ ਢੰਗ ਅਤੇ ਦ੍ਰਿਸ਼ਟੀ ਨਾਲ ਸਿਰਜਣਾ ਕਰਨ ਵਿਚ ਹੈ। ਇਥੇ ਰਸੂਲਪੁਰੀ ਆਪਣੇ ਉਸਾਰੇ ਕਲਾਤਮਿਕ ਬਿੰਬ ਰਾਹੀਂ ਆਪਣਾ ਪ੍ਰਭਾਵ ਛੱਡਣ ਵਿਚ ਸਫਲ ਹੁੰਦਾ ਹੈ ਪ੍ਰੰਤੂ ਦੂਜੇ ਬਿਰਤਾਂਤਕ ਪਾਠ ਉੱਤਮ ਪੁਰਖੀ ਯੁਗਤ ਦੇ ਇਸਤੇਮਾਲ ਅਤੇ ਮਿਥਿਹਾਸ, ਇਤਿਹਾਸ ਨੂੰ ਵੀ ਇਕ ਯੁਗਤ ਵਜੋਂ ਵਰਤਣ ਦੇ ਬਾਵਜੂਦ ਵੀ ਆਪਣੇ ਅਧੂਰੇ ਕਲਾਤਮਿਕ ਸੰਗਠਨ ਕਾਰਨ ਕੋਈ ਵਡੇਰਾ ਕਲਾਤਮਿਕ ਪਾਠ ਸਿਰਜਣ ਤੋਂ ਉਰਾਂ ਹੀ ਰਹਿੰਦੇ ਹਨ। ਸਪੱਸ਼ਟ ਹੈ ਕਿ ਯੁਗਤ ਦੀ ਬਜਾਇ ਇਸ ਦਾ ਕਲਾਤਮਿਕ ਨਿਭਾਅ ਹੀ ਮਹੱਤਵਪੂਰਨ ਮੁੱਦਾ ਹੈ। ਵੈਸੇ ਵੀ ਇਕ ਹੀ ਯੁਗਤ ਦਾ ਬਾਰ-ਬਾਰ ਦੁਹਰਾਉ ਕਥਾ-ਵਸਤੂ ਦੇ ਨਿਵੇਕਲੇਪਣ ਦੀ ਅਣਹੋਂਦ ਵਿਚ ਪਾਠਕ ਲਈ ਸਗੋਂ ਅਕਾਊ ਵੀ ਬਣ ਜਾਂਦਾ ਹੈ। ਰਸੂਲਪੁਰੀ ਨੂੰ ਇਸ ਪਾਸਿਉਂ ਸੁਚੇਤ ਹੋਣ ਦੀ ਜ਼ਰੂਰਤ ਹੈ।

ਭਾਸ਼ਾ ਸਾਹਿਤ ਦੀ ਜਿੰਦ ਪ੍ਰਾਣ ਹੁੰਦੀ ਹੈ। ਇਸ ਨੂੰ ਵਰਤਣ ਦੀ ਯੋਗਤਾ/ਅਯੋਗਤਾ ਵਿਚ ਹੀ ਕਥਾਕਾਰ ਦੀ ਯੋਗਤਾ/ਅਯੋਗਤਾ ਛੁਪੀ ਹੁੰਦੀ ਹੈ। ਰਸੂਲਪੁਰੀ ਜਿਸ ਤਰ੍ਹਾਂ ਦੇ ਚੇਤਨਾ-ਪ੍ਰਵਾਹ ਦੀ ਕਹਾਣੀ ਦੀ ਸਿਰਜਣਾ ਕਰਦਾ ਹੈ ਉਸ ਵਿਚ ਨਿੱਕੀਆਂ-ਨਿੱਕੀਆਂ ਬੁਰਸ਼ ਛੋਹਾਂ ਨਾਲ ਹੀ ਵੱਡਾ ਪਰਿਪੇਖ ਉੱਸਰਦਾ ਹੈ। ਨਿੱਕੇ-ਨਿੱਕੇ ਅਸਲੋਂ ਅਰਥਹੀਣ ਜਾਪਦੇ ਵੇਰਵਿਆਂ ਨੇ ਹੀ ਘਟਨਾਵੀਂ ਪ੍ਰਬੰਧ ਦਾ ਅਧਾਰ ਬਣਨਾ ਹੁੰਦਾ ਹੈ। ਇਸ ਯੁਗਤ ਵਿਚ ਉਹ ਖਾਸਾ ਸ.ਫਲ ਹੈ ਪ੍ਰੰਤੂ ਭਾਸ਼ਾ ਨੂੰ ਜਦ ਉਹ ਮਾਨਵੀਂ/ਵਸਤੂ ਸਥਿਤੀਆਂ ਦੇ ਪ੍ਰਕਿਰਤਿਕ ਰੂਪ ਦੇ ਵਧੇਰੇ ਨੇੜੇ ਲੈ ਜਾਂਦਾ ਹੈ ਤਾਂ ਉਸ ਦੇ ਸੁਹਜ ਬਿੰਬ ਨੂੰ ਜਰਬ ਪਹੁੰਚਦੀ ਹੈ। ਇਸੇ ਤਰ੍ਹਾਂ ਹੀ ਉਹ ਕਈ ਥਾਂਈਂ ਪਾਤਰਾਂ ਦੇ ਮੂੰਹ ਬੜੀ ਓਪਰੀ ਭਾਸ਼ਾ ਪਾਉਂਦਾ ਹੈ। ਮਿਸਾਲ ਲਈ 'ਵਿੱਥਾਂ ਦੇ ਆਰ-ਪਾਰ' ਕਹਾਣੀ ਵਿਚ ਅਨਪੜ੍ਹ ਦਲਿਤ ਕੁੜੀ ਸ਼ੀਰੋ, ਮੀਕੇ ਨੂੰ ਆਪਣੇ ਮਨ ਦੇ ਭਾਵ ਪ੍ਰਗਟ ਕਰਦਿਆਂ ਸੁਭਾਵਿਕ ਨਹੀਂ ਜਾਪਦੀ। ਸ਼ੀਰੋ ਦੀਆਂ ਧੁਰ ਡੂੰਘਾਣਾਂ ਨਾਲ ਇਕਸੁਰਤਾ ਦੀ ਬਜਾਇ ਬਨਾਵਟੀ ਜਾਪਦੀ ਭਾਸ਼ਾ ਦਾ ਨਮੂਨਾ ਵੇਖੋ :

'ਬਸ ਤੂੰ ਮੈਨੂੰ ਫੁੱਲ ਵਾਂਗ ਟਹਿਕਦਾ ਦਿਸਿਆ ਕਰ....ਹਾਸੇ ਦੀਆਂ ਖੁਸ਼ਬੂਆਂ ਛੱਡਿਆ ਕਰ....ਤੈਨੂੰ ਪਤਾ ਭੌਰੇ ਵੀ ਉਹਦੇ ਕੋਲ ਈ ਆਉਂਦੇ ਆ ਜਿਹਦਾ ਹਿਰਦਾ ਖੁਸ਼ਬੂਆਂ ਦੀਆਂ ਲਪਟਾਂ ਛੱਡੇ।' (9)

ਪਰ ਅਜਿਹੇ ਸੰਵਾਦ ਰਸੂਲਪੁਰੀ ਦੀ ਕਥਾ ਵਿਚ ਵਧੇਰੇ ਨਹੀਂ ਹਨ। ਜ਼ਿਆਦਾਤਰ ਉਹ ਭਾਸ਼ਾ ਵਰਤੋਂ ਅਤੇ ਖਾਸ ਕਰਕੇ ਸੰਵਾਦੀ-ਬਿਰਤਾਂਤ ਦੀ ਸਥਿਤੀ ਵਿਚ ਢੁਕਵੀਂ ਭਾਸ਼ਾ ਦੀ ਵਰਤੋਂ ਕਰਦਾ ਹੈ। ਸੰਖੇਪਤਾ ਤੇ ਸੰਜਮ ਵਿਚ ਕਥਾ ਦੇ ਵਿਸਥਾਰਮਈ ਪਰਿਪੇਖ ਸਿਰਜਣ ਦੀ ਯੁਗਤ ਨੂੰ ਜ਼ਿਆਦਾਤਰ ਕਲਾਤਮਿਕਤਾ ਨਾਲ ਨਿਭਾਉਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਵੰਤ ਰਸੂਲਪੁਰੀ ਆਪਣੇ ਪਹਿਲੇ ਕਹਾਣੀ ਸੰਗ੍ਰਹਿ ਵਿਚ ਹੀ ਅਜਿਹਾ ਰਚਨਾਵੀਂ ਸੰਸਾਰ ਉਸਾਰਨ ਵਿਚ ਸ.ਫਲ ਰਹਿੰਦਾ ਹੈ ਜਿਸ ਵਿਚ ਦਲਿਤ ਮਨੁੱਖ ਆਪਣੀਆਂ ਜਾਤੀਗਤ ਸੀਮਾਵਾਂ ਤੋਂ ਅਗੇਰੇ ਤੁਰਦਿਆਂ ਆਪਣੀਆਂ ਜਮਾਤੀਗਤ ਸੰਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਦੇ ਪੇਸ਼ ਹੋਏ ਦਲਿਤ ਮਨੁੱਖ ਦਾ ਉੱਸਰਿਆ ਦਲਿਤ ਸੱਭਿਆਚਾਰ ਆਪਣੀਆਂ ਸਮੁੱਚੀਆਂ ਸ਼ਕਤੀਆਂ, ਸੰਭਾਵਨਾਵਾਂ ਅਤੇ ਸੀਮਾਵਾਂ ਸਹਿਤ ਪੇਸ਼ ਹੁੰਦਾ ਹੈ। ਦਲਿਤ ਮਨੁੱਖ ਆਪਣੇ ਜਾਤੀ ਅਤੇ ਜਮਾਤੀ ਸਰੋਕਾਰਾਂ ਅਨੁਸਾਰ ਜੀਵਨ ਜਿਉਂਦੇ, ਧੜਕਦੇ ਅਤੇ ਪਲ-ਪਲ ਹਲਾਲ ਹੋਣ ਦੀਆਂ ਪ੍ਰਸਥਿਤੀਆਂ ਵਿਚ ਵਿਚਰਦੇ ਦਿਖਾਈ ਦਿੰਦੇ ਹਨ। ਆਪਣੀ 'ਮਨੁੱਖਤਾ' ਤੋਂ ਅਮਾਨਵੀਂ ਪ੍ਰਸਥਿਤੀਆਂ



ਦੁਆਰਾ ਖਾਰਜ ਹੁੰਦੇ ਇਹ ਅਣਹੋਏ ਮਨੁੱਖ ਅਜੇ ਦੁਬਿਧਾ, ਤਨਾਉ ਅਤੇ ਸੰਕਟ ਸਥਿਤੀਆਂ ਨਾਲ ਹੀ ਜੂਝ ਰਹੇ ਹਨ। ਭਗਵੰਤ ਰਸੂਲਪੁਰੀ ਦੀ ਕਲਾਤਮਿਕਤਾ ਇਸ ਗੱਲ ਵਿਚ ਹੈ ਕਿ ਉਸ ਦਾ ਕਥਾ-ਸੰਸਾਰ ਦਲਿਤ ਸੱਭਿਆਚਾਰ ਦੇ ਦੁਖਾਂਤਕ ਬੋਧ ਨੂੰ ਚਿਤਰਦਿਆਂ ਸਾਡੇ ਸਮਾਜਚਾਰੇ ਨੂੰ ਸਹਿਜ ਰੂਪ ਵਿਚ ਚਿਤਵਦਿਆਂ ਇਸ ਨੂੰ ਵਿਸਫੋਟਕ ਰੂਪ ਵਿਚ ਮੂਲੋਂ ਹੀ ਰੱਦ ਨਹੀਂ ਕਰਦਾ ਸਗੋਂ ਇਸ ਵਿਚਲੇ ਦਲਿਤ ਵਿਰੋਧੀ ਸੱਭਿਆਚਾਰ ਨੂੰ ਨਕਾਰਣ ਦਾ ਸੁਹਜ-ਬਿੰਬ ਸਿਰਜਦਾ ਹੈ।

*ਹਵਾਲਾ ਸੂਚੀ :*


1. ਭਗਵੰਤ ਰਸੂਲਪੁਰੀ 'ਮੈਂ, ਸ਼ੈਤਾਨ ਤੇ ਇੰਦੂਮਣੀ' ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ, 1999, ਪੰਨਾ 13.
2. ਉਹੀ, ਪੰਨਾ 15
3. ਉਹੀ, ਪੰਨਾ 62
4. ਉਹੀ, ਪੰਨਾ 70
5. ਉਹੀ, ਪੰਨਾ 52
6. ਉਹੀ, ਪੰਨਾ 62
7. ਉਹੀ, ਪੰਨਾ 76
8. ਉਹੀ, ਪੰਨਾ 31
9. ਉਹੀ, ਪੰਨਾ 58


## *ਵਿਚਾਰ ਚਰਚਾ*

*ਹਰਵਿੰਦਰ ਭੰਡਾਲ* : ਇਸ ਕਿਤਾਬ ਉੱਪਰ ਅਸੀਂ ਦੋ ਪੇਪਰ ਸੁਣੇ ਹਨ। ਇਕ ਸੁਖਪਾਲ ਥਿੰਦ ਤੇ ਦੂਜਾ ਸੁਖਵਿੰਦਰ ਰੰਧਾਵਾ ਜੀ ਦਾ। ਇਨ੍ਹਾਂ ਦੋਹਾਂ ਪੇਪਰਾਂ 'ਚ ਬਹੁਤ ਕੁਝ ਮਿਲਦਾ-ਜੁਲਦਾ ਅਸੀਂ ਦੇਖਿਆ ਹੈ। ਕੁਝ ਵਖਰੇਵੇਂ ਵੀ ਸਾਡੇ ਸਾਹਮਣੇ ਆਏ ਹਨ। ਰੰਧਾਵਾ ਹੁਰਾਂ ਦਾ ਪੇਪਰ ਮੈਨੂੰ ਵਿਆਖਿਆ ਮਈ ਜ਼ਿਆਦਾ ਲੱਗਿਆ। ਉਨ੍ਹਾਂ ਨੇ, ਭਗਵੰਤ ਰਸੂਲਪੁਰੀ ਨੂੰ 'ਮੈਂ, ਸ਼ੈਤਾਨ ਤੇ ਇੰਦੂਮਣੀ' ਵਿਚ ਜੋ ਕਥਾ ਜੁਗਤਾਂ, ਵਿਧੀਆਂ ਵਰਤੀਆਂ ਹਨ ਜਾਂ ਕਥਾ ਵਿਵੇਕ ਦੇਣ ਦੀ ਕੋਸ਼ਿਸ਼ ਕੀਤੀ ਹੈ, ਉਸ ਦੀ ਵਿਆਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ। ਥਿੰਦ ਨੇ ਆਪਣੇ ਪੇਪਰ 'ਚ ਆਲੋਚਨਾਤਮਿਕ ਸੁਰ ਰੱਖੀ ਹੈ। ਮੈਂ ਕੁਝ ਮੁੱਦੇ ਉਭਾਰਨ ਦਾ ਯਤਨ ਕਰਾਂਗਾ। ਉਨ੍ਹਾਂ ਮੁੱਦਿਆਂ ਦਾ ਵਿਸਥਾਰ ਵੀ ਹੋਵੇਗਾ ਜਿਹੜੇ ਮੁੱਦੇ ਏਥੇ ਐਨੇ ਨਹੀਂ ਉੱਭਰੇ। ਪਹਿਲੀ ਗੱਲ ਜੋ ਮੇਰੇ ਦਿਮਾਗ 'ਚ ਆਉਂਦੀ ਹੈ....ਅੱਜਕੱਲ੍ਹ ਦੋ-ਤਿੰਨ ਮੁੱਦੇ ਬਹੁਤ ਚਰਚਿਤ ਹੋ ਰਹੇ ਹਨ ਜਿਨ੍ਹਾਂ 'ਤੇ ਭਖਵੀਂ ਬਹਿਸ ਚੱਲ ਰਹੀ ਹੈ। ਉਨ੍ਹਾਂ ਮੁੱਦਿਆਂ ਵਿਚੋਂ ਇਕ ਮੁੱਦਾ ਦਲਿਤ ਸਹਿਤ ਦਾ ਵੀ ਮੁੱਦਾ ਹੈ। ਇਸ ਮੁੱਦੇ ਨੂੰ ਪੰਜਾਬੀ ਕਹਾਣੀ ਵਿਚ ਵੀ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਮ ਆਲੋਚਨਾ ਲੇਖਾਂ 'ਚ ਦਲਿਤ ਕਹਾਣੀਕਾਰਾਂ ਦੀ ਸੂਚੀ ਦੇ ਦਿੱਤੀ ਜਾਂਦੀ ਹੈ। ਉਸ ਸੂਚੀ ਦਾ ਅਧਾਰ ਉਨ੍ਹਾਂ ਕਹਾਣੀਕਾਰਾਂ ਦੀ ਰਚਨਾ ਦ੍ਰਿਸ਼ਟੀ ਨੂੰ ਨਹੀਂ ਬਣਾਇਆ ਜਾਂਦਾ ਸਗੋਂ ਇਹ ਅਧਾਰ ਬਣਾਇਆ ਜਾਂਦਾ ਹੈ ਕਿ ਜਨਮ ਵਜੋਂ ਇਨ੍ਹਾਂ ਨੇ ਦਲਿਤ ਭਾਈਚਾਰੇ 'ਚ ਜਨਮ ਲਿਆ ਹੈ। ਇਸ ਕਰਕੇ ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਅਜਮੇਰ ਸਿੱਧੂ ਜਿਨ੍ਹਾਂ ਦੀ ਰਚਨਾ ਦ੍ਰਿਸ਼ਟੀ 'ਚ ਦਲਿਤ ਚੇਤਨਾ ਮੌਜੂਦ ਨਹੀਂ ਹੈ। ਜੇ ਮੈਂ ਇਥੇ ਦਲਿਤ ਚੇਤਨਾ ਲਫਜ਼ ਵਰਤ ਰਿਹਾ ਹਾਂ ਤਾਂ ਮੈਂ ਦਲਿਤ ਚੇਤਨਾ ਦਾ ਪ੍ਰੰਪਰਕ ਸਵਰੂਪ ਸਾਹਮਣੇ ਰੱਖ ਕੇ ਗੱਲ ਕਰ ਰਿਹਾ ਹਾਂ। ਜਿਵੇਂ ਕਿ ਅੱਜ ਏਥੇ ਦਲਿਤ ਚੇਤਨਾ ਨੂੰ ਜਾਤ ਦੇ ਅਧਾਰ ਉੱਤੇ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਅਸੀਂ ਏਥੇ ਭਗਵੰਤ ਰਸੂਲਪੁਰੀ ਦੀ ਗੱਲ ਕਰਨੀ ਹੈ।

ਇਸ ਦੀ ਕਹਾਣੀ ਵਿਚ ਅਜਿਹੇ ਪਸਾਰ ਸਾਡੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਪਸਾਰਾਂ ਨੂੰ ਅਸੀਂ ਸਿਰਫ ਤੇ ਸਿਰਫ ਜਾਤ ਦੇ ਅਧਾਰ ਉੱਤੇ ਮੁਲੰਕਣ ਨਹੀਂ ਕਰ ਸਕਦੇ। ਕਿਤਾਬ ਵਿਚਲੀਆਂ ਕਹਾਣੀਆਂ ਦੇ ਪਾਤਰਾਂ ਨੂੰ ਵੱਖਰੇ-ਵੱਖਰੇ ਤਰ੍ਹਾਂ ਮਾਨਸਿਕ, ਆਰਥਿਕ, ਸਮਾਜਿਕ ਤੌਰ 'ਤੇ ਨਪੀੜਿਆ ਜਾ ਰਿਹਾ ਹੈ। ਲੇਕਿਨ ਬਹੁਤ ਸਾਰੀਆਂ ਸਮੱਸਿਆਵਾਂ ਅਜਿਹੀਆਂ ਸਾਡੇ ਸਾਹਮਣੇ ਉੱਭਰ ਕੇ ਇਨ੍ਹਾਂ ਕਹਾਣੀਆਂ 'ਚ ਆਉਂਦੀਆਂ ਹਨ ਜਿਹੜੀਆਂ ਕਥਿਤ ਦਲਿਤ ਜਾਤੀ ਨਾਲ ਸੰਬੰਧ ਰੱਖਣ ਵਾਲੇ ਪਾਤਰਾਂ ਦੇ ਹੀ ਸਾਹਮਣੇ ਨਹੀਂ ਆਉਂਦੀਆਂ ਸਗੋਂ ਕਥਿਤ ਸਵਰਨ ਜਾਤੀ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਦੇ ਸਾਹਮਣੇ ਵੀ ਆਉਂਦੀਆਂ ਹਨ। ਜੋ ਆਰਥਿਕ ਰੂਪ 'ਚ ਦੱਬਿਆ ਹੋਇਆ ਹੈ, ਉਸ ਨੂੰ ਇਨ੍ਹਾਂ ਸਮੱਸਿਆਵਾਂ ਦਾ ਸਾਹਮਣਾ

ਕਰਨਾ ਪੈ ਰਿਹਾ ਹੈ। ਜਦੋਂ ਅਸੀਂ ਪਾਤਰਾਂ ਦੇ ਮਾਨਸਿਕ ਸੰਕਟ ਦੇ ਕਾਰਨ ਲੱਭਣ ਤੁਰਦੇ ਹਾਂ ਤਾਂ ਇਨ੍ਹਾਂ ਕਹਾਣੀਆਂ 'ਚ ਵੀ ਸਪੱਸ਼ਟ ਸਾਹਮਣੇ ਪਿਆ ਹੈ ਕਿ ਇਹ ਮਾਨਸਿਕ ਸੰਕਟ ਦੇ ਕਾਰਨ ਕੇਵਲ ਦਲਿਤ ਲੋਕਾਂ 'ਚ ਹੀ ਨਹੀਂ ਮਿਲਦੇ। ਮੇਰਾ ਖਿਆਲ ਹੈ ਦਲਿਤ ਚੇਤਨਾ ਜਾਂ ਦਲਿਤ ਸਾਹਿਤ ਦੀ ਪਰਿਭਾਸ਼ਾ ਦੇ ਲਈ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਸਾਨੂੰ ਇਕ ਵਧੀਆ ਅਧਾਰ ਮੁਹੱਈਆ ਕਰਵਾਉਂਦੀਆਂ ਨੇ ਕਿ ਅਸੀਂ ਦਲਿਤ ਸਾਹਿਤ ਨੂੰ ਸਿਰਫ ਸਹਿਤਕਾਰ ਦੇ ਜਨਮ ਨੂੰ ਸਾਹਮਣੇ ਰੱਖ ਕੇ ਦਲਿਤ ਸਾਹਿਤ ਦਾ ਫੈਸਲਾ ਕਰਨਾ ਹੈ ਜਾਂ ਦਲਿਤ ਸਾਹਿਤ ਦੇ ਧੀਮਕ ਸੰਸਾਰ ਨੂੰ ਸਾਹਮਣੇ ਰੱਖ ਕੇ ਫੈਸਲਾ ਕਰਨਾ ਹੈ। ਸਾਡੇ ਸਾਹਿਤ 'ਚ ਲਗਾਤਾਰ ਪ੍ਰਗਤੀਸ਼ੀਲ ਧਾਰਾ ਚੱਲੀ ਆ ਰਹੀ ਹੈ, ਜੋ ਹਮੇਸ਼ਾ ਮਾਨਵੀ ਦ੍ਰਿਸ਼ਟੀਕੋਣ ਤੋਂ ਹੁੰਦੀ ਹੋਈ ਸਮਾਜ ਦੇ ਵਿਕਾਸ ਬਾਰੇ ਸੋਚਦੀ ਹੈ। ਅਸੀਂ ਇਸ ਦਲਿਤ ਸਾਹਿਤ ਨੂੰ ਇਸ ਪ੍ਰਸੰਗ 'ਚ ਰੱਖਣਾ ਹੈ। ਮੇਰੇ ਖਿਆਲ 'ਚ ਇਸ ਮੁੱਦੇ ਨੂੰ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਦੇ ਪ੍ਰਸੰਗ 'ਚ ਜ਼ਰੂਰ ਵਾਚਣਾ ਚਾਹੀਦਾ ਹੈ। ਦੂਜੀ ਗੱਲ ਜੋ ਮੈਂ ਰਸੂਲਪੁਰੀ ਦੀ ਕਹਾਣੀ ਟੈਕਨੀਕ ਬਾਰੇ ਕਰਨੀ ਹੈ। ਪੇਪਰਾਂ 'ਚ ਵੀ ਇਹ ਗੱਲ ਆਈ ਹੈ। ਜਦੋਂ ਮੈਂ ਕਹਾਣੀਆਂ ਪੜ੍ਹੀਆਂ ਸੀ ਤਾਂ ਮਹਿਸੂਸ ਕੀਤਾ ਸੀ ਕਿ ਟੈਕਨੀਕ ਬਾਰੇ ਕੁਝ ਨਾ ਕੁਝ ਜ਼ਰੂਰ ਕਹਿਣਾ ਚਾਹੀਦਾ ਹੈ। ਰਸੂਲਪੁਰੀ ਦੀ ਕਹਾਣੀ ਦੀ ਟੈਕਨੀਕ ਸਾਨੂੰ ਭਗਵੰਤ ਰਸੂਲਪੁਰੀ ਦੀ ਕਹਾਣੀ ਟੈਕਨੀਕ ਬਾਰੇ ਸੋਚਣ ਲਈ ਉਕਸਾਉਂਦੀ ਹੈ। ਭਗਵੰਤ ਰਸੂਲਪੁਰੀ ਦੀ ਪਹਿਲੀ ਕਿਤਾਬ ਜੋ ਕਿ ਦੇਸ ਰਾਜ ਕਾਲੀ ਨਾਲ ਸਾਂਝੀ ਆਈ ਸੀ, ਜਦੋਂ ਅਸੀਂ ਉਨ੍ਹਾਂ ਕਹਾਣੀਆਂ ਦਾ ਪਾਠ ਕਰਦੇ ਹਾਂ ਅਤੇ ਫਿਰ ਇਸ ਕਿਤਾਬ ਦੀਆਂ ਕਹਾਣੀਆਂ ਦਾ ਪਾਠ ਕਰਦੇ ਹਾਂ, ਲੱਗਦਾ ਹੈ ਕਿ ਭਗਵੰਤ ਸੁਚੇਤ ਹੋ ਕੇ ਇਕ ਵੱਖਰੀ ਤਰ੍ਹਾਂ ਦੀ ਟੈਕਨੀਕ ਅਪਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਹਾਣੀਆਂ ਤੋਂ ਇਹ ਕਹਾਣੀਆਂ ਇਕਦਮ ਐਨਾ ਫਾਸਲਾ ਸਿਰਜਦੀਆਂ ਹਨ ਕਿ ਸਾਨੂੰ ਸੋਚਣ 'ਤੇ ਮਜਬੂਰ ਕਰਦੀਆਂ ਹਨ ਕਿ ਕਥਾਕਾਰ ਦੀ ਇਹ ਲੰਮੀ ਛਲਾਂਗ ਕਿਸ ਤਰ੍ਹਾਂ ਲੱਗੀ ਹੈ। ਬੇਸ਼ੱਕ ਕਲਾਤਮਿਕ ਤੌਰ 'ਤੇ ਇਹ ਕਹਾਣੀਆਂ ਪਹਿਲੀਆਂ ਕਹਾਣੀਆਂ ਨਾਲੋਂ ਵਧੀਆ ਹਨ। ਇਕ ਖਾਸ ਤਰ੍ਹਾਂ ਦੀ ਸੁਚੇਤ ਹੋ ਕੇ ਅਪਨਾਉਣ ਦੀ ਟੈਕਨੀਕ ਦੀ ਕਾਹਲ, ਇਨ੍ਹਾਂ ਕਹਾਣੀਆਂ ਦਾ ਸੰਕਟ ਵੀ ਸਾਡੇ ਸਾਹਮਣੇ ਉੱਭਰ ਕੇ ਆਉਂਦਾ ਹੈ। ਥਿੰਦ ਨੇ ਵੀ ਆਪਣੇ ਪੇਪਰ ਵਿਚ ਜ਼ਿਕਰ ਕੀਤਾ ਹੈ। ਇਸ ਕਿਤਾਬ 'ਚ ਸ਼ਾਮਲ 8 ਕਹਾਣੀਆਂ 'ਚੋਂ 6-7 ਕਹਾਣੀਆਂ ਅਜਿਹੀਆਂ ਹਨ ਜਿਹੜੀਆਂ ਮੈਂ ਮੂਲਿਕ, ਉਤਮ ਪੁਰਖੀ ਬਿਰਤਾਂਤ ਨੂੰ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ। ਇਸ ਬਿਰਤਾਂਤ ਦੀਆਂ ਆਪਣੀਆਂ ਸੀਮਾਵਾਂ ਵੀ ਹਨ ਤੇ ਆਪਣੀਆਂ ਸੰਭਾਵਨਾਵਾਂ ਵੀ ਹਨ। ਇਹ ਕਥਾਕਾਰ ਦੀ ਮਾਨਸਿਕ ਸੰਰਚਨਾ 'ਤੇ ਨਿਰਭਰ ਕਰਦਾ ਹੈ ਕਿ ਇਸ ਤਕਨੀਕ 'ਚ ਕਿੰਨਾ ਸਫਲ ਹੋ ਸਕਦਾ ਹੈ ਕਿੰਨਾ ਨਹੀਂ।

ਪ੍ਰੇਮ ਪ੍ਰਕਾਸ਼ ਇਸ ਟੈਕਨੀਕ ਨੂੰ ਨਿਭਾਉਣ ਵਾਲਾ ਸਫ਼ਲ ਕਥਾਕਾਰ ਹੈ। ਰਸੂਲਪੁਰੀ ਇਸ ਟੈਕਨੀਕ ਨੂੰ ਓਨੀ ਸਸ਼ੱਕਤ ਰੂਪ 'ਚ ਸਾਡੇ ਸਾਹਮਣੇ ਪੇਸ਼ ਨਹੀਂ ਕਰ ਸਕਿਆ। ਥਿੰਦ ਨੇ 'ਕਸੂਰਵਾਰ' ਕਹਾਣੀ ਨੂੰ ਇਸ ਟੈਕਨੀਕ ਨਾਲ ਲਿਖੀ ਹੋਈ ਸਫਲ ਕਹਾਣੀ ਕਿਹਾ ਹੈ। ਮੈਂ ਉਨ੍ਹਾਂ ਦੀਆਂ ਬਹੁਤ ਗੱਲਾਂ ਨਾਲ ਸਹਿਮਤ ਹਾਂ ਪ੍ਰੰਤੂ ਇਸ ਦੇ ਬਾਵਜੂਦ ਇਸ ਕਹਾਣੀ 'ਚ ਟੈਕਨੀਕ ਨੁਕਸ ਜ਼ਰੂਰ ਨਜ਼ਰ ਆ ਜਾਂਦਾ ਹੈ ਕਿ ਜਦੋਂ ਉਹ ਬਿੰਬ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਕਹਾਣੀ 'ਚ ਰੌਮੀ ਨਾਂ ਦੀ ਕੁੱਤੀ ਦਾ ਬਿੰਬ ਸਿਰਜਿਆ ਹੋਇਆ ਰੱਜੋ ਪਾਤਰ ਨਾਲ ਜੋੜਦਾ ਹੈ। ਜਦੋਂ ਕਥਾਕਾਰ ਰੱਜੋ ਪਾਤਰ ਨਾਲ ਪੈਰੇਲਰ ਬਿੰਬ ਸਿਰਜਣ ਲੱਗਾ ਥੋੜ੍ਹਾ ਜਿਹਾ ਅਸਫਲ ਹੋ ਜਾਂਦਾ ਹੈ। ਇਕ ਕੁੱਤੀ ਦੀਆਂ ਕਾਮੁਕ ਪ੍ਰਵਿਰਤੀਆਂ ਨਿਰੋਲ ਪਾਸਵਿਕ ਪ੍ਰਵਿਰਤੀਆਂ ਹਨ ਪ੍ਰੰਤੂ ਜਦੋਂ ਰੱਜੋ ਨੂੰ ਜਾਂ ਮੈਂ ਪਾਤਰ ਨੂੰ ਇਨ੍ਹਾਂ ਸੰਬੰਧਾਂ ਕਰਕੇ ਸਮਾਜ ਨਾਲ ਉਲਝਣਾ ਪੈਂਦਾ ਹੈ, ਉਨ੍ਹਾਂ ਦਾ ਵਿਵਹਾਰ ਜੋ ਪੇਸ਼ ਹੁੰਦਾ ਹੈ ਉਹ ਕੁੱਤੀ ਦੇ ਬਿੰਬ ਨਾਲ ਪੂਰੀ ਤਰ੍ਹਾਂ ਉਘੜਦਾ ਨਹੀਂ। ਇਹ ਮੈਂ ਮੂਲਿਕ ਟੈਕਨੀਕ ਕਰਕੇ ਹੀ ਹੋਇਆ....ਇਸ ਦੇ ਮੁਕਾਬਲੇ 'ਚ ਜਦੋਂ ਅਸੀਂ ਰਸੂਲਪੁਰੀ ਦੀ ਕਹਾਣੀ 'ਵਿੱਥਾਂ ਦੇ ਆਰ-ਪਾਰ' ਦੇਖਦੇ ਹਾਂ। ਜਿਨ੍ਹਾਂ ਨੇ ਰਸੂਲਪੁਰੀ ਤੇ ਕਾਲੀ ਦੀ ਪਹਿਲੀ ਕਿਤਾਬ ਪੜ੍ਹੀ ਹੈ, ਇਹ ਕਹਾਣੀ ਉਸ ਕਿਤਾਬ 'ਚਾਨਣ ਦੀ ਲੀਕ' ਵਿਚ ਦੀ ਸੰਖੇਪ ਰੂਪ 'ਚ ਸ਼ਾਮਿਲ ਸੀ। 'ਵਾਦੀਆਂ ਤੋਂ ਬਾਅਦ' ਉਸ ਤੋਂ ਬਾਅਦ ਭਗਵੰਤ ਨੇ ਉਸੇ ਕਹਾਣੀ ਨੂੰ ਹੋਰ ਵਿਸਥਾਰ ਦੇ ਕੇ, ਹੋਰ ਵੇਰਵੇ ਜੋੜ ਕੇ ਇਥੇ ਕਹਾਣੀ ਸ਼ਾਮਿਲ ਕੀਤੀ ਹੈ। ਇਸ ਗੱਲ ਦਾ ਵੀ ਇਹ ਸਬੂਤ ਹੈ ਕਿ ਭਗਵੰਤ ਰਸੂਲਪੁਰੀ ਨੇ ਇਸ ਕਿਤਾਬ ਤੱਕ ਪਹੁੰਚ ਕੇ ਕਥਾਕਾਰ ਦੇ ਰੂਪ 'ਚ ਕਿੰਨਾ ਵਧੇਰੇ ਵਿਕਾਸ ਕੀਤਾ ਹੈ।

ਪਹਿਲੀ ਕਹਾਣੀ ਜੋ ਪਿਆਰ ਪ੍ਰਸੰਗ ਨੂੰ ਉਭਾਰਦੀ ਸੀ, ਇਹ ਕਹਾਣੀ ਸਾਡੇ ਸਮਾਜ ਦੀਆਂ ਜਾਤਾਂ-ਜਮਾਤਾਂ ਦੇ ਵਿਰੋਧ ਨੂੰ ਪੇਸ਼ ਕਰਦੀ ਹੈ ਕਿ ਸਾਡੇ ਸਮਾਜ ਦੇ ਬਹੁਤ ਸਾਰੇ ਬਰੀਕ ਪਸਾਰ ਇਸ ਕਹਾਣੀ



ਵਿਚ ਪ੍ਰਗਟ ਹੋ ਜਾਂਦੇ ਹਨ। ਇਸ ਕਿਤਾਬ ਦੀ 'ਕਾਫ਼ਰ' ਕਹਾਣੀ ਹੈ ਜਿਸ ਨੂੰ ਮੈਂ ਉਸ ਦੀ ਸਫ਼ਲ ਕਹਾਣੀ ਸਮਝਦਾ ਹਾਂ। 'ਵਿੱਥਾਂ ਦੇ ਆਰ-ਪਾਰ' ਤੇ 'ਕਾਫ਼ਰ' ਦੋ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ 'ਚ ਰਸੂਲਪੁਰੀ ਨੇ ਪ੍ਰੰਪਰਕ ਯਥਾਰਥਿਕ ਟੈਕਨੀਕ ਨੂੰ ਬੜੀ ਸਫਲਤਾ ਨਾਲ ਵਰਤਿਆ ਹੈ। ਇਹ ਕਥਾਕਾਰ ਦੇ ਸਾਹਮਣੇ ਸੰਭਾਵਨਾ ਹੁੰਦੀ ਹੈ ਕਿ ਜੋ ਵਿਅਕਤੀ ਸੋਚ ਰਿਹਾ ਹੈ, ਸਮਾਜ ਸੋਚ ਰਿਹਾ ਹੁੰਦਾ ਤਾਂ ਉਸ ਪਾਤਰ ਦੇ ਚੇਤਨਾ ਪ੍ਰਵਾਹ ਨਾਲ ਹੀ ਉਸ ਦਾ ਸਮਾਜ ਬੱਝਾ ਹੁੰਦਾ ਹੈ। ਉਸ ਪਾਤਰ ਦੀਆਂ ਸਮਾਜਿਕ ਪ੍ਰਸਥਿਤੀਆਂ ਕੀ ਹਨ ਪ੍ਰੰਤੂ ਜਦੋਂ ਉਨ੍ਹਾਂ ਪਾਤਰਾਂ ਨੂੰ ਰਸੂਲਪੁਰੀ ਪ੍ਰੰਪਰਕ ਯਥਾਰਥਿਕ ਵਿਧੀ ਨਾਲ ਪੇਸ਼ ਕਰਦਾ ਹੈ ਤਾਂ ਉਸ ਸਮੇਂ ਕਥਾਕਾਰ ਕੋਲ ਇਹ ਸੰਭਾਵਨਾ ਹੁੰਦੀ ਹੈ ਕਿ ਉਹ ਆਪਣੀ ਦਖਲ-ਅੰਦਾਜ਼ੀ ਵੀ ਉਸ ਕਹਾਣੀ ਵਿਚ ਕਰ ਸਕਦਾ ਹੈ। ਕੁਝ ਐਸੇ ਪਾਸਾਰ ਜੋ ਮੈਂ ਪਾਤਰ ਦੀ ਚੇਤਨਾ ਤੋਂ ਇਧਰ-ਉਧਰ ਰਹਿ ਜਾਂਦੇ ਹਨ, ਉਹ ਪਾਤਰ ਵੀ ਦੂਜੀ ਟੈਕਨੀਕ ਨਾਲ ਦੇ ਸਕਦਾ ਹੈ। ਪ੍ਰੰਤੂ ਰਸੂਲਪੁਰੀ ਨੇ ਬੜੀ ਸਫਲਤਾ ਨਾਲ ਇਸ ਵਿਧੀ ਨੂੰ ਦੋਹਾਂ ਕਹਾਣੀਆਂ (ਕਾਫ਼ਰ ਤੇ ਵਿੱਥਾਂ ਦੇ ਆਰ-ਪਾਰ) 'ਚ ਵਰਤਿਆ ਹੈ। ਭਗਵੰਤ ਰਸੂਲਪੁਰੀ ਦੀ ਅਸਲੀ ਟੈਕਨੀਕ ਜਿਸ ਦੀ ਉਹ ਤਲਾਸ਼ ਕਰ ਰਿਹਾ ਹੈ ਉਹ ਪ੍ਰੰਪਰਕ ਯਥਾਰਥਿਕ ਟੈਕਨੀਕ ਹੈ। ਇਸ ਟੈਕਨੀਕ 'ਚ ਹੀ ਉਹਨੂੰ ਵਧੇਰੇ ਕਹਾਣੀਆਂ ਲਿਖਣੀਆਂ ਚਾਹੀਦੀਆਂ ਹਨ। ਇਕ ਗੱਲ ਹੋਰ... ਹੁਣ ਸਾਡੀ ਕਹਾਣੀ 'ਚ ਦੋ ਟੈਕਨੀਕਾਂ ਨਾਲ ਹੀ ਕਹਾਣੀ ਲਿਖੀ ਜਾਂਦੀ ਰਹੀ ਹੈ, ਜਾਂ ਹਮੇਸ਼ਾਂ ਹੀ ਦੋ ਟੈਕਨੀਕਾਂ ਵਰਤੀਆਂ ਜਾਂਦੀਆਂ ਰਹੀਆਂ ਹਨ। ਦੋਹਾਂ ਟੈਕਨੀਕਾਂ 'ਚ ਭਗਵੰਤ ਨੇ ਗੱਲ ਕੀਤੀ ਹੈ। ਜਦੋਂ ਅਸੀਂ ਵਿਸ਼ਵ ਪੱਧਰ ਦਾ ਸਾਹਿਤ ਲੈਂਦੇ ਹਾਂ ਤਾਂ ਅੱਜ ਪ੍ਰੰਪਰਕ ਬਿਰਤਾਂਤ ਨੂੰ ਉਲੰਘਣ ਵਾਲੀ ਨਵੀਂ ਟੈਕਨੀਕ ਨਹੀਂ ਸਥਾਪਤ ਹੋਈ। ਭਗਵੰਤ ਰਸੂਲਪੁਰੀ ਪ੍ਰੰਪਰਕ ਟੈਕਨੀਕ ਦੇ ਆਸ-ਪਾਸ ਹੀ ਵਿਚਰਦਾ ਹੈ ਪ੍ਰੰਤੂ ਆਸ-ਪਾਸ ਵਿਚਰਦਿਆਂ ਹੋਇਆਂ ਉਸ ਦੀ ਕਹਾਣੀ 'ਚ ਵਧੇਰੇ ਸੰਭਾਵਨਾਵਾਂ ਹਨ। ਸੰਭਾਵਨਾ ਉਸ ਦੇ ਗ੍ਰਹਿਣਸ਼ੀਲਤਾ 'ਚ ਖਾਸ ਕਰਕੇ ਜਦੋਂ ਅਸੀਂ ਉਸ ਦੀ ਕਿਤਾਬ ਦੇ ਟਾਈਟਲਾਂ 'ਤੇ ਨਜ਼ਰ ਮਾਰਦੇ ਹਾਂ, ਗੱਲ ਕਰਦੇ ਹਾਂ 'ਮੈਂ, ਸ਼ੈਤਾਨ ਤੇ ਇੰਦੂਮਣੀ'।.... ਨਵੀਂ ਪੀੜ੍ਹੀ ਕੋਲ ਬਿੰਬਾਂ ਦਾ ਜੋ ਖਜ਼ਾਨਾ ਹੈ ਉਹ ਖਜ਼ਾਨਾ ਟਾਈਟਲ ਰਾਹੀਂ ਵੀ ਸਾਨੂੰ ਪਰੋਸਦਾ ਹੈ। ਇਸ ਟਾਈਟਲ ਤੋਂ ਹੀ ਸਾਨੂੰ ਉਸ ਦੇ ਸਾਰੇ ਕਥਾ ਜਗਤ ਬਾਰੇ ਸੋਝੀ ਮਿਲ ਜਾਂਦੀ ਹੈ ਕਿ ਉਹ ਕੀ ਕਹਿਣਾ ਚਾਹੁੰਦਾ ਹੈ। 'ਮੈਂ' ਉਸ ਦੀ ਮੈਮੂਲਿਕ ਟੈਕਨੀਕ ਦਾ ਸਬੂਤ ਹੈ ਜੋ ਕਹਾਣੀਆਂ ਦੇ ਬਿਰਤਾਂਤ 'ਚ ਹੈ ਅਤੇ 'ਸ਼ੈਤਾਨ' ਉਸ ਦੀਆਂ ਕਹਾਣੀਆਂ ਦੇ ਪਾਤਰਾਂ ਦਾ ਅਬਨੋਰਮਲ ਬਿਹੇਵੀਅਰ ਹੈ। ਜਿਸ ਨੂੰ ਉਹ ਆਪਣੀ ਇਕ ਕਹਾਣੀ 'ਚ ਸਪੱਸ਼ਟ ਵੀ ਕਰਦਾ ਹੈ ਕਿ ਸ਼ਾਇਦ ਉਹ ਸ਼ੈਤਾਨ ਮੈਂ ਹੀ ਹਾਂ। 'ਇੰਦੂਮਣੀ' ਇਕ ਸਥਿਤੀ ਹੈ ਜਿਸ ਸਥਿਤੀ 'ਚ ਇੱਛਿਤ ਯਥਾਰਤ ਦੇ ਸੁਪਨੇ ਉਹ ਤਿੜਕ ਜਾਂਦੇ, ਸਾਡੇ ਸਾਹਮਣੇ ਤਿੜਕੇ ਸੁਪਨਿਆਂ ਵਾਲਾ ਸਮਾਜ ਪੇਸ਼ ਹੋ ਰਿਹਾ ਹੈ। ਸਾਡੇ ਸਮਾਜ ਦਾ ਵੀ ਸੰਕਟ ਹੈ ਕਿ ਸਾਡੇ ਸਮਾਜ ਦੇ ਸੁਪਨੇ ਬੁਰੀ ਤਰ੍ਹਾਂ ਤਿੜਕੇ ਹਨ। ਮੈਨੂੰ ਆਸ ਹੈ ਜਿਸ ਤਰ੍ਹਾਂ ਦੀ ਆਸ ਰਸੂਲਪੁਰੀ ਦੀ ਕਹਾਣੀ 'ਵਿੱਥਾਂ ਦੇ ਆਰ-ਪਾਰ' 'ਚ ਹੈ। ਮੈਨੂੰ ਆਸ ਹੈ ਕਿ ਰਸੂਲਪੁਰੀ ਆਪਣੀਆਂ ਅਗਲੀਆਂ ਕਹਾਣੀਆਂ 'ਚ ਉਸ ਆਸ ਨੂੰ ਹੋਰ ਵਿਸਥਾਰ ਦਿੰਦਿਆਂ ਹੋਇਆਂ ਸਮਰੱਥ ਕਹਾਣੀਕਾਰ ਦੇ ਰੂਪ 'ਚ ਸਾਹਮਣੇ ਆਏ।

*ਪ੍ਰੇਮ ਪ੍ਰਕਾਸ਼* : ਪਿਛਲੇ ਸਾਲ ਡਾ: ਅਜੈ ਸ਼ਰਮਾ ਦੀ ਕਿਤਾਬ 'ਤੇ ਬਹਿਸ ਹੋਈ ਸੀ ਤਾਂ ਡਾ. ਗੁਰਮੀਤ ਕੱਲਰਮਾਜਰੀ ਨੇ ਪੇਪਰ ਲਿਖਿਆ ਸੀ। ਫਿਰ ਅਸੀਂ ਕੁਝ ਚਿਰ ਬਾਅਦ ਇਕ ਹੋਰ ਬਹਿਸ ਕਹਾਣੀਆਂ ਉੱਤੇ ਕਰਾਈ ਤਾਂ ਕੱਲਰਮਾਜਰੀ ਦਾ ਪੇਪਰ ਸੀ। ਸਮੁੱਚੀ ਕਹਾਣੀ ਉੱਤੇ ਉਹਨੇ ਪੇਪਰ ਪੜ੍ਹਿਆ ਤਾਂ ਅਜੈ ਸ਼ਰਮਾ ਨੂੰ ਇਸ ਗੱਲ ਦਾ ਇਤਰਾਜ਼ ਹੋਇਆ ਕਿ ਜਦੋਂ ਮੇਰੇ ਉੱਤੇ ਪੇਪਰ ਲਿਖਿਆ ਸੀ ਤਾਂ ਉਨ੍ਹਾਂ ਪੰਜ-ਸੱਤ ਸਫੇ ਮੇਰੇ ਉੱਤੇ ਗਾਲੇ ਸਨ ਪ੍ਰੰਤੂ ਇਥੇ ਸਾਰੇ ਪੇਪਰ ਵਿਚ ਮੇਰਾ ਨਾਂ ਨਹੀਂ ਲਿਖਿਆ ਤਾਂ ਕੱਲਰਮਾਜਰੀ ਨਿਰਾਸ਼ ਵੀ ਹੋਇਆ ਲੇਕਿਨ ਸੱਚਾਈ ਇਹੀ ਹੈ ਕਿ ਜਦੋਂ ਕਿਸੇ ਨੂੰ, ਕਿਸੇ ਬਾਰੇ ਪੇਪਰ ਲਿਖਣ ਲਈ ਕਿਹਾ ਜਾਂਦਾ ਹੈ ਤਾਂ ਉਸ ਵੇਲੇ ਹੀ ਉਹਦੀ ਯਾਦ ਆਉਂਦੀ ਹੈ। ਜਿਵੇਂ ਹੁਣ ਇਸ ਕਿਤਾਬ ਛਪੀ ਨੂੰ ਬਹੁਤ ਸਾਲ ਹੋ ਗਏ ਹਨ, ਇਹ ਪੇਪਰ ਇਸ ਕਿਤਾਬ ਉੱਤੇ ਲਿਖਵਾਏ ਗਏ ਹਨ, ਲਿਖਵਾਉਣ ਉੱਤੇ ਇਨ੍ਹਾਂ ਅਲੋਚਕਾਂ ਨੂੰ ਅਹਿਸਾਸ ਹੋਇਆ ਕਿ ਇਹ....ਤਾਂ ਕਹਾਣੀਕਾਰ ਹੀ ਬਹੁਤ ਵੱਡਾ ! ਪ੍ਰੰਤੂ ਇਨ੍ਹਾਂ ਅਲੋਚਕਾਂ ਨੇ ਪਹਿਲਾਂ ਕਿਤੇ ਇਹਦਾ ਜ਼ਿਕਰ ਮਾੜਾ-ਮੋਟਾ ਕੀਤਾ ਹੋਵੇ। ਦੂਜੀ ਗੱਲ ਉਦੋਂ ਹੈਰਾਨੀ ਹੁੰਦੀ ਹੈ ਜਦੋਂ ਕੋਈ ਗੱਲ ਮਿੱਥ ਕੇ ਕਹਾਣੀਆਂ 'ਚੋਂ ਕੱਢੀ ਜਾਂਦੀ ਹੈ। ਜਿਵੇਂ ਇਕ ਪੇਪਰ ਹੈ ਥਿੰਦ ਦਾ 'ਦਲਿਤ ਸੱਭਿਆਚਾਰ ਦਾ ਦੁਖਾਂਤਿਕ ਬੋਧ' ਜਦੋਂ ਪਹਿਲਾਂ ਹੀ ਆਦਮੀ ਮਿੱਥ ਲੈਂਦਾ ਹੈ ਕਿ ਮੈਂ ਇਹਦੇ 'ਚੋਂ ਕੀ ਲੱਭਣਾ ਹੈ ਤਾਂ ਉਹ ਆਪਣੀ ਸੀਮਾ ਬੰਨ੍ਹ ਲੈਂਦਾ ਹੈ। ਫਿਰ ਉਸ ਨੇ ਸਾਰੀਆਂ ਕਹਾਣੀਆਂ ਵਿਚੋਂ ਉਹੀ ਗੱਲਾਂ ਲੱਭਣੀਆਂ ਹਨ ਜੋ ਗੱਲਾਂ ਦਲਿਤ ਬੋਧ ਜਾਂ ਚੇਤਨਾ ਨਾਲ ਸੰਬੰਧਿਤ ਹੋਣਗੀਆਂ। ਜੇ ਇਹੋ ਜਿਹਾ ਨਾ ਮਿਥਿਆ ਹੁੰਦਾ ਤਾਂ ਪਰਚਾ

ਹੋਰ ਸੋਹਣਾ ਹੋ ਸਕਦਾ ਸੀ। ਹੈਡਿੰਗ ਨੇ ਗੱਲ ਨੂੰ ਸੀਮਿਤ ਕਰ ਦਿੱਤਾ। ਬਾਹਰਹਾਲ ! ਇਕ ਗੱਲ ਦਾ ਮੈਨੂੰ ਬੈਠਿਆਂ-ਬੈਠਿਆਂ ਖਿਆਲ ਆਇਆ ਜਦੋਂ ਅਸੀਂ ਇਕ ਕਹਾਣੀਕਾਰ ਬਾਰੇ ਗੱਲ ਕਰਦੇ ਹਾਂ ਤਾਂ ਰਸੂਲਪੁਰੀ ਦੀ ਕਹਾਣੀ ਦੀ ਗੱਲ ਕਰਦੇ ਹੋਏ, ਉਹਨੂੰ ਇਕੱਲੇ ਨੂੰ ਨਹੀਂ ਸਮਝ, ਦੇਖ ਸਕਦੇ। ਬਈ ਉਹਦੀ ਕਿੱਡੀ ਕੁ ਕਹਾਣੀ ਹੈ, ਕਿੱਥੇ ਕੁ ਤੱਕ ਕਹਾਣੀ ਪਹੁੰਚਦੀ ਹੈ। ਅਸੀਂ ਲੀਕ ਵਾਹ ਕੇ ਦੱਸਾਂਗੇ ਬਈ ਐਡਾ ਕੁ ਵੱਡਾ ਰਸੂਲਪੁਰੀ ਹੈ। ਇਹ ਐਡਾ ਵੱਡੇ ਹੋਣ ਦਾ ਸਬੂਤ ਇਹ ਹੋਵੇਗਾ ਕਿ ਇਹਦੇ ਆਲੇ-ਦੁਆਲੇ ਜੋ ਲੋਕ ਕਹਾਣੀਆਂ ਲਿਖ ਰਹੇ ਹਨ ਉਹ ਕਿੱਡੇ ਕੁ ਹਨ। ਕੀ ਇਹਦੀ ਲੀਕ ਉਨ੍ਹਾਂ ਨਾਲੋਂ ਵੱਡੀ ਹੈ? ਕੀ ਦੂਜਿਆਂ ਦੀਆਂ ਲੀਕਾਂ ਮੂਹਰੇ ਇਹ ਛੋਟਾ ਹੋ ਜਾਂਦਾ ਹੈ? ਇਹ ਬਹੁਤ ਜ਼ਰੂਰੀ ਹੈ। ਅਸੀਂ ਇਕੱਲੇ ਤੌਰ 'ਤੇ ਕਿਸੇ ਬੰਦੀ ਦੀ ਕਹਾਣੀਕਲਾ ਬਾਰੇ ਨਹੀਂ ਪਰਖ ਸਕਦੇ। ਸਾਨੂੰ ਹੋਰਨਾਂ ਬਾਰੇ ਦੱਸਣਾ ਪਵੇਗਾ ਕਿ ਬੜੀ ਅੱਛੀ ਗੱਲ ਹੈ ਕਿ ਜਲੰਧਰ ਵਿਚ ਕਹਾਣੀ ਲਿਖਣ ਵਾਲਿਆਂ ਦਾ ਇਕ ਗਰੁੱਪ ਪੈਦਾ ਹੋਇਆ ਹੈ। ਕਾਲੀ ਹੈ, ਜਿੰਦਰ ਹੈ, ਅਜਮੇਰ ਸਿੱਧੂ ਹੈ, ਅਜੈ ਸ਼ਰਮਾ ਹੈ ਇਹ ਆਲੋਚਕ ਇਸ ਗਰੁੱਪ ਨੂੰ ਵਿਚ ਰੱਖ ਕੇ ਦੱਸੇ ਬਈ ਰਸੂਲਪੁਰੀ ਦਾ ਕੱਦ ਕਿੱਡਾ ਕੁ ਹੈ ਕਹਾਣੀ ਵਿਚ। ਕੀ ਇਹ ਜੁਗਤਾਂ ਹੋਰ ਵੀ ਵਰਤ ਰਹੇ ਹਨ ਜਾਂ ਹੋਰਨਾਂ ਦੇ ਮੁਕਾਬਲੇ ਰਸੂਲਪੁਰੀ ਦੀ ਜੁਗਤ ਕਿੰਨੀ ਕੁ ਬਿਹਤਰ ਹੈ। ਬਾਹਰਹਾਲ......ਮੈਂ ਪਿਛਲੇ ਦੋ ਦਿਨਾਂ 'ਚ ਇਹਦੀ ਕਿਤਾਬ ਮੁੜ ਕੇ ਪੜ੍ਹੀ ਹੈ। ਮੈਨੂੰ ਇਹਦੀਆਂ ਕਹਾਣੀਆਂ ਬਹੁਤ ਸੋਹਣੀਆਂ ਲੱਗੀਆਂ ਹਨ। ਮੈਨੂੰ ਖਿਆਲ ਆਇਆ ਕਿ ਜਿਸ ਵੇਲੇ ਅਸੀਂ ਕਿਤਾਬ ਚੌਥੀ ਕੂੰਟ ਛਾਪੀ ਸੀ....ਮੈਨੂੰ ਇਹਦੀ ਕਹਾਣੀ 'ਕਸੂਰਵਾਰ' ਪੜ੍ਹ ਕੇ ਹੈਰਾਨੀ ਹੋਈ ਕਿ ਮੈਂ ਜੇ ਉਦੋਂ ਇਹ ਕਹਾਣੀ ਪੜ੍ਹੀ ਹੁੰਦੀ ਤਾਂ ਮੈਂ ਇਹ ਕਹਾਣੀ ਚੌਥੀ ਕੂੰਟ ਦੀਆਂ ਕਹਾਣੀਆਂ 'ਚ ਸ਼ਾਮਿਲ ਕਰਨੀ ਸੀ। ਹੋ ਸਕਦਾ ਹੈ ਕਿ ਇਹ ਕਹਾਣੀ ਉਦੋਂ ਨਾ ਛਪੀ ਹੋਵੇ। ਮੇਰੀਆਂ ਕਹਾਣੀਆਂ ਦੇ ਪਾਤਰ ਅਸਧਾਰਨ ਹਨ, ਇਹਦੀਆਂ ਕਹਾਣੀਆਂ ਦੇ ਪਾਤਰ ਵੀ ਅਸਧਾਰਨ ਹਨ, ਸਾਰੇ ਦੇ ਸਾਰੇ ਪ੍ਰੰਤੂ ਮੇਰੀਆਂ ਕਹਾਣੀਆਂ ਦੇ ਪਾਤਰ ਪੜ੍ਹੇ-ਲਿਖੇ ਹਨ, ਉਨ੍ਹਾਂ ਨੂੰ ਆਪਣੀ ਮਾਨਸਿਕ ਅਵਸਥਾ ਦੀ ਸਮਝ ਜ਼ਿਆਦਾ ਹੈ, ਸਮਾਜ ਦੀ ਚੇਤਨਾ ਬਹੁਤੀ ਹੈ ਲੇਕਿਨ ਇਹਦੀ ਕਹਾਣੀ 'ਕਸੂਰਵਾਰ' ਇਸ ਤਰ੍ਹਾਂ ਹੈਰਾਨ ਕਰ ਗਈ ਕਿ ਕਹਾਣੀ 'ਚ ਅਨਪੜ੍ਹ ਔਰਤ ਹੈ, ਉਹ ਫਿਰ ਵੀ ਸਹਿ-ਸਭਾ ਸਾਰਾ ਕੁਝ ਦੱਸ ਗਈ ਇਹ ਬਹੁਤ ਵੱਡਾ ਕਮਾਲ ਹੈ। ਡਾ. ਰੰਧਾਵਾ ਨੇ ਕਿਹਾ ਕਿ ਇਸ ਕਹਾਣੀ ਦੀ ਪਾਤਰ ਬਾਰੇ 'ਵਕਤਾ' ਉਹ ਵਕਤਾ ਨਹੀਂ ਹੈ, ਉਹ ਤਾਂ ਕੁਝ ਬੋਲਦੀ ਹੀ ਨਹੀਂ। ਫਿਰ ਡਾ. ਥਿੰਦ ਨੇ ਕਿਹਾ ਉਤਮ ਪੁਰਖੀ ਕਹਾਣੀ। ਉਹ ਔਰਤ ਤਾਂ ਬੋਲਦੀ ਹੀ ਨਹੀਂ ਹੈ, ਉਹ ਖ਼ਮੋਸ਼, ਉਹ ਚਿਤਵਦੀ ਵੀ ਨਹੀਂ ਹੈ। ਇਹ ਲਫਜ਼ ਮੈਂ 15 ਕੁ ਸਾਲ ਪਹਿਲਾਂ ਕਿਹਾ ਸੀ ਕਿ ਆਦਮੀ ਚਿਤਵਦਾ ਹੈ। ਆਦਮੀ ਬੋਲਦਾ ਨਹੀਂ ਹੈ ਉਹ ਸੋਚਦਾ ਹੈ। ਸੋਚਦਾ-ਸੋਚਦਾ ਹੀ ਵਕਤ ਗੁਜ਼ਰ ਜਾਂਦਾ ਹੈ। ਜੇ ਤੁਸੀਂ ਉਹ ਸੋਚਾਂ 'ਚ ਗੁਜ਼ਰਿਆ ਵਕਤ ਫੜ ਲਓ, ਇਹ ਬਹੁਤ ਵੱਡੀ ਗੱਲ ਹੈ। ਇਸ ਕਹਾਣੀ ਦੀ ਪਾਤਰ ਦੇ ਮਨ ਦੇ ਰਾਹੀਂ ਕਹਾਣੀ ਨਿਕਲਦੀ ਹੈ। ਉਹਦੀ ਸੋਚ ਦੇ ਵਿਚਦੀ ਕਹਾਣੀ ਲੰਘਦੀ ਹੈ। ਫਿਰ ਵੀ ਐਨੀਆਂ ਹੈਰਾਨ ਕਰਨ ਵਾਲੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਹੋਈ ਜਾਂਦਾ ਹੈ। ਕਿਤੇ ਵੀ ਇਹ ਨਹੀਂ ਪਤਾ ਲੱਗਦਾ ਬਈ ਆਹ ਗੱਲ ਦਾ ਲੇਖਕ ਨੂੰ ਵੀ ਪਤਾ ਸੀ। ਨਾ ਪਾਤਰ ਨੂੰ ਪਤਾ। ਇਹੀ ਕਲਾ ਹੈ ਬਈ ਜਿਸ ਗੱਲ ਦਾ ਪਤਾ ਲੇਖਕ ਨੂੰ ਵੀ ਨਾ ਹੋਵੇ। ਆਪਣੇ ਆਪ ਗੱਲਾਂ ਪੈਦਾ ਹੋਈ ਜਾਂਦੀਆਂ ਹਨ। ਇਹੀ ਇਸ ਕਹਾਣੀ 'ਕਸੂਰਵਾਰ' 'ਚ ਖੂਬੀ ਹੈ। ਇਸੇ ਤਰ੍ਹਾਂ ਮੈਂ ਹੋਰ ਵੀ ਇਹਦੀਆਂ ਕਹਾਣੀਆਂ ਪੜ੍ਹੀਆਂ ਹਨ। ਜਿਵੇਂ 'ਕਸੂਰਵਾਰ' 'ਚ 'ਕਤਲ' ਦਾ ਜ਼ਿਕਰ ਹੈ। ਕੁੱਤੀ ਦੇ ਮਾਰਨ ਦਾ ਜ਼ਿਕਰ ਹੈ। ਇਹ ਇਸ ਕਹਾਣੀ ਵਿਚ ਬਹੁਤ ਵੱਡੀ ਖੂਬੀ ਹੈ। ਉਸ ਔਰਤ ਦੇ ਮਰਨ ਦੀ ਇੱਛਾ। ਉਹ ਔਰਤ ਮਰਨਾ ਨਹੀਂ ਚਾਹੁੰਦੀ, ਆਪਣੀ ਇੱਛਾ ਨਹੀਂ ਹੈ। ਉਹ ਜ਼ਿੰਦਗੀ ਤੋਂ ਕਦੇ-ਕਦੇ ਤੰਗ ਆ ਕੇ ਚਾਹੁੰਦੀ ਹੈ ਕਿ ਮੈਨੂੰ ਕੋਈ ਮਾਰ ਦੇਵੇ....ਉਹ ਚਾਹੁੰਦੀ ਵੀ ਨਹੀਂ ਹੈ....ਤਿੰਨ ਚਾਰ ਗੱਲਾਂ 'ਚ ਬਹੁਤ ਸੱਚ ਹੈ ਲੇਕਿਨ ਉਸ ਔਰਤ ਦੇ ਅੰਦਰ ਕੁਝ ਹੈ ਜਿਹੜੀ ਜ਼ਿੰਦਗੀ ਤੋਂ ਬੇਗਾਨਗੀ ਦਾ ਅਹਿਸਾਸ ਕਰਾਉਂਦੀ ਹੈ.....ਮੈਂ ਰਸੂਲਪੁਰੀ ਦੀਆਂ ਕਹਾਣੀਆਂ ਬਾਰੇ ਹੋਰ ਗੱਲਾਂ ਵੀ ਕਰਨੀਆਂ ਚਾਹੁੰਦਾ ਸੀ ਪਰ....।

*ਦੇਸ ਰਾਜ ਕਾਲੀ* : ਡਾ. ਰੰਧਾਵਾ ਹੁਰ ਨੇ ਆਪਣੇ ਪੇਪਰ 'ਚ ਇਕ ਵਾਕ ਲਿਖਿਆ ਕਿ ਦਲਿਤ (ਕੌਮਾ ',') ਖੇਤ ਮਜ਼ਦੂਰ ਜਦੋਂ ਥਿੰਦ ਹੁਰਾਂ ਦਾ ਪੇਪਰ ਸੁਣ ਰਿਹਾ ਸੀ ਉਹਦੇ ਵਿਚ ਵੀ ਇਸ ਤਰ੍ਹਾਂ ਸੀ। ਥਿੰਦ ਨੇ ਕਿਹਾ ਕਿ ਉਹ ਖਾਹ-ਮਖਾਹ ਦੀ ਜਾਤੀਗਤ ਵੰਡ ਵਿਚ ਨਹੀਂ ਪੈਂਦਾ। ਹਰਵਿੰਦਰ ਭੰਡਾਲ ਨੇ ਕਿਹਾ ਕਿ ਦਲਿਤ ਸਾਹਿਤ ਨੂੰ ਜਾਤ ਅਧਾਰਤ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਆਲੋਚਨਾ 'ਚ ਧਾਰਨਾ ਬੰਨ੍ਹ ਲੈਂਦੇ ਹਾਂ ਪਰ ਉਹ ਕੋਈ ਉਦਾਹਰਣ ਨਹੀਂ ਦੇ ਸਕੇ। ਸਾਨੂੰ ਦਲਿਤ ਸਾਹਿਤ ਨੂੰ ਐਨਾ ਸੀਮਿਤ ਨਹੀਂ ਰੱਖਣਾ ਚਾਹੀਦਾ। ਰਸੂਲਪੁਰੀ ਦੇ ਕਥਾ ਸੰਸਾਰ ਨਾਲ ਮੇਰੀ ਸਾਂਝ ਬਹੁਤ ਪੁਰਾਣੀ ਹੈ। ਉਸ ਨੇ



'ਕਸੂਰਵਾਰ', 'ਕੀੜਾ', 'ਵਿੱਥਾਂ ਦੇ ਆਰ-ਪਾਰ' ਵਰਗੀਆਂ ਬੜੀਆਂ ਸ਼ਕਤੀਸ਼ਾਲੀ ਕਹਾਣੀਆਂ ਲਿਖੀਆਂ ਹਨ।

*ਤਸਕੀਨ* : ਮੇਰੀ ਸੋਚ ਹੈ ਕਿ ਭਗਵੰਤ ਰਸੂਲਪੁਰੀ ਨੂੰ ਦਲਿਤ ਕਹਾਣੀਕਾਰ ਕਹਿਣਾ, ਉਹਦੀ ਕਹਾਣੀ ਨਾਲ ਅਨਿਆਂ ਕਰਨਾ ਹੈ। ਇਹ ਗੱਲ ਭਾਵੇਂ ਠੀਕ ਹੈ ਕਿ ਉਸ ਦੇ ਪਾਤਰ ਦਲਿਤ ਸੱਭਿਆਚਾਰ ਜਾਂ ਦਲਿਤਾਂ 'ਚੋਂ ਉੱਭਰਦੇ ਹਨ। ਪਰ ਜਿਵੇਂ ਉਹ ਦਲਿਤ ਪਾਤਰਾਂ ਨੂੰ ਪੇਸ਼ ਕਰ ਰਿਹਾ ਹੈ। ਉਹ ਜਾਤੀਗਤ ਅਧਾਰ ਨਾਲੋਂ ਵੱਧ ਆਰਥਿਕ ਅਧਾਰ 'ਤੇ ਪੇਸ਼ ਕਰਦਾ ਹੈ। ਰਸੂਲਪੁਰੀ ਜੋ ਕਹਾਣੀਆਂ 'ਚ ਪ੍ਰਤੀਕ ਉਭਾਰਦਾ ਹੈ ਉਹ ਸਾਰਥਕ ਰੂਪ ਵਿਚ ਨਹੀਂ ਉਭਰਦੇ। ਜਿਵੇਂ 'ਕਸੂਰਵਾਰ' ਕਹਾਣੀ 'ਚ ਰੌਮੀ ਦਾ ਪ੍ਰਤੀਕ ਹੈ, ਮੱਝ ਦਾ ਪ੍ਰਤੀਕ ਉਭਾਰਦਾ ਹੈ। 'ਜਨੇਊ' ਕਹਾਣੀ ਵਿਚ ਇਵੇਂ ਸੱਪ ਦਾ ਪ੍ਰਤੀਕ ਉਭਾਰਦਾ ਹੈ। ਉਹ ਪ੍ਰਤੀਕ ਪੂੰਜੀਵਾਦੀ ਸੋਚ ਤੋਂ ਪ੍ਰਤੀਕ ਨਾ ਉਭਾਰ ਕੇ ਸੰਮਤੀ ਸੋਚ ਵਾਲੇ ਪ੍ਰਤੀਕ ਉਭਾਰਦਾ ਹੈ। ਉਹਦੇ ਪ੍ਰਤੀਕਾਂ 'ਚ ਨਿਰਾਸ਼ਾ ਹੀ ਮਿਲਦੀ ਹੈ। ਵਿਚਾਰਧਾਰਕ ਰੂਪ 'ਚ ਸੰਮਤੀ ਸੋਚ ਵੱਲ ਵੱਧ ਧਿਆਨ ਦਿੰਦਾ ਹੈ, ਪੂੰਜੀਵਾਦੀ ਸੋਚ ਵੱਲ ਘੱਟ ਧਿਆਨ ਦਿੰਦਾ ਹੈ।

*ਮੋਹਨ ਲਾਲ ਫਿਲੌਰੀਆ* : ਰਸੂਲਪੁਰੀ ਦੀ ਕਿਤਾਬ 'ਤੇ ਪਰਚੇ ਵੀ ਪੜ੍ਹੇ ਗਏ ਤੇ ਕਾਫੀ ਬਹਿਸ ਵੀ ਹੋ ਚੁੱਕੀ ਹੈ। ਉਸ ਦੀਆਂ ਕਹਾਣੀਆਂ 'ਕਸੂਰਵਾਰ', 'ਵਿੱਥਾਂ ਦੇ ਆਰ-ਪਾਰ' ਦੇ ਪਾਤਰਾਂ ਨੇ ਮੈਨੂੰ ਟੁੰਭਿਆ ਹੈ। ਗੈਰ-ਦਲਿਤ ਜਦੋਂ ਇਹੋ ਜਿਹੀਆਂ ਕਹਾਣੀਆਂ ਪੜ੍ਹਦੇ ਹਨ ਤਾਂ ਉਨ੍ਹਾਂ ਨੂੰ ਤਕਲੀਫ ਹੁੰਦੀ ਹੈ। ਇਹ ਹੋਣੀ ਵੀ ਚਾਹੀਦੀ ਹੈ।

*ਗਿਆਨ ਸਿੰਘ ਬੱਲ* : ਰਸੂਲਪੁਰੀ ਦੀ ਕਿਤਾਬ ਉੱਤੇ ਜਿਸ ਤਰ੍ਹਾਂ ਖੁੱਲ੍ਹ ਕੇ ਬਹਿਸ ਹੋਣੀ ਚਾਹੀਦੀ ਸੀ ਉਸ ਤਰ੍ਹਾਂ ਨਹੀਂ ਹੋ ਰਹੀ। ਮੇਰਾ ਸਵਾਲ ਰਸੂਲਪੁਰੀ ਨੂੰ ਹੈ, ਉਹ ਦਲਿਤ ਲੇਖਕ ਜਾਂ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਨ ਵਾਲਾ ਕਹਾਣੀਕਾਰ ਆਪਣੇ-ਆਪ ਨੂੰ ਨਹੀਂ ਮੰਨਦਾ ਤੇ ਉਨ੍ਹਾਂ ਇਹ ਵੀ ਕਿਹਾ ਕਿ ਦਲਿਤ ਸਾਹਿਤ ਦਾ ਭਵਿੱਖ ਪੰਜਾਬੀ ਵਿਚ ਆਸਾਵਾਦੀ ਨਹੀਂ ਪ੍ਰੰਤੂ ਏਥੇ ਡਾ. ਥਿੰਦ ਹੋਰਾਂ ਭਗਵੰਤ ਨੂੰ ਦਲਿਤ ਕਹਾਣੀਕਾਰ ਦੇ ਤੌਰ 'ਤੇ ਪੇਸ਼ ਕੀਤਾ ਹੈ। ਭਗਵੰਤ ਆਪ ਤਾਂ ਦਲਿਤ ਸਾਹਿਤ ਬਾਰੇ ਨਿਰਾਸਾਵਾਦੀ ਵਿਚਾਰ ਰੱਖਦਾ ਹੈ ਪ੍ਰੰਤੂ ਇਥੇ ਸਭ ਨੇ ਉਸ ਨੂੰ ਦਲਿਤ ਲੇਖਕ ਵਜੋਂ ਉਭਰਿਆ ਹੈ, ਇਸ ਦਾ ਸਪੱਸ਼ਟੀਕਰਨ ਲੇਖਕ ਹੀ ਦੇਵੇ।

*ਡਾ. ਸੁਖਵਿੰਦਰ ਸਿੰਘ ਰੰਧਾਵਾ* : ਬਹੁਤ ਹੀ ਵਧੀਆ ਵਿਦਵਾਨਾਂ ਨੇ ਪਰਚੇ ਬਾਰੇ ਤੇ ਕਹਾਣੀਆਂ ਬਾਰ ਵਿਚਾਰ ਪ੍ਰਗਟ ਕੀਤੇ ਹਨ ਕਿ ਦਲਿਤ ਸਹਿਤ ਕੀ ਹੈ? ਭਗਵੰਤ ਰਸੂਲਪੁਰੀ ਦਲਿਤ ਸਾਹਿਤਕਾਰ ਹੈ ਜਾਂ ਨਹੀਂ ਹੈ। ਕਾਲੀ ਨੇ ਕਿਹਾ ਕਿ ਪਰਚੇ 'ਚ ਦਲਿਤ ਲਿਖ ਕੇ (ਕੌਮਾ ,) ਪਾ ਦਿੱਤਾ। ਮੈਂ ਜਾਣ-ਬੁੱਝ ਕੇ ਆਪਣੇ ਪਰਚੇ 'ਚ ਦਲਿਤ ਸਾਹਿਤ ਦੀ ਗੱਲ ਲਿਆਉਣੀ ਨਹੀਂ ਚਾਹੁੰਦਾ ਸੀ, ਨਾ ਹੀ ਮੈਂ ਰਸੂਲਪੁਰੀ ਨੂੰ ਦਲਿਤ ਸਾਹਿਤਕਾਰ ਮੰਨਦਾ ਹਾਂ। ਮੈਂ ਆਪਣਾ ਪਰਚਾ ਟੈਕਸਟ 'ਤੇ ਬੇਸਡ ਰੱਖਿਆ ਹੈ ਕਿ ਟੈਕਸਟ ਦੇ ਵਿਚੋਂ ਕਿਹੜੀ ਵਿਚਾਰਧਾਰਾ ਨਿਕਲਦੀ ਹੈ। ਕਹਾਣੀਆਂ 'ਚੋਂ ਕਿਹੜੀ ਫਾਰਮੂਲੇਸ਼ਨਾਂ ਨਿਕਲਦੀਆਂ ਹਨ। ਟੈਕਸਟ 'ਚੋਂ ਕਿਹੜੀ ਵਿਚਾਰਧਾਰਾ ਨਿਕਲਦੀ ਹੈ। ਟੈਕਸਟ 'ਚੋਂ ਸਾਡੀ ਜਾਤੀ ਤੇ ਜਮਾਤੀ ਵੰਡ ਕਿਸ ਤਰ੍ਹਾਂ ਨਿਕਲਦੀ ਹੈ। ਭਗਵੰਤ ਤਾਂ ਆਪਣੀ ਟੈਕਸਟ 'ਚ ਕਿਤੇ ਵੀ ਨਹੀਂ ਕਹਿੰਦਾ ਕਿ ਦਲਿਤਾਂ ਦਾ ਦਲਿਤਾਂ ਕਰਕੇ ਸਮਾਜ 'ਚ ਸ਼ੋਸ਼ਣ ਹੋ ਰਿਹਾ ਹੈ। ਸ਼ੋਸ਼ਣ ਕਰਨ ਵਾਲੇ ਦੀ ਕੋਈ ਜਾਤ ਨਹੀਂ, ਕੋਈ ਲਿੰਗ ਨਹੀਂ, ਉਸ ਨੇ ਸ਼ੋਸ਼ਣ ਕਰਨਾ ਹੀ ਕਰਨਾ ਹੈ। ਮੇਰੀ ਵਿਦਵਾਨਾਂ ਅੱਗੇ ਗੁਜਾਰਿਸ਼ ਹੈ ਕਿ ਦਲਿਤ ਇਕ ਵਾਇਟ ਟਰਮ ਹੈ। ਇਸ ਨੂੰ ਵਾਇਟ ਰੱਖਣ ਦੀ ਕੋਸ਼ਿਸ਼ ਕਰੀਏ, ਇਹਨੂੰ ਸੀਮਿਤ ਤੇ ਸੰਕੁਚਿਤ ਕਰਨ ਦੀ ਕੋਸ਼ਿਸ਼ ਨਾ ਕਰੀਏ। ਉਸਤਾਦ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਇਕ ਵਧੀਆ ਗੱਲ ਕਹੀ ਹੈ ਕਿ ਭਗਵੰਤ ਰਸੂਲਪੁਰੀ ਦਾ ਉਹਦੇ ਹੀ ਸਮਕਾਲੀ ਕਹਾਣੀਕਾਰਾਂ 'ਚ ਸਥਾਨ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਂ ਇਹ ਮੰਨਦਾ ਹਾਂ। ਮੇਰੀ ਧਾਰਨਾ ਹੈ ਕਿ ਅਜੇ ਸਥਾਨ ਨਿਰਧਾਰਤ ਦੀ ਐਨੀ ਲੋੜ ਨਹੀਂ ਅਜੇ ਤਾਂ ਰਸੂਲਪੁਰੀ ਦੀਆਂ ਕਹਾਣੀਆਂ ਦੀ ਟੈਕਸਟ ਸਥਾਨ ਬਣਾਉਣ ਲਈ ਦਿਸ਼ਾ ਵੱਲ ਟੈਕਸਟ ਉੱਭਰ ਰਹੀ ਹੈ।.... ਤਕਨੀਕ ਪੱਖ ਤੋਂ ਇਹ ਬਿਲਕੁਲ ਚੇਂਜ ਹੋ ਗਿਆ। ਰਸੂਲਪੁਰੀ 'ਚਾਨਣ ਦੀ ਲੀਕ' ਦੀਆਂ ਕਹਾਣੀਆਂ ਥਰਡ ਪਰਸਨ ਵਿਚ ਲਿਖੀਆਂ ਹਨ ਉਸ ਤੋਂ ਬਾਅਦ 'ਮੈਂ, ਸ਼ੈਤਾਨ ਤੇ ਇੰਦੂਮਣੀ' 'ਚ ਫਸਟ ਪਰਸਨ 'ਚ ਤਕਨੀਕ ਨੂੰ ਸ਼ਿਫਟ ਕਰ ਗਿਆ ਹੈ।

*ਡਾ. ਸੁਖਪਾਲ ਥਿੰਦ* : ਦੋਸਤਾਂ ਨੇ ਕਾਫੀ ਸਾਰਥਿਕ ਗੱਲਾਂ ਕੀਤੀਆਂ ਹਨ। ਮੈਂ ਕੇਵਲ ਆਪਣੇ ਪੇਪਰ ਉੱਤੇ ਉੱਠੇ ਨੁਕਤਿਆਂ ਸੰਬੰਧੀ ਹੀ ਕਹਾਂਗਾ। ਪ੍ਰੇਮ ਪ੍ਰਕਾਸ਼ ਨੇ ਮੇਰੇ ਪੇਪਰ ਦੇ ਸਿਰਲੇਖ ਸੰਬੰਧੀ ਗੱਲ

ਕੀਤੀ ਸੀ ਕਿ ਇਹੋ ਜਿਹੇ ਸਿਰਲੇਖ ਨਾਲ ਪੇਪਰ ਸੀਮਤ ਹੋ ਜਾਂਦਾ ਹੈ ਬਈ ਲਿਖਣ ਵਾਲੇ ਨੇ ਪਹਿਲਾਂ ਚੌਖਟਾ ਬਣਾ ਲਿਆ....ਹੈਡਿੰਗ ਦੇਣ ਨਾਲ ਮੇਰੇ ਖਿਆਲ ਨਾਲ ਗੱਲ ਨੂੰ ਸੀਮਤ ਨਹੀਂ ਕਰਦਾ ਬਲਕਿ ਉਸ ਪਛਾਣ ਨੂੰ ਦ੍ਰਿੜ੍ਹ ਕਰਦਾ ਹੈ, ਬਸ਼ਰਤੇ ਕਿ ਉਹ ਪਛਾਣ ਉਸ ਟੈਕਸਟ ਦੀਆਂ ਪੜ੍ਹਤਾਂ 'ਚ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੋਵੇ। ਜਦੋਂ ਆਪਾਂ ਰਸੂਲਪੁਰੀ ਦੀਆਂ ਕਹਾਣੀਆਂ ਪੜ੍ਹਦੇ ਹਾਂ ਬੇਸ਼ੱਕ ਇਹ ਕਹਿੰਦਾ ਹੈ ਕਿ ਮੈਂ ਦਲਿਤ ਕਹਾਣੀਕਾਰ ਨਹੀਂ ਹਾਂ, ਇਹਦਾ ਕਹਿਣਾ ਆਪਣੀ ਥਾਂ ਠੀਕ ਵੀ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਜੇ ਕੋਈ ਕਹੇ ਕਿ ਮੈਂ ਦਲਿਤ ਕਹਾਣੀਕਾਰ ਨਹੀਂ ਹਾਂ ਤਾਂ ਇਹਨੂੰ ਮੁੱਦਾ ਬਣਾ ਲਿਆ ਜਾਵੇ। ਜਾਂ ਲੇਖਕ ਡਰਦਾ ਹੋਵੇ ਕਿ ਮੇਰੇ 'ਤੇ ਇਹ ਲੇਬਲ ਨਾ ਲਾਇਆ ਜਾਵੇ। ਜੇ ਆਪ ਰਸੂਲਪੁਰੀ ਨੂੰ ਇਕ ਪਾਸੇ ਰੱਖ ਕੇ ਇਹਦੀਆਂ ਕਹਾਣੀਆਂ ਦੀ ਗੱਲ ਲਈਏ ਤਾਂ ਉਹਦੀਆਂ ਕਹਾਣੀਆਂ ਦੀਆਂ ਸਮੁੱਚੀਆਂ ਪਰਤਾਂ ਹਨ, ਉਹ ਜਿਹੜਾ ਸਮੁੱਚਾ ਸਮਾਜ ਚਾਰਾ ਹੈ, ਜਿਹਦੇ ਨਾਲ ਉਹ ਦੋ-ਚਾਰ ਹੋ ਰਿਹਾ ਹੈ। ਉਹ ਸਮਾਜ ਕਿਹੜਾ ਹੈ? ਜਿਸ ਸਮਾਜ ਨਾਲ, ਜਿਸ ਦੀਆਂ ਗੁੰਝਲਾਂ ਨਾਲ, ਸੰਕਟਾਂ ਨਾਲ, ਤਣਾਵਾਂ ਨਾਲ ਇਹ ਦੋ-ਚਾਰ ਹੋ ਰਿਹਾ ਹੈ, ਉਨ੍ਹਾਂ ਗੁੰਝਲਾਂ ਨੂੰ ਬੜੀ ਸੂਖਮਤਾ ਨਾਲ ਫੜ ਕੇ ਆਪਣਾ ਕਲਾਤਮਿਕ ਵਿਵੇਕ ਸਿਰਜ ਰਿਹਾ ਹੈ ਤੇ ਉਹ ਤਾਂ ਦਲਿਤ ਸੱਭਿਆਚਾਰ ਹੀ ਹੈ ਤੇ ਮੈਂ ਆਪਣੇ ਪੇਪਰ 'ਚ ਦਲਿਤ ਸੱਭਿਆਚਾਰ ਨੂੰ ਏਥੇ ਪ੍ਰੋਜੈਕਟ ਕੀਤਾ ਹੈ। ਉਸ ਦੇ ਬੇਸ ਉੱਤੇ ਹੀ ਕੁਝ ਫਾਰਮੂਲੇਸ਼ਨ ਨੂੰ ਉਭਾਰਨ ਦਾ ਯਤਨ ਕੀਤਾ ਹੈ। ਸੋ ਦੋਸਤੋ, ਹੈਡਿੰਗ ਤਾਂ ਕੋਈ ਨਾ ਕੋਈ ਦੇਣਾ ਹੀ ਪਵੇਗਾ। ਹੈਡਿੰਗ ਨੂੰ ਮੈਂ ਕਮਜ਼ੋਰੀ ਨਹੀਂ ਸਮਝਦਾ ਤੇ ਨਾ ਹੀ ਚੌਖਟਾ ਮੰਨਦਾ ਹਾਂ ਜਿਹੜਾ ਪੇਪਰ ਦੀ ਸੀਮਾ ਬੰਨ੍ਹਦਾ ਹੈ। ਮੈਂ ਸਮਝਦਾ ਹਾਂ ਕਿ ਜੇ ਟੈਕਸਟ ਦੇ ਬੇਸ ਉੱਤੇ, ਅੰਦਰੂਨੀ ਬੇਸ 'ਤੇ ਕੋਈ ਗੱਲ ਉੱਭਰਦੀ ਹੈ ਜੇ ਤਰਕ ਨਾਲ ਮੇਲ ਖਾ ਕੇ ਤੁਹਾਡਾ ਹੈਡਿੰਗ ਉੱਭਰਦਾ ਹੈ ਤਾਂ ਹੈਡਿੰਗ ਦੀ ਪ੍ਰਾਪਤੀ ਹੁੰਦੀ ਹੈ। ਉਸ ਲੇਖਕ ਦੀ ਪਹਿਚਾਣ ਨੂੰ ਹੈਡਿੰਗ ਪੱਕਾ ਕਰਦੀ ਹੈ। ਦੂਜੀ ਗੱਲ ਪ੍ਰੇਮ ਪ੍ਰਕਾਸ਼ ਨੇ ਕੀਤੀ ਬਈ ਉਹ ਆਪਣੇ ਸਮਕਾਲੀ ਗਰੁੱਪ 'ਚ ਕਿਥੇ ਖੜ੍ਹਾ ਹੈ। ਮੇਰੇ ਖਿਆਲ ਨਾਲ ਗਰੁੱਪ ਦੀ ਧਾਰਨਾ ਗ਼ਲਤ ਹੈ। ਹਾਂ ਇਹ ਕਹਿ ਲਿਆ ਜਾਵੇ ਕਿ ਇਹ ਰਸੂਲਪੁਰੀ ਸਮੁੱਚੀ ਪੰਜਾਬੀ ਕਹਾਣੀ 'ਚ ਕਿੰਨੀ ਕੁ ਪਛਾਣ ਬਣਾ ਰਿਹਾ ਹੈ। ਇਹ ਗੱਲ ਵੱਧ ਅਹਿਮੀਅਤ ਵਾਲੀ ਹੈ। ਪੰਜ ਕਹਾਣੀਕਾਰਾਂ ਦੇ ਗਰੁੱਪ 'ਚ ਉਹਦਾ ਸਥਾਨ ਨਿਰਧਾਰਤ ਨਹੀਂ ਹੋਣਾ ਜਦੋਂ ਸਮੁੱਚੀ ਕਹਾਣੀ 'ਚ ਗੱਲ ਕੀਤੀ ਜਾਣੀ ਹੈ। ਮੈਂ ਤਾਂ ਉਹਦੀ ਇਕ ਕਹਾਣੀਕਾਰ ਵਜੋਂ ਪਛਾਣ ਕਰਦਾ ਹਾਂ ਉਹ ਕਹਾਣੀਕਾਰ ਜਿਹੜਾ ਦਲਿਤ ਸਮਾਜ ਦੀ ਗੱਲ ਕਰਦਾ ਹੈ। ਲੇਕਿਨ ਉਸ ਵਰਗ ਦੀਆਂ ਇੰਟਰਨਲ ਕੰਟਾਡਕਸ਼ਨ ਹਨ ਸਾਰੇ ਵਰਗਾਂ ਨਾਲ ਸੰਬੰਧਿਤ, ਉਸ ਨੂੰ ਪਕੜਨ ਦਾ ਯਤਨ ਕਰ ਰਿਹਾ ਹੈ। ਇਹਦੀ ਪਹਿਚਾਣ ਸਮੁੱਚੀ ਕਹਾਣੀ 'ਚ ਹੀ ਹੋਣੀ ਹੈ। ਅੱਜ ਜਿਸ ਮੁਕਾਮ ਉੱਤੇ ਕਹਾਣੀ ਪਹੁੰਚ ਚੁੱਕੀ ਹੈ ਉਥੋਂ ਜੇ ਕੋਈ ਨਵਾਂ ਕਹਾਣੀਕਾਰ ਗੱਲ ਕਰਦਾ ਹੈ ਤਾਂ ਇਹ ਪ੍ਰਾਪਤੀ ਹੈ। 28-30 ਮੁੰਡੇ ਨਵੇਂ ਕਹਾਣੀਕਾਰ ਹਨ ਉਨ੍ਹਾਂ 'ਚੋਂ 7-8 ਕਹਾਣੀਕਾਰ ਹੀ ਵਧੀਆ ਹਨ, ਜੇ ਰਸੂਲਪੁਰੀ ਉਨ੍ਹਾਂ 'ਚੋਂ ਆਪਣੇ ਕਹਾਣੀਕਾਰ ਵਜੋਂ ਨਕਸ਼ ਉਭਾਰਨ 'ਚ ਸਫਲ ਹੋ ਰਿਹਾ ਹੈ ਤਾਂ ਇਹ ਉਹਦਾ ਸਥਾਨ ਨਿਰਧਾਰਤ ਕਰਨ ਵਾਲਾ ਯਤਨ ਹੀ ਹੈ। ਤੀਜੀ ਗੱਲ ਇਕ ਹੋਰ ਪ੍ਰੇਮ ਪ੍ਰਕਾਸ਼ ਹੁਰਾਂ ਕੀਤੀ ਸੀ ਕਿ 'ਕਸੂਰਵਾਰ' ਕਹਾਣੀ ਦਾ ਪਾਤਰ ਉਤਮ ਪੁਰਖੀ ਪਾਤਰ ਨਹੀਂ ਹੈ। ਉਹ ਔਰਤ ਕਹਾਣੀ ਕਹਿੰਦੀ ਨਹੀਂ ਹੈ ਉਹ ਚਿਤਵਦੀ ਹੈ। ਦਰਅਸਲ ਜਿਵੇਂ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ 'ਚ ਰਹੱਸ ਹੁੰਦਾ ਹੈ ਉਹਦੀਆਂ ਗੱਲਾਂ ਵਿਚ ਵੀ ਰਹੱਸ ਹੁੰਦਾ ਹੈ।..... ਜੇ ਉਹ ਚਤਿਵ ਨਹੀਂ ਰਹੀ ਤਾਂ ਹੋਰ ਕੀ ਕਰ ਰਹੀ ਹੈ, ਬਿਰਤਾਂਤ ਤਾਂ ਤੁਰ ਰਿਹਾ ਹੈ ਉਹਦੇ ਰਾਹੀਂ, ਚਾਹੇ ਉਹ ਪਾਤਰ ਦਾ ਸਟੀਮ ਆਫ ਕੌਂਸ਼ੀਅਸ਼ ਦੇ ਪੱਧਰ 'ਤੇ ਹੈ। ਇਹਦੇ ਬਾਵਜੂਦ ਵੀ ਉਹ ਨਿਰੇਟਰ ਹੈ। ਉਹਦਾ ਘਟਨਾਵੀ ਪ੍ਰਬੰਧ ਹੈ, ਜਿਹਦੇ 'ਚ ਸਥਿਤੀਆਂ ਵੀ ਹਨ, ਸਾਰਾ ਕੁਝ ਪਿਆ ਹੈ। ਕਾਲੀ ਨੇ ਇਕ ਨੁਕਤਾ ਉਠਾਇਆ ਸੀ....'ਖਾਹ ਮਖਾਹ ਦੀ ਜਾਤੀਗਤ ਵੰਡ'। ਮੈਨੂੰ ਰਸੂਲਪੁਰੀ ਦੀਆਂ ਕਹਾਣੀਆਂ ਪੜ੍ਹ ਕੇ ਲੱਗਾ ਹੈ ਕਿ ਉਹ ਆਪਣੀਆਂ ਕਹਾਣੀਆਂ 'ਚ ਸਹਿਜ ਵੀ ਹੈ ਤੇ ਸੰਤੁਲਨ ਵੀ ਹੈ। ਉਹ ਸੰਤੁਲਨ ਕਿਉਂ ਹੈ, ਮਨੁੱਖ ਨੂੰ ਮਨੁੱਖ ਵਜੋਂ ਲੈਣ ਦੇ ਤੌਰ 'ਤੇ ਜੋ ਦੱਬਿਆ ਹੈ ਵਿਅਕਤੀ ਤਾਂ ਉਹਦੇ ਕਾਰਨਾਂ ਨੂੰ ਲੈਣ ਦੀ ਗੱਲ। ਜੇ ਉਹਦੇ ਪਿੱਛੇ ਜਾਤੀਗਤ ਕਾਰਨ ਹਨ ਤਾਂ ਉਨ੍ਹਾਂ ਨੂੰ ਫਰੋਲਿਆ ਹੈ। ਇਹ ਵੱਡੀ ਪ੍ਰਾਪਤੀ ਹੈ ਕਿ ਆਪਣੀ ਗੱਲ ਨੂੰ ਸਿਰਫ ਜਾਤੀ ਪੱਧਰ 'ਤੇ ਲਿਆ ਕੇ ਉਥੇ ਹੀ ਗੱਲ ਨੂੰ ਸੀਮਿਤ ਰੱਖ ਕੇ ਆਪਣੀ ਗੱਲ ਨੂੰ ਸਮੇਟ ਲਿਆ ਜਾਵੇ ਤਾਂ ਮੈਨੂੰ ਲੱਗਦਾ ਹੈ ਕਿ ਰਚਨਾ ਦਾ ਜੋ ਸੰਦਰਭ ਬਣਦਾ ਹੈ ਉਹ ਬਣਨ ਤੋਂ ਰਹਿ ਜਾਂਦਾ ਹੈ। ਉਹ ਉਥੋਂ ਤੱਕ ਹੀ ਨਹੀਂ ਜਾਂਦਾ ਉਥੋਂ ਪਾਰ ਦੀਆਂ ਸੀਮਾਵਾਂ ਤੱਕ ਵੀ ਰਸੂਲਪੁਰੀ ਜਾਂਦਾ ਹੈ। ਜੋ ਕਾਰਨ ਪਾਤਰਾਂ ਦੀ ਮਾਨਸਿਕਤਾ 'ਚ ਪਏ ਹਨ ਉਨ੍ਹਾਂ ਨੂੰ ਫੜਨ ਦਾ ਯਤਨ ਕਰਦਾ ਹੈ। ਇਹ ਵੱਡੀ ਪ੍ਰਾਪਤੀ ਹੈ ਮੇਰੀ ਗੱਲ 'ਚ। ਇਕ ਨੇ ਕਿਹਾ ਕਿ ਰਸੂਲਪੁਰੀ ਨੂੰ ਦਲਿਤ ਕਹਾਣੀਕਾਰ ਕਹਿਣਾ ਠੀਕ



ਨਹੀਂ ਹੈ। ਜੇ ਲੇਖਕ ਜਿਹੜੇ ਪਾਤਰ ਚਿਤਰ ਰਿਹਾ ਹੈ, ਜਿਥੋਂ ਇਹ ਸਮੱਸਿਆਵਾਂ ਆ ਰਹੀਆਂ ਹਨ, ਜਿਹੜੇ ਮਨੁੱਖ ਚਿਤਰ ਰਿਹਾ ਹੈ, ਉਹ ਜਿਸ ਵਰਗ ਨਾਲ ਸੰਬੰਧਿਤ ਹੈ, ਉਹਦੀ ਸਮੁੱਚੀ ਹੋਣੀ, ਉਹਦੇ ਅੰਦਰਲੇ ਸੰਕਟ ਨੂੰ ਪਕੜ ਕੇ ਪੇਸ਼ ਕਰ ਰਿਹਾ ਹੈ ਉਹ ਦਲਿਤ ਸਮਾਜ ਹੀ ਹੈ...ਤੁਸੀਂ ਕੀ ਸਮਝਦੇ ਹੋ ਇਹਨੂੰ ਪ੍ਰਗਤੀਸ਼ੀਲ ਕਹਾਣੀਕਾਰ ਕਹੀਏ? ਤੁਸੀਂ ਇਹਨੂੰ ਪ੍ਰਗਤੀਸ਼ੀਲ ਕਹਾਣੀਕਾਰ ਕਹਿ ਲਓ ਲੇਕਿਨ ਜਿਸ ਸਮਾਜਚਾਰੇ ਦੀ ਇਹ ਗੱਲ ਕਰ ਰਿਹਾ ਹੈ ਉਹ ਤਾਂ ਦਲਿਤ ਸਮਾਜ ਹੀ ਹੈ। ਟੈਕਸਟ ਤੋਂ ਤਾਂ ਅਸੀਂ ਇਨਕਾਰੀ ਨਹੀਂ ਹੋ ਸਕਦੇ।

*ਭਗਵੰਤ ਰਸੂਲਪੁਰੀ* : ਦੋ ਪੇਪਰ ਪੜ੍ਹੇ ਗਏ। ਉਨ੍ਹਾਂ 'ਤੇ ਕਾਫੀ ਬਰੀਕੀ 'ਚ ਜਾ ਕੇ ਗੱਲਾਂ ਕੀਤੀਆਂ ਹਨ। ਦੋਸਤਾਂ ਦਾ ਉਦਮ ਹੈ ਇਹ ਜੋ ਕਿਤਾਬ 'ਤੇ ਬਹਿਸ ਹੋ ਰਹੀ ਹੈ। ਹੋਰ ਵਿਦਵਾਨਾਂ ਨੇ ਮੇਰੀਆਂ ਕਹਾਣੀਆਂ ਦੇ ਸੰਬੰਧ 'ਚ ਨੁਕਤੇ ਉਠਾਏ ਹਨ, ਉਨ੍ਹਾਂ ਦਾ ਵੀ ਸਵਾਗਤ ਕਰਦਾ ਹਾਂ। ਮੇਰੀ ਇੱਛਾ ਸੀ ਕਿ ਕਹਾਣੀਆਂ ਦੀਆਂ ਖਾਮੀਆਂ, ਖੂਬੀਆਂ ਤੇ ਹੋਰ ਲੁਕਵੇਂ ਨੁਕਤਿਆਂ ਬਾਰੇ ਇਥੇ ਗੱਲਾਂ ਹੋਣ ਤਾਂ ਕਿ ਮੈਨੂੰ ਅਹਿਸਾਸ ਹੋ ਸਕੇ ਕਿ ਮੈਂ ਪੰਜਾਬੀ ਕਹਾਣੀ 'ਚ ਕਿੱਥੇ ਕੁ ਖੜ੍ਹਾ ਹਾਂ।.... ਇਸ ਤੋਂ ਇਲਾਵਾ ਗਿਆਨ ਸਿੰਘ ਬੱਲ ਹੁਰਾਂ ਨੇ ਇਕ ਨੁਕਤਾ ਉਠਾਇਆ ਕਿ ਉਹ ਦਲਿਤ ਸਾਹਿਤਕਾਰ ਕਹਾਉਣ ਤੋਂ ਇਨਕਾਰੀ ਹੈ। ਉਨ੍ਹਾਂ ਨੂੰ ਭੁਲੇਖਾ ਲੱਗਾ ਹੈ ਮੈਂ ਇਹ ਗੱਲ ਕਿਤੇ ਵੀ ਨਹੀਂ ਕਹੀ ਕਿ ਮੈਂ ਦਲਿਤ ਕਹਾਣੀਕਾਰ ਨਹੀਂ ਹਾਂ ਅਤੇ ਇਹ ਵੀ ਕਿਤੇ ਨਹੀਂ ਲਿਖਿਆ ਕਿ ਮੈਂ ਦਲਿਤ ਕਹਾਣੀਕਾਰ ਹਾਂ।

... ਦਰਅਸਲ ਇਹ ਰਚਨਾਕਾਰ ਨੇ ਨਹੀਂ ਫੈਸਲਾ ਕਰਨਾ ਹੁੰਦਾ। ਇਹਦਾ ਫੈਸਲਾ ਤਾਂ ਪਾਠਕਾਂ, ਵਿਦਵਾਨਾਂ ਤੇ ਆਲੋਚਕਾਂ ਨੇ ਕਰਨਾ ਹੁੰਦਾ ਹੈ। ਤੇ ਇਸ ਗੱਲ ਨੂੰ ਲੈ ਕੇ ਡਾ. ਥਿੰਦ ਹੁਰਾਂ ਨੇ ਹੋਰ ਵਿਸਥਾਰ ਦੇ ਦਿੱਤਾ। ਮੈਂ ਤਾਂ ਇਹੋ ਹੀ ਸਪੱਸ਼ਟੀਕਰਨ ਦੇਣਾ ਚਾਹੁੰਦਾ ਸੀ।

*ਅਤਰਜੀਤ* : ਮੈਂ ਆਪਣੀ ਗੱਲ ਦਲਿਤ ਚੇਤਨਾ ਤੋਂ ਸ਼ੁਰੂ ਕਰਾਂਗਾ। ਮੈਂ ਇਹ ਕਹਿੰਦਾ ਹਾਂ ਕਿ ਸ਼ਬਦ ਦਲਿਤ ਨੂੰ ਜਾਤੀ ਨਾਲ ਨਾ ਜੋੜਿਆ ਜਾਵੇ। ਇਸ ਗੱਲ ਤੋਂ ਔਖ ਹੁੰਦੀ ਹੈ ਜਦੋਂ ਦਲਿਤ ਸ਼ਬਦ ਨੂੰ ਪੀੜਤ ਲੋਕਾਂ ਦੀ ਗੱਲ ਕਰਨ ਦੀ ਬਜਾਏ ਜਾਤ ਨਾਲ ਜੋੜ ਦਿੰਦੇ ਹਾਂ। ਇਕ ਵਿਦਵਾਨ ਨੇ ਕਿਹਾ ਕਿ ਅਸੀਂ ਕਿਤੇ ਬ੍ਰਾਹਮਣਵਾਦ ਦੀ ਗੱਲ ਕਰਦਿਆਂ-ਕਰਦਿਆਂ ਜਾਤਪਾਤ ਦੀ ਗੱਲ ਕਰਦਿਆਂ-ਕਰਦਿਆਂ ਇਕ ਨਵ-ਬ੍ਰਾਹਮਣਵਾਦ ਨਾ ਸਿਰਜ ਲਈਏ। ਇਸ ਗੱਲ ਤੋਂ ਸੁਚੇਤ ਰਹਿਣ ਦੀ ਲੋੜ ਹੈ। ਪੀੜਤ ਲੋਕਾਂ ਦੀ ਗੱਲ ਕਰਨੀ ਬਣਦੀ ਹੈ। ਤੁਸੀਂ ਪ੍ਰਗਤੀਵਾਦ ਤੋਂ ਐਨਾ ਤ੍ਰਹਦੇ ਕਿਉਂ ਹੋ। ਇਹ ਕਿੱਡਾ ਕੁ ਹਊਆ ਲੱਗ ਰਿਹਾ ਹੈ। ਦਲਿਤਵਾਦ ਤੇ ਪ੍ਰਗਤੀਵਾਦ ਨੂੰ ਅੱਡ-ਅੱਡ ਨਿਖੇੜ ਕੇ ਕਿਉਂ ਗੱਲ ਕਰ ਰਹੇ ਹੋ। ਮੈਂ ਸਮਝਦਾ ਹਾਂ ਕਿ ਪ੍ਰਗਤੀਵਾਦੀ ਅਸਲ 'ਚ ਹੈ ਹੀ ਦਲਿਤ ਲੋਕਾਂ ਦੀ ਗੱਲ ਕਰਨ ਵਾਲੇ।.... ਰਸੂਲਪੁਰੀ ਦੀਆਂ ਕਹਾਣੀਆਂ ਉੱਤੇ ਇਹ ਗੱਲ ਹੋਈ ਹੈ। ਮੈਂ ਉਸ ਨੂੰ ਇਹ ਗੱਲ ਜ਼ਰੂਰ ਕਹਾਂਗਾ ਕਿ ਚਰਚਾ ਤਾਂ ਕਹਾਣੀਆਂ ਬਾਰੇ ਬਹੁਤ ਹੋਈ ਹੈ। ਜਿਹੜਾ ਮੈਨੂੰ ਦੁੱਖ ਹੋ ਰਿਹਾ ਉਹ ਇਹ ਹੋ ਰਿਹਾ ਹੈ ਕਿ ਮੈਨੂੰ ਉਹ ਜੋ ਸੋ ਕਾਲਡ ਸਥਾਪਤ ਲੇਖਕ ਹਨ, ਉਹ ਇਸ ਚਰਚਾ 'ਚ ਨਜ਼ਰ ਨਹੀਂ ਆ ਰਹੇ। ਉਨ੍ਹਾਂ ਦੀ ਗੈਰ-ਹਾਜ਼ਰੀ ਮੈਨੂੰ ਨਵੇਂ ਮੁੰਡਿਆਂ ਨਾਲ ਇਕ ਸਾਜ਼ਿਸ਼ ਲੱਗ ਰਹੀ ਹੈ। ਜੇ ਮੈਂ ਰਸੂਲਪੁਰੀ ਦੀਆਂ ਕਹਾਣੀਆਂ ਬਾਰੇ ਗੱਲ ਕਰਾਂ ਤਾਂ ਉਤਮ ਪੁਰਖੀ ਸ਼ੈਲੀ 'ਚ ਜਦੋਂ ਕਹਾਣੀਆਂ ਲਿਖੀਆਂ ਜਾਂਦੀਆਂ ਹਨ ਤਾਂ ਗੱਲ ਕਹਿਣੀ ਸੌਖੀ ਹੋ ਜਾਂਦੀ ਹੈ। ਇਸ ਨਾਲ ਆਪਣੀ ਦਖਲ-ਅੰਦਾਜ਼ੀ ਵਧ ਜਾਂਦੀ ਹੈ, ਉਹ ਪਾਤਰ ਨਾਲ ਆਪਣਾ ਸੰਵਾਦ ਰਚਾ ਲੈਂਦਾ ਹੈ। ਉਤਮ ਪੁਰਖੀ ਕਹਾਣੀਆਂ ਕਲਾਤਮਿਕ ਪੱਖੋਂ ਬੜੀਆਂ ਖੂਬਸੂਰਤ ਕਹਾਣੀਆਂ ਹਨ। ਇਸ ਕਿਤਾਬ 'ਚ ਕੁਝ ਅੰਤਰੀਵੀ ਭਾਵਾਂ ਦੀਆਂ ਕਹਾਣੀਆਂ, ਕੁਝ ਸਮਾਜਿਕ, ਆਰਥਿਕ ਸੰਦਰਭ ਵਾਲੀਆਂ ਕਹਾਣੀਆਂ ਹਨ। ਜਿਵੇਂ 'ਕੀੜਾ', 'ਸ਼ੈਤਾਨ', 'ਕਸੂਰਵਾਰ' ਕਹਾਣੀਆਂ ਹਨ। ਇਹ ਜੋ ਕਹਾਣੀਆਂ ਹਨ ਇਹ ਵਧਰੇ ਅੰਤਰੀਵੀ ਮਨ ਦੀਆਂ ਕਹਾਣੀਆਂ ਬਣਦੀਆਂ ਹਨ ਲੇਕਿਨ ਜੋ ਕਾਮੁਕ ਪੱਖ ਇਨ੍ਹਾਂ ਕਹਾਣੀਆਂ 'ਚ ਲਿਆ ਗਿਆ....'ਕਸੂਰਵਾਰ' 'ਚ ਵੀ ਇਹ ਹੈ ਫਿਰ ਵੀ ਉਸ ਔਰਤ ਪਾਤਰ ਦੀ ਮਜਬੂਰੀ ਹੀ ਬਣਦੀ ਹੈ ਜਿਹੜੀ ਉਹਨੂੰ ਕਾਮੁਕ ਪ੍ਰਵਿਰਤੀ ਵੱਲ ਨੂੰ ਲੈ ਜਾਂਦੀ ਹੈ। ਕੁੱਤੀ ਨੂੰ ਮਾਰਨਾ ਮੈਨੂੰ ਗੈਰ-ਕੁਦਰਤੀ ਲੱਗਦਾ ਹੈ ਕਿਉਂਕਿ ਕੁੱਤੀ-ਕੁੱਤੇ ਦਾ ਆਪਸੀ ਕੋਈ ਗੈਰ-ਕੁਦਰਤੀ ਵਰਤਾਰਾ ਨਹੀਂ। 'ਵਿੱਥਾਂ ਦੇ ਆਰ-ਪਾਰ', 'ਪਿੰਜਰ', 'ਕਾਫਰ' ਤਿੰਨ ਕਹਾਣੀਆਂ ਮੈਨੂੰ ਬਹੁਤ ਖੂਬਸੂਰਤ ਲੱਗੀਆਂ ਹਨ। ਇਨ੍ਹਾਂ 'ਚ ਇਹ ਗੱਲ ਮੈਨੂੰ ਨਿਵੇਕਲੀ ਅਤੇ ਖੂਬਸੂਰਤ ਲੱਗੀ ਹੈ ਕਿ ਇਨ੍ਹਾਂ ਕਹਾਣੀਆਂ 'ਚ ਆਪਣੇ ਭਰਾ ਇਕ ਸ਼੍ਰੇਣੀ ਦੇ ਹੀ ਨਹੀਂ, ਆਪਣੇ ਖ਼ੂਨ ਦੇ ਰਿਸ਼ਤੇ ਵਾਲੇ ਹੀ ਇਕ ਦੂਜੇ ਦਾ ਸ਼ੋਸ਼ਣ ਕਰਦੇ ਹਨ ਇਹ ਗੱਲ ਰਸੂਲਪੁਰੀ ਨੇ ਬੜੀ ਖੂਬਸੂਰਤ ਕਹੀ ਹੈ। ਮੈਨੂੰ ਰਸੂਲਪੁਰੀ ਉੱਤੇ ਮਾਣ ਹੈ ਕਿ ਉਸ ਨੇ ਛੋਟੀ ਉਮਰ 'ਚ ਹੀ ਉੱਚ ਪਾਏ ਦੀਆਂ ਕਹਾਣੀਆਂ ਲਿਖੀਆਂ ਹਨ।

**ਸਕਰਿਪਟ ਸਰੋਜ ਬਾਲੂ**

## ਤੁਹਾਡੇ ਲਈ ਜਰੂਰੀ ਸੂਚਨਾ

1. ਨਿਰੋਲ ਗਲਪ ਨੂੰ ਸਮਰਪਤ 'ਸੁਰ ਸਾਂਝ' ਗਲਪ 'ਤੇ ਕੇਂਦਰਤ ਮਾਸਿਕ ਮੈਗਜ਼ੀਨ ਹੈ। ਇਸ ਵਿਚ ਕਹਾਣੀ, ਨਾਵਲ, ਸਵੈ ਜੀਵਨੀ ਦੇ ਕਾਂਡ ਨਾਵਲ ਦੇ ਕਾਂਡ, ਰੇਖਾ ਚਿੱਤਰ, ਆਦਿ ਨੂੰ ਹੀ ਪ੍ਰਕਾਸ਼ਤ ਕੀਤਾ ਜਾਇਆ ਕਰੇਗਾ।

2. ਪਰਚੇ ਵਿੱਚ ਅਸੀਂ ਕਹਾਣੀਕਾਰਾਂ, ਨਾਵਲਕਾਰਾਂ ਤੇ ਗਲਪ ਦੇ ਆਲੋਚਕਾਂ ਦੀਆਂ ਮੁਲਾਕਾਤਾਂ ਨੂੰ ਵੀ ਪ੍ਰਕਾਸ਼ਤ ਕਰਿਆ ਕਰਾਗੇ। ਦੂਜੀਆਂ ਭਾਸ਼ਾਵਾਂ ਦੀਆਂ ਮੁਲਾਕਾਤਾਂ ਦੇ ਅਨੁਵਾਦ ਵੀ ਪ੍ਰਕਾਸ਼ਤ ਕੀਤੇ ਜਾਣਗੇ।

3. ਪਰਚੇ ਵਿੱਚ ਕੇਵਲ ਕਹਾਣੀ, ਨਾਵਲ, ਸਵੈ-ਜੀਵਨੀ, ਰੇਖਾ ਚਿੱਤਰ, ਕਹਾਣੀ-ਨਾਵਲ 'ਤੇ ਆਲੋਚਨਾ ਦੀਆਂ ਪੁਸਤਕਾਂ ਦੇ ਪੁਸਤਕ ਰੀਵੀਊ ਅਤੇ ਸਮੀਖਿਆ ਨਿਬੰਧ ਹੀ ਪ੍ਰਕਾਸ਼ਤ ਕੀਤੇ ਜਾਣਗੇ।

4. ਪੁਸਤਕ ਦੇ ਰੀਵੀਊ ਲਈ ਹਰ ਕਿਤਾਬ ਦੀਆਂ 2 ਕਾਪੀਆਂ ਦਾ ਭੇਜਣਾ ਜਰੂਰੀ ਹੈ। ਪੁਸਤਕਾਂ ਕੇਵਲ ਕਹਾਣੀ+ਨਾਵਲ+ਗਲਪ ਆਲੋਚਨਾ ਦੀਆਂ ਹੀ ਭੇਜੀਆਂ ਜਾਣ

5. ਪਰਚੇ ਵਿੱਚ ਅਸੀਂ ਪੰਜਾਬੀ ਕਹਾਣੀ ਦੇ ਨਾਲ ਨਾਲ ਭਾਰਤੀ ਭਾਸ਼ਾਵਾਂ ਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਕਹਾਣੀਆਂ ਤੇ ਨਾਵਲ ਵੀ ਪ੍ਰਕਾਸ਼ਤ ਕਰਿਆ ਕਰਾਗੇ।

6. ਪਰਚੇ ਵਿੱਚ ਕਦੇ ਕਦੇ ਇਕ ਪੂਰਾ ਨਾਵਲ ਜਾਂ ਸਵੈ-ਜੀਵਨੀ ਵੀ ਪ੍ਰਕਾਸ਼ਤ ਕਰਿਆ ਕਰਾਗੇ। ਇਹ ਅਨੁਵਾਦ ਵੀ ਹੋ ਸਕਦੇ ਹਨ।

7. ਪਰਚੇ ਵਿੱਚ ਕੇਵਲ ਕਹਾਣੀ, ਨਾਵਲ, ਸਵੈ-ਜੀਵਨੀ ਅਤੇ ਗਲਪ ਸਮੀਖਿਆ ਦੀਆਂ ਕਿਤਾਬਾਂ ਦੇ ਇਸ਼ਤਿਹਾਰ ਹੀ ਪ੍ਰਕਾਸ਼ਤ ਕੀਤੇ ਜਾਣਗੇ। ਇਨ੍ਹਾਂ ਦਾ ਰੇਟ ਇਸ ਤਰ੍ਹਾਂ ਹੋਵੇਰਾ- ਪੂਰਾ ਪੰਨਾ 1000 ਰੁਪਏ, ਅੱਧਾ ਪੰਨਾ 500 ਰੁਪਏ, ਤੀਜਾ ਹਿੱਸਾ 250 ਰੁਪਏ। ਟਾਇਟਲ ਬੈਕ ਪੰਨਾ 3000 ਰੁਪਏ, ਟਾਇਟਲ ਅੰਦਰਲਾ ਪੰਨਾ 2000 ਰੁਪਏ।

8. ਅਸੀਂ ਕਹਾਣੀ ਨਾਵਲ ਤੇ ਹੋਈਆਂ ਗੋਸ਼ਟੀਆਂ ਦੀ ਪੂਰੀ ਸਕਰਿਪਟ ਪੇਪਰਾ ਸਮੇਤ ਵੀ ਪ੍ਰਕਾਸ਼ਤ ਕਰਿਆ ਕਰਾਗੇ। ਇਹਦੇ ਨਾਲ ਹੀ ਗਲਪ ਸੰਬੰਧੀ ਸਮਾਗਮਾਂ ਦੀ ਕਵਰੇਜ ਵੀ ਸਾਹਿਤਕ ਸਰਗਰਮੀਆਂ ਕਾਲਮ ਅਧੀਨ ਪ੍ਰਕਾਸ਼ਤ ਕਰਿਆ ਕਰਾਗੇ। ਲੇਖਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਹੈ।

-ਸੰਪਾਦਕ